Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA

REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR
Gurjatinder S. Randhawa
REALTOR CA DRE licence # 01490567
916-320-9444

Vol. 17, Issue- 758, 13 to 19 July, 2023, Ph: 916-320-9444, E-mail: punjabmailusa@yahoo.com, Web: punjabmailusa.com

# ਪੰਜਾਬ ’ਚ ਹੜ੍ਹਾਂ ਦਾ ਸਥਿਤੀ ਹੋ ਸਕਦੀ ਹੈ ਗੰਭੀਰ

- ਭਾਖੜਾ ਡੈਮ ਤੋਂ ਛੱਡਿਆ ਜਾ ਰਿਹੈ ਪਾਣੀ
- ਪਾਣੀ ਛੱਡੇ ਜਾਣ ਕਾਰਨ ਸਤਲੁਜ ਦਰਿਆ ਦੇ ਪਾਣੀ ਦਾ ਪੱਧਰ ਹੋਰ, ਵਧਣ ਦੀ ਸੰਭਾਵਨਾ, ਡੈਮ ਪ੍ਰਬੰਧਨ ਵੱਲੋਂ ਅਲਰਟ ਜਾਰੀ
- ਮੌਸਮ ਵਿਗਿਆਨੀਆਂ ਵੱਲੋਂ 13-14 ਜੁਲਾਈ ਨੂੰ ਮੀਂਹ ਦੀ ਪੇਸ਼ੀਨਗੋਈ
- ਘੱਗਰ ਅਤੇ ਸਤਲੁਜ ਦਰਿਆਵਾਂ ’ਚ ਪਾਣੀ ਦਾ ਪੱਧਰ ਵਧਣ ਕਾਰਨ, ਹਾਲਾਤ ਹੋਏ ਬੇਕਾਬੂ, ਮੌਸਮ ਵਿਭਾਗ ਵੱਲੋਂ 9 ਜ਼ਿਲ੍ਹਿਆਂ ’ਚ ਰੈੱਡ ਅਲਰਟ


ਫ਼ੌਜ ਦੇ ਜਵਾਨ ਪਟਿਆਲਾ ਦੀ ਰਾਮ ਗੋਪਾਲ ਕਲੋਨੀ ’ਚੋਂ ਲੋਕਾਂ ਨੂੰ ਬਾਹਰ ਕੱਢਦੇ ਹੋਏ।

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ’ਚ ਮੀਂਹ ਕਾਰਨ ਵਿਗੜੇ ਹਾਲਾਤਾਂ ਦਰਮਿਆਨ ਸੂਬੇ ਦੇ ਲੋਕਾਂ ਨੂੰ ਹਾਲੇ ਗੰਭੀਰ ਸਥਿਤੀ ਦਾ ਹੋਰ ਸਾਹਮਣਾ ਕਰਨਾ ਪੈ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਭਾਖੜਾ ਡੈਮ ਤੋਂ ਅਜੇ ਹੋਰ ਪਾਣੀ ਛੱਡਿਆ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਸੂਬੇ ’ਚ ਹੜ੍ਹਾਂ ਦੀ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ। ਨੰਗਲ ਡੈਮ ਮੈਨੇਜਮੈਂਟ ਨੇ 35000 ਕਿਊਸਿਕ ਪਾਣੀ ਛੱਡਣ ਦੀ ਯੋਜਨਾ ਬਣਾਈ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ’ਚ ਪੰਜਾਬ ਦੇ ਕਈ ਹੋਰ ਇਲਾਕੇ ਵੀ ਹੜ੍ਹਾਂ ਦੀ ਮਾਰ ਹੇਠ ਆ ਸਕਦੇ ਹਨ। ਦਰਅਸਲ, ਨੰਗਲ ਭਾਖੜਾ ਡੈਮ ਤੋਂ ਪਾਣੀ ਛੱਡੇ ਜਾਣ ਕਾਰਨ ਸਤਲੁਜ ਦਰਿਆ ਦੇ ਪਾਣੀ ਦਾ ਪੱਧਰ ਹੋਰ ਵਧਣ ਦੀ ਸੰਭਾਵਨਾ ਹੈ, ਜਿਸ ਦੇ ਚੱਲਦਿਆਂ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ।

ਡੈਮ ਪ੍ਰਬੰਧਨ ਨੇ ਅਲਰਟ ਜਾਰੀ ਕੀਤਾ ਹੈ ਕਿ ਇਹ ਪਾਣੀ 13 ਜੁਲਾਈ ਨੂੰ ਸਵੇਰੇ 10 ਵਜੇ ਛੱਡਿਆ ਜਾਵੇਗਾ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਛੱਡੇ ਗਏ ਪਾਣੀ ਦੌਰਾਨ ਕਈ ਜ਼ਿਲ੍ਹਿਆਂ ’ਚ ਪਾਣੀ ਭਰਨ ਦੀ ਸਥਿਤੀ ਪੈਦਾ ਹੋ ਗਈ ਹੈ ਅਤੇ ਲੋਕ ਸੜਕਾਂ ’ਤੇ ਰਹਿਣ ਲਈ ਮਜਬੂਰ ਹਨ। ਦੂਜੇ ਪਾਸੇ ਇਸ ਸਭ ਦੇ ਵਿਚਾਲੇ ਜੇਕਰ ਭਾਖੜਾ ਡੈਮ ਤੋਂ ਹੋਰ ਪਾਣੀ ਛੱਡਿਆ ਜਾਂਦਾ ਹੈ, ਤਾਂ ਸੂਬੇ ਦੀ ਹਾਲਤ ਬਦ ਤੋਂ ਬਦਤਰ ਹੋ ਸਕਦੀ ਹੈ।


ਭਾਖੜਾ ਡੈਮ ਤੋਂ ਛੱਡਿਆ ਜਾ ਰਿਹਾ ਪਾਣੀ।

ਪੰਜਾਬ ’ਚ ਮੀਂਹ ਕਾਰਨ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ। ਘੱਗਰ ਅਤੇ ਸਤਲੁਜ ਦਰਿਆਵਾਂ ਤੋਂ ਇਲਾਵਾ ਸਰਹਿੰਦ ਨਹਿਰ ’ਚ ਪਾਣੀ ਦਾ ਪੱਧਰ ਇਕਦਮ ਵਧਣ ਕਾਰਨ ਕਈ ਜ਼ਿਲ੍ਹਿਆਂ ਵਿਚ ਹਾਲਾਤ ਬੇਕਾਬੂ ਹੋ ਗਏ ਹਨ।

ਗੁਰੂ ਘਰਾਂ ਵਿਚੋਂ ਲੋਕਾਂ ਨੂੰ ਚੌਕਸ ਕਰਨ ਲਈ ਅਨਾਊਂਸਮੈਂਟਾਂ ਹੋ ਰਹੀਆਂ ਹਨ। ਘੱਗਰ ਨੇੜੇ ਨੀਵੇਂ ਥਾਂ ਉਤੇ ਬੈਠੇ ਲੋਕਾਂ ਨੂੰ ਦੂਰ ਜਾਣ ਲਈ ਆਖਿਆ ਜਾ ਰਿਹਾ ਹੈ। ਬੀਤੇ ਦਿਨ ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ ਅਤੇ

■ ਬਾਕੀ ਖਬਰ ਅਤੇ ਫੋਟੋਆਂ ਸਫਾ 5 ਅਤੇ 6 ’ਤੇ

## ਨਿਊਯਾਰਕ ’ਚ ਭਾਰੀ ਮੀਂਹ ਕਾਰਨ ਆਇਆ ਹੜ੍ਹ, ਇਕ ਵਿਅਕਤੀ ਦੀ ਮੌਤ

**ਹਡਸਨ ਵੈਲੀ, (ਪੰਜਾਬ ਮੇਲ)**- ਅਮਰੀਕਾ ਦੀ ਵਿੱਤੀ ਰਾਜਧਾਨੀ ਨਿਊਯਾਰਕ ਵਿਚ ਭਾਰੀ ਮੀਂਹ ਕਾਰਨ ਜਨਜੀਵਨ ਪ੍ਰਭਾਵਿਤ ਹੋਇਆ ਹੈ। ਭਾਰੀ ਮੀਂਹ ਕਾਰਨ ਡਾਊਨਟਾਊਨ ਹਡਸਨ ਵੈਲੀ ਵਿਚ ਭਿਆਨਕ ਹੜ੍ਹ ਆ ਗਿਆ, ਜਿਸ ਨਾਲ ਘੱਟੋ-ਘੱਟ ਇੱਕ ਵਿਅਕਤੀ ਦੀ ਮੌਤ ਹੋ ਗਈ। ਮੀਂਹ ਕਾਰਨ ਸੜਕਾਂ ’ਤੇ ਪਾਣੀ ਭਰ ਗਿਆ, ਜਿਸ ਕਾਰਨ ਆਵਾਜਾਈ ਨੂੰ ਬੰਦ ਕਰਨਾ ਪਿਆ।

ਰਾਸ਼ਟਰੀ ਮੌਸਮ ਸੇਵਾ ਨੇ ਦੱਖਣ-ਪੂਰਬੀ ਨਿਊਯਾਰਕ ਦੇ ਕੁਝ ਹਿੱਸਿਆਂ ਲਈ ਫਲੈਸ਼ ਹੜ੍ਹ ਦੀ ਚੇਤਾਵਨੀ ਜਾਰੀ ਕੀਤੀ ਹੈ, ਇਸ ਨੂੰ “ਜਾਨ ਲਈ ਖ਼ਤਰਾ ਵਾਲੀ ਐਮਰਜੈਂਸੀ” ਕਿਹਾ ਹੈ। ਔਰੇਂਜ ਕਾਊਂਟੀ ਦੇ ਕਾਰਜਕਾਰੀ ਸਟੀਵਨ ਐੱਮ. ਨਿਊਹਾਊਸ ਨੇ ਦੱਸਿਆ ਕਿ ਹੜ੍ਹ ਦੇ ਨਤੀਜੇ ਵਜੋਂ ਇੱਕ ਵਿਅਕਤੀ ਦੀ ਮੌਤ ਹੋ ਗਈ। ਉੱਧਰ ਗਵਰਨਰ ਕੇਥੀ ਹੋਚੁਲ ਨੇ ਕਿਹਾ ਕਿ ਮੈਂ ਔਰੇਂਜ ਕਾਊਂਟੀ ਲਈ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ, ਜਿਸ ਵਿਚ ਪਿਛਲੇ ਕੁਝ ਘੰਟਿਆਂ ਦੌਰਾਨ ਜਾਨਲੇਵਾ ਹੜ੍ਹ ਆਇਆ ਹੈ।


ਨਿਊਯਾਰਕ ’ਚ ਆਏ ਹੜ੍ਹ ਦੀਆਂ ਵੱਖ-ਵੱਖ ਤਸਵੀਰਾਂ।



■ ਬਾਕੀ ਖਬਰ ਸਫਾ 15 ’ਤੇ

## ਹੁਣ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨਾ ਹੋਵੇਗਾ ਹੋਰ ਵੀ ਔਖਾ!

- ਸਰਕਾਰ ਕਰਨ ਜਾ ਰਹੀ ਪ੍ਰੀਖਿਆ ’ਚ ਦੋ ਵੱਡੇ ਬਦਲਾਅ
- ਅੰਗਰੇਜ਼ੀ ਦਾ ਜ਼ਿਆਦਾ ਗਿਆਨ ਨਾ ਰੱਖਣ ਵਾਲੇ ਪ੍ਰਵਾਸੀਆਂ ’ਚ ਵਧੀ ਚਿੰਤਾ

**ਵਾਸ਼ਿੰਗਟਨ, (ਪੰਜਾਬ ਮੇਲ)**- ਹੁਣ ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸਿਜ਼ ਦੁਬਾਰਾ ਟੈਸਟ ਨੂੰ ਅਪਡੇਟ ਕਰਨ ਦੀ ਯੋਜਨਾ ਬਣਾ ਰਹੀ ਹੈ ਤੇ ਇਸ ਦੇ ਨਵੇਂ ਵਰਜ਼ਨ ਦੇ ਨਾਲ ਅਗਲੇ ਸਾਲ ਰਿਲੀਜ਼ ਹੋਣ ਦੀ ਉਮੀਦ ਹੈ। ਨਾਗਰਿਕਤਾ ਪ੍ਰਾਪਤ ਕਰਨ ਤੋਂ ਪਹਿਲਾਂ ਆਖਰੀ ਪੜਾਅ ਵਿਚ, ਬਿਨੈਕਾਰ ਜੋ ਸਾਲਾਂ ਤੋਂ ਅਮਰੀਕਾ ਵਿਚ ਕਾਨੂੰਨੀ ਤੌਰ ’ਤੇ ਰਹਿ ਰਿਹਾ ਹੈ, ਨੂੰ ਟੈਸਟ ਦੇਣਾ ਪੈਂਦਾ ਹੈ, ਜਿਸ ਦੀ ਪ੍ਰਕਿਰਿਆ ਲਗਭਗ ਇੱਕ ਮਹੀਨੇ ਤੱਕ ਚੱਲਦੀ ਹੈ। ਇਸ ਨੂੰ ਨੈਚੁਰਲਾਈਜ਼ੇਸ਼ਨ ਟੈਸਟ ਕਿਹਾ ਜਾਂਦਾ ਹੈ। ਇਸ ’ਚ 2 ਬਦਲਾਅ ਪ੍ਰਸਤਾਵਿਤ ਹਨ।

### ਇਸ ਨੈਚੁਰਲਾਈਜ਼ੇਸ਼ਨ ਟੈਸਟ ’ਚ 2 ਬਦਲਾਅ ਪ੍ਰਸਤਾਵਿਤ ਹਨ

» ਅੰਗਰੇਜ਼ੀ ਵਿਚ ਤੁਹਾਡੀ ਮੁਹਾਰਤ ਦੀ ਜਾਂਚ ਕਰਨ ਲਈ ਇੱਕ ਅੰਗਰੇਜ਼ੀ ਬੋਲਣ ਦਾ ਸੈਸ਼ਨ ਜੋੜਿਆ ਗਿਆ ਹੈ। ਇਸ ਤਹਿਤ ਬਿਨੈਕਾਰ ਨੂੰ ਆਮ ਮੌਸਮ ਜਾਂ ਕਿਸੇ ਵੀ ਭੋਜਨ ਆਦਿ ਦੀ ਤਸਵੀਰ ਦਿਖਾਈ ਜਾਵੇਗੀ ਅਤੇ ਉਸ ਨੂੰ ਇਸ ਬਾਰੇ ਅੰਗਰੇਜ਼ੀ ਵਿਚ ਕੁਝ ਵੀ ਕਹਿਣ ਲਈ ਕਿਹਾ ਜਾਵੇਗਾ। ਜਦੋਂਕਿ ਮੌਜੂਦਾ ਨੈਚੁਰਲਾਈਜ਼ੇਸ਼ਨ ਇੰਟਰਵਿਊ ਵਿਚ ਉਨ੍ਹਾਂ ਰਜਿਸਟਰਡ ਲੋਕਾਂ ਬਾਰੇ ਸਵਾਲ ਪੁੱਛੇ ਜਾਂਦੇ ਸਨ, ਜਿਨ੍ਹਾਂ ਨੂੰ ਬਿਨੈਕਾਰ ਜਾਣਦਾ ਸੀ।

» ਟੈਸਟ ਲਈ ਦੂਜੀ ਪ੍ਰਸਤਾਵਿਤ ਤਬਦੀਲੀ ਅਮਰੀਕੀ ਇਤਿਹਾਸ ਅਤੇ ਸ਼ਾਸਨ ਦੇ ਗਿਆਨ ਨੂੰ ਸ਼ਾਮਲ ਕਰਨ ਵਾਲੇ ਨਾਗਰਿਕ ਸ਼ਾਸਤਰ ਦੇ ਭਾਗ ਵਿਚ ਹੈ। ਵਰਤਮਾਨ ਵਿਚ, ਮਲਟੀਪਲ ਚੁਆਇਸ ਟਾਈਪ ਸਵਾਲਾਂ ਵਾਲੀ ਇਹ ਪ੍ਰੀਖਿਆ ਮੌਖਿਕ ਹੈ ਅਤੇ ਇਸ ਵਿਚ ਬਿਨੈਕਾਰ ਨੂੰ ਇੱਕ ਸਵਾਲ ਦੇ ਜਵਾਬ ਵਿਚ ਕਈ ਵਿਕਲਪ ਦਿੱਤੇ ਜਾਂਦੇ ਸਨ, ਜਿਨ੍ਹਾਂ ਵਿਚੋਂ ਉਸ ਨੂੰ ਇੱਕ ਦੀ ਚੋਣ ਕਰਨੀ ਪੈਂਦੀ ਸੀ। ਪਰ ਹੁਣ ਇਹ ਮਲਟੀਪਲ ਚੁਆਇਸ ਟਾਈਪ ਸਵਾਲ ਤੇ ਜਵਾਬ ਜ਼ੁਬਾਨੀ ਨਹੀਂ, ਸਗੋਂ ਲਿਖਤੀ ਹੋਣਗੇ।

ਅਮਰੀਕੀ ਨਾਗਰਿਕਤਾ ਟੈਸਟ ’ਚ ਤਬਦੀਲੀਆਂ ਹੋਣ ਵਾਲੀਆਂ ਹਨ। ਅਮਰੀਕੀ ਨਾਗਰਿਕਤਾ ਟੈਸਟ ਵਿਚ ਆਉਣ ਵਾਲੀਆਂ ਇਨ੍ਹਾਂ ਤਬਦੀਲੀਆਂ ਬਾਰੇ ਕਈ ਲੋਕਾਂ ਨੇ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਹਨ, ਕਿਉਂਕਿ ਪ੍ਰਵਾਸੀਆਂ ਅਤੇ ਵਕੀਲਾਂ ਨੂੰ ਡਰ ਹੈ ਕਿ ਉਹ ਲੋਕ ਜਿਨ੍ਹਾਂ ਨੂੰ ਅੰਗਰੇਜ਼ੀ ਦਾ ਜ਼ਿਆਦਾ ਗਿਆਨ ਨਹੀਂ ਹੈ, ਉਨ੍ਹਾਂ ਉੱਤੇ ਇਸ ਦਾ ਨਕਾਰਾਤਮਕ ਪ੍ਰਭਾਵ ਪਾਵੇਗਾ। ਨੈਚੁਰਲਾਈਜ਼ੇਸ਼ਨ ਟੈਸਟ, ਜੋ ਕਿ ਨਾਗਰਿਕਤਾ ਪ੍ਰਾਪਤ ਕਰਨ ਦੀ ਦਿਸ਼ਾ ਵਿਚ ਇੱਕ ਮਹੱਤਵਪੂਰਨ ਕਦਮ ਹੈ, ਵਿਚ ਹਾਲ ਹੀ ਦੇ ਸਾਲਾਂ ਵਿਚ ਸੋਧਾਂ ਹੋਈਆਂ ਹਨ।

■ ਬਾਕੀ ਖਬਰ ਸਫਾ 15 ’ਤੇ

## ਵਾਸ਼ਿੰਗਟਨ ਡੀ.ਸੀ. ਦੇ ਵਿਦਿਆਰਥੀ ਹੁਣ ਪੜ੍ਹਨਗੇ ਸਿੱਖ ਧਰਮ

- 49 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੂੰ ਭਾਈਚਾਰੇ ਨੂੰ ਜਾਣਨ ਦਾ ਮਿਲਿਆ ਮੌਕਾ

**ਵਾਸ਼ਿੰਗਟਨ, (ਪੰਜਾਬ ਮੇਲ)**- ਵਾਸ਼ਿੰਗਟਨ ਡੀ.ਸੀ. ਦੇ ਸਕੂਲਾਂ ’ਚ ਵਿਦਿਆਰਥੀਆਂ ਨੂੰ ਹੁਣ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਮਿਲੇਗਾ। ਡਿਸਟ੍ਰਿਕਟ ਆਫ ਕੋਲੰਬੀਆ ਸਟੇਟ ਬੋਰਡ ਆਫ ਐਜੂਕੇਸ਼ਨ ਨੇ ਨਵੇਂ ਸਮਾਜਿਕ ਅਧਿਐਨ ਨਿਯਮਾਂ ਦੇ ਹੱਕ ’ਚ ਮਤਦਾਨ ਕੀਤਾ ਹੈ, ਜਿਸ ਤੋਂ ਬਾਅਦ ਸਿੱਖ ਧਰਮ ਨੂੰ ਸਕੂਲੀ ਸਿਲੇਬਸ ’ਚ ਸ਼ਾਮਲ ਕੀਤਾ ਗਿਆ। ਅਮਰੀਕਾ ਦੇ 17 ਸੂਬਿਆਂ ’ਚ ਪਹਿਲਾਂ ਤੋਂ ਹੀ ਸਕੂਲਾਂ ’ਚ ਸਿੱਖ ਧਰਮ ਬਾਰੇ ਪੜ੍ਹਾਇਆ ਜਾਂਦਾ ਹੈ। ਸਿੱਖ ਕੁਲੀਸ਼ਨ ਦੇ ਇਕ ਬਿਆਨ ’ਚ ਕਿਹਾ ਗਿਆ ਹੈ ਕਿ ਨਵੇਂ ਸਟੈਂਡਰਡ ਸੂਬੇ ’ਚ ਲਗਪਗ

■ ਬਾਕੀ ਖਬਰ ਸਫਾ 15 ’ਤੇ

## ਹੁਣ ਤੁਸੀਂ ਅਮਰੀਕਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਫਿੰਗਰਪ੍ਰਿੰਟ ਅਪੁਆਇੰਟਮੈਂਟ ਆਨਲਾਈਨ ਰਾਹੀਂ ਅੱਗੇ ਕਰਾ ਸਕਦੇ ਹੋ

**ਵਾਸ਼ਿੰਗਟਨ, (ਪੰਜਾਬ ਮੇਲ)**- ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਇੱਕ ਨਵਾਂ ਸਵੈ-ਸੇਵਾ ਟੂਲ ਲਾਂਚ ਕੀਤਾ ਹੈ, ਜਿਸ ਨਾਲ ਫਿੰਗਰਪ੍ਰਿੰਟ ਅਪੁਆਇੰਟਮੈਂਟ ਨੂੰ ਹੁਣ ਆਨਲਾਈਨ ਰਾਹੀਂ ਤਰੀਕ ਵਿਚ ਤਬਦੀਲੀ ਲਿਆਈ ਜਾ ਸਕਦੀ ਹੈ ਅਤੇ ਨਵੀਂ ਤਰੀਕ ਪ੍ਰਾਪਤ ਕੀਤੀ ਜਾ ਸਕਦੀ ਹੈ। ਯੂ.ਐੱਸ.ਸੀ.ਆਈ.ਐੱਸ. ਗਾਹਕ ਸੇਵਾ ਵਿਚ ਸੁਧਾਰ ਕਰ ਰਿਹਾ ਹੈ। ਇਹ ਕਾਰਵਾਈ ਬੈਕਲਾਗ ਦੂਰ ਕਰਨ ਲਈ ਕੀਤੀ ਗਈ ਹੈ।

ਯੂ.ਐੱਸ.ਸੀ.ਆਈ.ਐੱਸ. ਦੇ ਨਿਰਦੇਸ਼ਕ ਐੱਮ. ਜਾਡੌ ਨੇ ਕਿਹਾ, “ਅਸੀਂ ਸੇਵਾਵਾਂ ਨੂੰ ਡਿਜ਼ਾਈਨ ਅਤੇ ਪ੍ਰਦਾਨ ਕਰਕੇ ਗਾਹਕ ਅਨੁਭਵ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਕੰਮ ਕਰ ਰਹੇ ਹਾਂ, ਜਿਸ ਤੱਕ ਸਾਰੀਆਂ ਯੋਗਤਾਵਾਂ ਵਾਲੇ ਲੋਕ ਪਹੁੰਚ ਕਰ ਸਕਣ।”

ਪਹਿਲਾਂ, ਇਸ ਸੇਵਾ ਲਈ ਮਾਨਤਾ ਪ੍ਰਾਪਤ ਪ੍ਰਤੀਨਿਧੀ ਵੱਲੋਂ ਯੂ.ਐੱਸ.ਸੀ.ਆਈ.ਐੱਸ. ਸੰਪਰਕ ਕੇਂਦਰ ਨੂੰ ਕਾਲ ਕਰਕੇ ਫਿੰਗਰਪ੍ਰਿੰਟ ਸੇਵਾਵਾਂ ਦੀ ਮੁਲਾਕਾਤ ਨੂੰ ਰੀਸ਼ਡਿਊਲ ਕਰਨ ਲਈ ਬੇਨਤੀ ਕੀਤੀ ਜਾਂਦੀ ਸੀ। ਇਸ ਨਵੇਂ ਟੂਲ ਨਾਲ, ਉਹ ਵਿਅਕਤੀ ਜਿਨ੍ਹਾਂ ਕੋਲ ਯੂ.ਐੱਸ.ਸੀ.ਆਈ.ਐੱਸ. ਆਨਲਾਈਨ ਖਾਤਾ ਹੈ ਜਾਂ ਬਣਾਉਂਦੇ ਹਨ, ਉਹ ਸੰਪਰਕ ਕੇਂਦਰ ਨੂੰ ਕਾਲ ਕੀਤੇ ਬਿਨਾਂ ਬਾਇਓਮੀਟ੍ਰਿਕ ਸੇਵਾਵਾਂ ਦੀਆਂ ਮੁਲਾਕਾਤਾਂ ਲਈ ਜ਼ਿਆਦਾਤਰ ਬੇਨਤੀਆਂ ਨੂੰ ਰੀਸ਼ਡਿਊਲ ਕਰ ਸਕਦੇ ਹਨ। ਨਵੇਂ ਟੂਲ ਦੀ ਵਰਤੋਂ ਵਾਰ-ਵਾਰ ਨਹੀਂ ਕੀਤੀ ਜਾ ਸਕਦੀ ਅਤੇ ਲੰਘ ਚੁੱਕੀ ਅਪੁਆਇੰਟਮੈਂਟ ਜਾਂ ਅਗਲੇ ਦਿਨ

U.S. Citizenship and Immigration Services

■ ਬਾਕੀ ਖਬਰ ਸਫਾ 15 ’ਤੇ

 ਪੰਜਾਬ ਮੇਲ USA


PUNJAB SPORT CLUB SEATTLE CULTURE SOCIETY
SEATTLE KABADDI CUP
SUN. JULY 23RD 2023
JAGGI LUBANA 206-992-8280
PINDA ATHWAL 206-510-7485
MAKHAN RANIKE 209-277-4794
HARSH VIRK 509-859-1788
SANDEEP GURNA 206-307-9041
BALHAR SOCCER 206-501-5200
SOCCER TOURNAMENT POSTPONED
YouTube /LIVEKABADDI
LIVE
LIVE KABADDI
/LIVEKABADDI
CHANNEL 422
CHANNEL 136
CHANNEL 323
Google play
Available on the App Store
CHANNEL 866

# ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ ਸਰਬੱਤ ਦਾ ਭਲਾ ਟਰੱਸਟ

**■ ਜ਼ਿਲ੍ਹਾ ਇਕਾਈਆਂ ਨੂੰ ਤੁਰੰਤ ਪ੍ਰਸ਼ਾਸਨ ਨਾਲ ਸੰਪਰਕ ਕਰਨ ਲਈ ਕਿਹਾ : ਡਾ.ਓਬਰਾਏ**

**ਅੰਮ੍ਰਿਤਸਰ, (ਪੰਜਾਬ ਮੇਲ)**- ਬਿਨਾਂ ਕਿਸੇ ਸਵਾਰਥ ਤੋਂ ਆਪਣੇ ਪੱਲਿਓਂ ਕਰੋੜਾਂ ਰੁਪਏ ਖਰਚ ਕਰਕੇ ਦਿਨ-ਰਾਤ ਦੀਨ-ਦੁਖੀਆਂ ਦੀ ਸੇਵਾ 'ਚ ਜੁਟੇ ਰਹਿਣ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਪੰਜਾਬ ਅੰਦਰ ਭਾਰੀ ਮੀਂਹ ਪੈਣ ਕਾਰਨ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਹੋਏ ਲੋਕਾਂ ਲਈ ਅੱਗੇ ਆਉਂਦਿਆਂ ਜਿੱਥੇ ਆਪਣੇ ਟਰੱਸਟ ਦੀਆਂ ਜ਼ਿਲ੍ਹਾ ਇਕਾਈਆਂ ਨੂੰ ਪ੍ਰਸ਼ਾਸਨ ਨਾਲ ਸੰਪਰਕ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਹਨ, ਉੱਥੇ ਹੀ ਪਟਿਆਲਾ 'ਚ ਪ੍ਰਭਾਵਿਤ ਲੋਕਾਂ ਨੂੰ ਖਾਣਾ ਦੇਣਾ ਸ਼ੁਰੂ ਕਰ ਦਿੱਤਾ ਹੈ।



ਟਰੱਸਟ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਟਰੱਸਟ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਪੰਜਾਬ ਅੰਦਰ ਭਾਰੀ ਮੀਂਹ ਕਾਰਨ ਪੈਦਾ ਹੋਏ ਚਿੰਤਾਜਨਕ ਹਲਾਤਾਂ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਦੋ ਦਿਨ ਪਹਿਲਾਂ ਹੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਸਮੁੱਚੀਆਂ ਜ਼ਿਲ੍ਹਾ ਇਕਾਈਆਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਤੋਂ ਇਲਾਵਾ ਰੈੱਡ ਕਰਾਸ ਸੁਸਾਇਟੀਆਂ ਨਾਲ ਸੰਪਰਕ ਕਰਨ ਲਈ ਹਦਾਇਤਾਂ ਦਿੰਦਿਆਂ ਕਿਹਾ ਸੀ, ਪ੍ਰਸ਼ਾਸਨ ਨੂੰ ਲੋੜੀਂਦੀਆਂ ਦਵਾਈਆਂ, ਰਾਸ਼ਨ ਤੇ ਹੋਰ ਜ਼ਰੂਰੀ ਸਮਾਨ ਸਬੰਧੀ ਜਾਣਕਾਰੀ ਇਕੱਤਰ ਕੀਤੀ ਜਾਵੇ, ਤਾਂ ਜੋ ਅਜਿਹੇ ਹਾਲਾਤਾਂ ਵਿਚ ਲੋੜਵੰਦਾਂ ਦੀ ਸਮੇਂ ਸਿਰ ਮਦਦ ਕੀਤੀ ਜਾ ਸਕੇ। ਡਾ. ਓਬਰਾਏ ਨੇ ਇਹ ਵੀ ਦੱਸਿਆ ਕਿ ਟਰੱਸਟ ਵੱਲੋਂ ਪਟਿਆਲਾ ਵਿਖੇ 500 ਦੇ ਕਰੀਬ ਪ੍ਰਭਾਵਿਤ ਲੋਕਾਂ ਨੂੰ ਸਵੇਰ-ਸ਼ਾਮ ਦਾ ਖਾਣਾ ਮੁਹੱਈਆ ਕਰਵਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ।

# ਭਾਜਪਾ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਸੰਭਾਲਿਆ ਅਹੁਦਾ



**ਚੰਡੀਗੜ੍ਹ, (ਪੰਜਾਬ ਮੇਲ)**- ਭਾਜਪਾ ਦੇ ਨਵ ਨਿਯੁਕਤ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਮੰਗਲਵਾਰ ਨੂੰ ਅਹੁਦਾ ਸੰਭਾਲਿਆ। ਲਾਅ ਭਵਨ ਨੇੜੇ ਭਾਜਪਾ ਦੇ ਸੂਬਾ ਹੈੱਡਕੁਆਰਟਰ ਸੈਕਟਰ 37-ਏ ਚੰਡੀਗੜ੍ਹ ਵਿਖੇ ਹੋਏ ਸਮਾਗਮ ਹੋਇਆ। ਇਸ ਸਮਾਗਮ 'ਚ ਅਸ਼ਵਨੀ ਸ਼ਰਮਾ ਨੂੰ ਛੱਡ ਕੇ ਭਾਜਪਾ ਦੇ ਸੂਬਾ ਇੰਚਾਰਜ ਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਣੀ, ਸਹਿ-ਇੰਚਾਰਜ ਡਾ. ਨਰਿੰਦਰ ਸਿੰਘ ਰੈਨਾ ਤੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਤੋਂ ਭਾਜਪਾ ਦੀ ਸੂਬਾਈ ਲੀਡਰਸ਼ਿਪ ਤੇ ਵਰਕਰ ਹਾਜ਼ਰ ਹੋਏ। ਹਾਲਾਂਕਿ ਬੀਤੇ ਦਿਨੀਂ ਸ਼ਰਮਾ ਨੇ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਉਣ ਲਈ ਭਾਜਪਾ ਹਾਈ ਕਮਾਨ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਸਵਾਗਤਯੋਗ ਹੈ। ਜਾਖੜ ਨੂੰ ਪੰਜਾਬ ਦਾ ਪ੍ਰਧਾਨ ਬਣਾਉਣ ਨਾਲ ਸੂਬੇ ਵਿਚ ਭਾਰਤੀ ਜਨਤਾ ਪਾਰਟੀ ਹੋਰ ਮਜ਼ਬੂਤ ਹੋਵੇਗੀ ਕਿਉਂਕਿ ਉਹ ਜ਼ਮੀਨ ਨਾਲ ਜੁੜੇ ਹੋਏ ਅਤੇ ਬਹੁਤ ਸੁਲਝੇ ਹੋਏ ਆਗੂ ਹਨ।

# ਅਕਾਲੀ ਦਲ ਦੀ ਸਬ ਕਮੇਟੀ ਨੇ ਘੱਟ ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਦੀ ਰਾਇ ਜਾਣੀ

**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਨੇ ਸਾਂਝੇ ਸਿਵਲ ਕੋਡ ਦੇ ਮਾਮਲੇ 'ਤੇ ਮੁਸਲਿਮ ਤੇ ਈਸਾਈ ਭਾਈਚਾਰਿਆਂ ਦੇ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕੀਤਾ ਤੇ ਉਨ੍ਹਾਂ ਦੀ ਰਾਇ ਜਾਣੀ, ਜਿਸ ਦੌਰਾਨ ਘੱਟ ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਨੇ ਮਹਿਸੂਸ ਕੀਤਾ ਕਿ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ 21ਵੇਂ ਕਾਨੂੰਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਅਕਾਲੀ ਦਲ ਨੇ ਇਸ ਮਾਮਲੇ 'ਤੇ ਇਕ ਸਬ ਕਮੇਟੀ ਗਠਿਤ ਕੀਤੀ ਹੋਈ ਹੈ, ਜਿਸ ਵਿਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਰਦਾਰ ਮਹੇਸ਼ਇੰਦਰ ਸਿੰਘ ਗਰੇਵਾਲ, ਸਰਦਾਰ ਸਿਕੰਦਰ ਸਿੰਘ ਮਲੂਕਾ ਅਤੇ ਡਾ. ਦਲਜੀਤ ਸਿੰਘ ਚੀਮਾ ਮੈਂਬਰ ਹਨ। ਮੁਸਲਿਮ ਤੇ ਈਸਾਈ ਭਾਈਚਾਰਿਆਂ ਦੇ ਮੈਂਬਰਾਂ ਨੇ ਅਕਾਲੀ ਦਲ ਵੱਲੋਂ ਸਾਰੀਆਂ ਸਬੰਧਤ ਧਿਰਾਂ ਦੀ ਰਾਇ ਲੈਣ ਲਈ ਕੀਤੀ ਪਹਿਲਕਦਮੀ ਦਾ ਸਵਾਗਤ ਕੀਤਾ ਹੈ ਤੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਜਦੋਂ 21ਵੇਂ ਕਾਨੂੰਨ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਕਿ ਸਾਂਝੇ ਸਿਵਲ ਕੋਡ ਦੀ ਨਾ ਕੋਈ ਲੋੜ ਹੈ ਤੇ ਨਾ ਹੀ ਇਸ ਦੀ ਕੋਈ ਇੱਛਾ ਹੈ, ਤਾਂ ਇਸ ਦੇ ਬਾਵਜੂਦ 22ਵੇਂ ਕਾਨੂੰਨ ਕਮਿਸ਼ਨ ਨੇ ਇਸ 'ਤੇ ਨਵੇਂ ਸਿਰੇ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ

**■ ਹੜ੍ਹ ਦੀ ਮਾਰ 'ਚ ਆਏ ਲੋਕਾਂ ਲਈ ਰਿਹਾਇਸ਼ ਅਤੇ ਲੰਗਰ ਦੇ ਕੀਤੇ ਪ੍ਰਬੰਧ**

**ਅੰਮ੍ਰਿਤਸਰ, (ਪੰਜਾਬ ਮੇਲ)**- ਬੀਤੇ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਾਰਨ ਬਣੀ ਹੜ੍ਹ ਦੀ ਸਥਿਤੀ ਨੂੰ ਵੇਖਦਿਆਂ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜਤਾਂ ਦੀ ਮਦਦ ਲਈ ਅੱਗੇ ਆਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਉਣ ਲਈ ਪ੍ਰਬੰਧ ਕੀਤੇ ਗਏ ਹਨ। ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਖੇ ਸਰਾਵਾਂ ਅੰਦਰ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਫ਼ਤ ਕਮਰੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਪ੍ਰਭਾਵਿਤ ਇਲਾਕਿਆਂ 'ਚ ਲੰਗਰ ਅਤੇ ਹੋਰ ਵਸਤਾਂ ਦੀ ਵਿਵਸਥਾ ਕੀਤੀ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਮਾਨਵਤਾ ਨਾਲ ਮੁਸ਼ਕਲ ਸਮੇਂ 'ਤੇ ਖੜ੍ਹਨਾ ਸ਼੍ਰੋਮਣੀ ਕਮੇਟੀ ਦੀ ਰਵਾਇਤ ਰਹੀ ਹੈ ਅਤੇ ਗੁਰੂ ਦਰਸਾਏ ਮਾਰਗ 'ਤੇ ਚੱਲਦਿਆਂ ਸਿੱਖ ਸੰਸਥਾ ਹਰ ਕੁਦਰਤੀ ਆਫ਼ਤ ਸਮੇਂ ਲੋਕਾਈ ਲਈ ਮਦਦਗਾਰ ਬਣੀ ਹੈ। ਉਨ੍ਹਾਂ ਆਖਿਆ ਕਿ ਮੌਜੂਦਾ ਸਮੇਂ ਵੀ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸੇਵਾਵਾਂ ਦੇਣ ਲਈ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਆਖਿਆ ਗਿਆ ਹੈ। ਵੱਖ-ਵੱਖ ਜ਼ਿਲ੍ਹਿਆਂ ਵਿਚ 25 ਤੋਂ ਵੱਧ ਗੁਰਦੁਆਰਾ ਸਾਹਿਬਾਨ ਅੰਦਰ ਕੇਂਦਰ ਸਥਾਪਤ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਹਰ ਗੁਰਦੁਆਰਾ ਸਾਹਿਬ ਦੀਆਂ ਸਰਾਵਾਂ ਅੰਦਰ ਹੜ੍ਹ ਪੀੜਤਾਂ ਨੂੰ ਮੁਫ਼ਤ ਕਮਰੇ ਮੁਹੱਈਆ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਗੁਰਦੁਆਰਾ ਸਾਹਿਬਾਨ ਤੋਂ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਨਾਲ ਸਬੰਧਤ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਬੀਤੇ ਕੱਲ੍ਹ ਹੀ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ ਸਨ ਅਤੇ ਬਾਕੀ ਗੁਰੂ ਘਰਾਂ ਤੋਂ ਵੀ ਸੇਵਾਵਾਂ ਆਰੰਭ ਦਿੱਤੀਆਂ ਗਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਲੋੜ ਪਈ ਤਾਂ ਮੈਡੀਕਲ ਸੇਵਾਵਾਂ ਵੀ ਦਿੱਤੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਲੋੜਵੰਦਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਗਰੂਕ ਕਰਨ, ਤਾਂ ਜੋ ਪੀੜਤ ਲੋਕ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਣ।





# VALLEJO TEEYAN MELA 2023

## Sunday, July 16th, 2023 from 12-6pm

**Hosted By**



**Asha Sharma**

### Only for Ladies and Children

### At Dan Foley Cultural Center

**(Behind Sutter Solano Hospital)**
**1498 N Camino Alto, Vallejo, CA 94589**
**Special Attractions include Mehndi, Indian Clothing and Jewelry Booths.**

**Organizer**



**Sunita Verma**

**Come and enjoy a day filled with entertainment and festiveties, including Punjabi Folk songs and dances, Gidha, Boliyan and much more...**



Copyright@Punjab Mail USA

*To Participate Rent Space for a booth, or Sponsor, Please Contact:*

## SUNITA VERMA : 707-853-9006

**Email: sonalideep@gmail.com**

Flamingo
Banquet Hall, Sweets & Catering
Catering up to 5,000 Guests anywhere in C.A.
Paul 510-325-8433




"Let us make your event a dream come true"
Touch Of Elegance Decor
Cristy 510-672-8118

EYEBROW ART BY RASHMI
Book your choice



•Organic Skin Care Packages
• Organic Hair Care Sets
• Makeup
• Accessories
• Indian Bridal Jelwery
• Indian Wedding Packages
+ More
101 W.American Canyon Rd. Ste 506
707-362-4594



CHINNA JEWELLERS INC
We Sell & Buy Gold & Silver Coins At Wholesale Price, We Sell 22k Gold Jewelry & Real Birth Stones
Inderjit Singh President
Cell 916-956-3094
Office & Fax 916-706-3447
inderjit803643@gmail.com
www.chinnajewellers.com



7454 Stockton Blvd, Suite-A Sacramento, CA 95823 USA

# ਪੰਜਾਬ ਸਮੇਤ ਉੱਤਰੀ ਭਾਰਤ ’ਚ ਕੁਦਰਤੀ ਆਫਤ

- ਸੂਬੇ ਦੇ ਕਈ ਦਰਿਆਵਾਂ ਵਿਚ ਪਾਣੀ ਚੜ੍ਹਿਆ
- ਐੱਨ.ਡੀ.ਆਰ.ਐੱਫ., ਫੌਜ, ਪੁਲਿਸ ਅਤੇ ਪ੍ਰਸ਼ਾਸਨ ਰਾਹਤ ਕਾਰਜਾਂ ’ਚ ਜੁਟੇ



ਪੰਜਾਬ ਪੁਲਿਸ ਅਕੈਡਮੀ ਫਿਲੌਰ ’ਚ ਸੋਮਵਾਰ ਨੂੰ ਆਏ ਸਤਲੁਜ ਦਰਿਆ ਦੇ ਪਾਣੀ ’ਚ ਡੁੱਬੀਆਂ ਕਾਰਾਂ ਨੂੰ ਧੱਕਾ ਲਗਾ ਕੇ ਬਾਹਰ ਕੱਢਦੇ ਹੋਏ ਜਵਾਨ।

■ ਸਫਾ 1 ਦਾ ਬਾਕੀ

ਮੁਹਾਲੀ ਜ਼ਿਲ੍ਹਿਆਂ ਦਾ ਵੱਡਾ ਹਿੱਸਾ ਪਾਣੀ ਵਿਚ ਡੁੱਬ ਗਿਆ ਹੈ। ਮੌਸਮ ਵਿਭਾਗ ਨੇ ਪਟਿਆਲਾ, ਰੋਪੜ, ਮੁਹਾਲੀ ਅਤੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਲਈ ਰੈੱਡ ਅਲਰਟ ਜਾਰੀ ਕੀਤਾ ਹੈ। 13 ਅਤੇ 14 ਜੁਲਾਈ ਨੂੰ ਮੁੜ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ’ਚ ਮੀਂਹ ਕਾਰਨ ਕਰੀਬ ਅੱਧੇ ਪੰਜਾਬ ’ਚ ਹੜ੍ਹਾਂ ਵਰਗੇ ਹਾਲਾਤ ਪੈਦਾ ਹੋ ਗਏ ਹਨ। ਤੇਜ਼ ਮੀਂਹ ਅਤੇ ਪਾਣੀ ਦੇ ਵਹਾਅ ਨੇ 9 ਜਾਨਾਂ ਲੈ ਲਈਆਂ ਹਨ ਅਤੇ ਦਰਜਨਾਂ ਪਸ਼ੂ ਵੀ ਲਪੇਟ ਵਿਚ ਆ ਗਏ ਹਨ। ਘੱਗਰ ਅਤੇ ਸਤਲੁਜ ਦਰਿਆਵਾਂ ਤੋਂ ਇਲਾਵਾ ਸਰਹਿੰਦ ਨਹਿਰ ’ਚ ਪਾਣੀ ਦਾ ਪੱਧਰ ਇਕਦਮ ਵਧਣ ਕਾਰਨ ਕਈ ਜ਼ਿਲ੍ਹਿਆਂ ਵਿਚ ਹਾਲਾਤ ਬੇਕਾਬੂ ਹੋ ਗਏ ਹਨ। ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ ਅਤੇ ਮੁਹਾਲੀ ਜ਼ਿਲ੍ਹਿਆਂ ਦਾ ਵੱਡਾ ਹਿੱਸਾ ਪਾਣੀ ’ਚ ਡੁੱਬ ਗਿਆ ਹੈ।

ਵੇਰਵਿਆਂ ਅਨੁਸਾਰ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ’ਚ ਕਰੀਬ 100 ਤੋਂ ਜ਼ਿਆਦਾ ਪਿੰਡ ਖ਼ਾਲੀ ਕਰਵਾਏ ਜਾ ਰਹੇ ਹਨ। ਕੌਮੀ ਆਫ਼ਤ ਪ੍ਰਬੰਧਨ ਬਲ ਦੀਆਂ 14 ਟੀਮਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ, ਜਦੋਂਕਿ ਪਟਿਆਲਾ ਜ਼ਿਲ੍ਹੇ ਵਿਚ ਫ਼ੌਜ ਦੀ ਮਦਦ ਲਈ ਗਈ ਹੈ। ਸਤਲੁਜ ਦਰਿਆ ਦੇ ਪਾਣੀ ਦੇ ਵਹਾਅ ’ਚ ਜ਼ਿਲ੍ਹਾ ਮੋਗਾ ਦੇ ਪਿੰਡ ਸੰਘੇੜਾ ਦਾ ਮਲੂਕ ਸਿੰਘ (65) ਰੁੜ ਗਿਆ, ਜੋ ਗੂੰਗਾ ਅਤੇ ਬੋਲਾ ਸੀ। ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਪੋਜੇਵਾਲ ਅਤੇ ਰਾਹੋਂ ਖ਼ਿੱਤੇ ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਹੈ। ਲਾਲੜੂ ਦੇ ਨਜ਼ਦੀਕੀ ਪਿੰਡ ਜੌਲਾ ਕਲਾਂ ਨੇੜੇ ਇੱਕ ਨੌਜਵਾਨ ਮੁਨੀਸ਼ ਕੁਮਾਰ (30) ਮੋਟਰਸਾਈਕਲ ਸਮੇਤ ਬਰਸਾਤੀ ਚੋਅ ਦੇ ਤੇਜ਼ ਰਫ਼ਤਾਰ ਪਾਣੀ ਵਿਚ ਰੁੜ੍ਹ ਗਿਆ, ਜਿਸ ਦੀ ਡੁੱਬਣ ਕਾਰਨ ਮੌਤ ਹੋ ਗਈ।

ਇਸ ਤੋਂ ਪਹਿਲਾਂ ਐਤਵਾਰ ਨੂੰ ਨੂਰਪੁਰ ਬੇਦੀ ਦੇ ਪਿੰਡ ਖੱਡ ਬਠਲੌਰ ਦਾ ਸਤਵਿੰਦਰ ਸਿੰਘ ਢਿੱਗ ਦੀ ਮਾਰ ਹੇਠ ਆ ਕੇ ਜਾਨ ਤੋਂ ਹੱਥ ਧੋ ਬੈਠਾ ਸੀ, ਜਦਕਿ ਇੱਕ ਅਣਪਛਾਤਾ ਸਾਧੂ ਪਿੰਡ ਸਮੁੰਦੜੀਆਂ ਕੋਲ ਪਾਣੀ ਵਿਚ ਰੁੜ ਗਿਆ ਸੀ।

ਰੋਪੜ, ਮੁਹਾਲੀ, ਪਟਿਆਲਾ, ਸੰਗਰੂਰ, ਮੋਗਾ ਅਤੇ ਲੁਧਿਆਣਾ ਵਿਚ ਸਭ ਤੋਂ ਵੱਧ ਫ਼ਸਲਾਂ ਦਾ ਨੁਕਸਾਨ ਹੋਇਆ ਹੈ। ਘੱਗਰ ਅਤੇ ਸਤਲੁਜ ਦੇ ਨੇੜਲੇ ਇਲਾਕਿਆਂ ’ਚ ਹਜ਼ਾਰਾਂ ਏਕੜ ਰਕਬਾ ਪਾਣੀ ਵਿਚ ਪੂਰੀ ਤਰ੍ਹਾਂ ਡੁੱਬ ਗਿਆ ਹੈ। ਰਾਵੀ ’ਚੋਂ 1.80 ਲੱਖ ਕਿਊਸਿਕ ਅਤੇ ਹਰੀਕੇ ਹੈੱਡ ਤੋਂ ਪਾਣੀ ਛੱਡਿਆ ਗਿਆ ਹੈ। ਸਤਲੁਜ ਦਰਿਆ ਦੇ ਕਿਨਾਰੇ ਬਣੇ ਧੁੱਸੀ ਬੰਨ੍ਹ ਵਿਚ ਵੀ ਪਾੜ ਪੈ ਗਿਆ ਹੈ। ਇਸੇ ਤਰ੍ਹਾਂ ਨਰਵਾਣਾ ਬਰਾਂਚ, ਸਿਸਵਾਂ ਅਤੇ ਮੁਹਾਲੀ ਨੇੜੇ ਟਿਵਾਣਾ ’ਚ ਵੀ ਪਾੜ ਪੈ ਗਿਆ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਵਿਚ ਕਈ ਥਾਵਾਂ ’ਤੇ ਪਾੜ ਪੈਣ ਕਾਰਨ ਫ਼ਸਲਾਂ ਡੁੱਬ ਗਈਆਂ ਹਨ। ਹੁਸੈਨੀਵਾਲਾ ਹੈੱਡ ਤੋਂ ਪਾਣੀ ਛੱਡਣ ਨਾਲ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਪਿੰਡਾਂ ਨੂੰ ਖ਼ਾਲੀ ਕਰਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਰਾਹਤ ਕੈਂਪ ਬਣਾਏ ਗਏ ਹਨ। ਰੋਪੜ ਅਤੇ ਮੁਹਾਲੀ ਜ਼ਿਲ੍ਹਾ ਪੂਰੀ ਤਰ੍ਹਾਂ ਜਲ-ਥਲ ਹੋ ਗਿਆ ਹੈ। ਫਿਲੌਰ ਦੀ ਪੀ.ਏ.ਪੀ. ਅਕੈਡਮੀ ਵਿਚ ਪਾਣੀ ਭਰਨ ਕਾਰਨ ਕਈ ਵਾਹਨ ਡੁੱਬ ਗਏ। ਪਟਿਆਲਾ ਦੀ ਪੁਲਿਸ ਅਕੈਡਮੀ ਵੀ ਪਾਣੀ ਦੀ ਮਾਰ ਹੇਠ ਆਈ ਹੈ। ਹੁਸ਼ਿਆਰਪੁਰ ਦੇ ਪਿੰਡ ਮੈਲੀ ਕੋਲ ਡੈਮ ਦੇ ਓਵਰਫ਼ਲੋਅ ਹੋਣ ਕਾਰਨ ਦੋ ਦਰਜਨ ਪਿੰਡਾਂ ’ਚ ਅਲਰਟ ਜਾਰੀ ਕੀਤਾ ਗਿਆ ਹੈ। ਰਾਜਪੁਰਾ ਥਰਮਲ ਪਲਾਂਟ ਵਿਚ ਪਾਣੀ ਦਾਖ਼ਲ ਹੋਣ ਕਾਰਨ ਇੱਕ ਯੂਨਿਟ ਬੰਦ ਕਰਨਾ ਪਿਆ ਹੈ।

ਇਸ ਦੌਰਾਨ ਘੱਗਰ ਨੇ ਪਟਿਆਲਾ ਤੋਂ ਬਾਅਦ ਸੰਗਰੂਰ ਜ਼ਿਲ੍ਹੇ ਨੂੰ ਆਪਣੀ ਲਪੇਟ ਵਿਚ ਲੈ ਲਿਆ। ਫਿਲੌਰ ਦੀ ਪੀ.ਏ.ਪੀ. ਅਕੈਡਮੀ ਵਿਚ ਪਾਣੀ ਭਰਨ ਕਾਰਨ ਕਈ ਵਾਹਨ ਡੁੱਬ ਗਏ। ਪਟਿਆਲਾ ਦੀ ਪੁਲਿਸ ਅਕੈਡਮੀ ਵੀ ਪਾਣੀ ਦੀ ਮਾਰ ਹੇਠ ਆਈ ਹੈ। ਹੁਸ਼ਿਆਰਪੁਰ ਦੇ ਪਿੰਡ ਮੈਲੀ ਕੋਲ ਡੈਮ ਦੇ ਓਵਰਫ਼ਲੋਅ ਹੋਣ ਕਾਰਨ ਦੋ ਦਰਜਨ ਪਿੰਡਾਂ ’ਚ ਅਲਰਟ ਜਾਰੀ ਕੀਤਾ ਗਿਆ ਹੈ। ਰਾਜਪੁਰਾ ਥਰਮਲ ਪਲਾਂਟ ਵਿਚ ਪਾਣੀ ਦਾਖ਼ਲ ਹੋਣ ਕਾਰਨ ਇੱਕ ਯੂਨਿਟ ਬੰਦ ਕਰਨਾ ਪਿਆ ਹੈ।



ਰਾਜਪੁਰਾ ਨੇੜੇ ਘਰ ਵਿੱਚ ਆਏ ਪਾਣੀ ’ਚੋਂ ਇਕ ਬੱਚੇ ਨੂੰ ਕੱਢ ਕੇ ਬਾਹਰ ਲਿਆਉਂਦਾ ਹੋਇਆ ਫੌਜੀ।



ਪਟਿਆਲਾ ਦੀ ਗੋਪਾਲ ਕਾਲੋਨੀ ’ਚ ਭਰੇ ਪਾਣੀ ’ਚੋਂ ਲੋਕਾਂ ਨੂੰ ਕਿਸ਼ਤੀ ਰਾਹੀਂ ਬਾਹਰ ਕੱਢਦੇ ਹੋਏ ਫ਼ੌਜ ਦੇ ਜਵਾਨ।



ਪਟਿਆਲਾ ਵਿਚ ਹੜ੍ਹ ਪੀੜਤਾਂ ਨੂੰ ਸੁਰੱਖਿਅਤ ਕੱਢਦੇ ਹੋਏ ਫੌਜ ਦੇ ਜਵਾਨ।




ਪਟਿਆਲਾ ਦੀ ਗੋਪਾਲ ਕਾਲੋਨੀ ’ਚ ਭਰੇ ਪਾਣੀ ’ਚੋਂ ਲੋਕਾਂ ਨੂੰ ਕਿਸ਼ਤੀ ਰਾਹੀਂ ਬਾਹਰ ਕੱਢਦੇ ਹੋਏ ਫ਼ੌਜ ਦੇ ਜਵਾਨ।



ਜਲੰਧਰ ਨੇੜੇ ਸਤਲੁਜ ’ਚ ਪਿਆ ਪਾੜ ਪੂਰਦੇ ਹੋਏ ਇਲਾਕਾ ਵਾਸੀ।

## ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਸਥਿਤੀ ਤੋਂ ਜਾਣੂ ਕਰਾਇਆ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਦੇ ਹੜ੍ਹ ਪ੍ਰਭਾਵਿਤ ਖੇਤਰ ’ਚ ਰਾਹਤ ਤੇ ਬਚਾਅ ਕਾਰਜਾਂ ਦਾ ਜਾਇਜ਼ਾ ਲੈਂਦੇ ਹੋਏ।

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਫੋਨ ’ਤੇ ਗੱਲਬਾਤ ਕੀਤੀ ਹੈ ਅਤੇ ਕੇਂਦਰ ਸਰਕਾਰ ਨੂੰ ਸੂਬੇ ਦੇ ਮੌਜੂਦਾ ਹਾਲਾਤ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਸਮਰੱਥ ਹੈ। ਇਸ ਸਬੰਧੀ ਪੰਜਾਬ ਭਰ ਵਿਚ ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਹੜ੍ਹ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ’ਤੇ 24 ਘੰਟੇ ਕਰਮਚਾਰੀ ਤਾਇਨਾਤ ਰਹਿਣਗੇ।



## ਪੰਜਾਬ ’ਚ ਐੱਨ.ਡੀ.ਆਰ.ਐੱਫ. ਦੀਆਂ 14 ਟੀਮਾਂ ਤਾਇਨਾਤ

ਨਵੀਂ ਦਿੱਲੀ: ਉੱਤਰੀ ਭਾਰਤ ਦੇ ਚਾਰ ਸੂਬਿਆਂ ’ਚ ਮੋਹਲੇਧਾਰ ਮੀਂਹ ਅਤੇ ਹੜ੍ਹਾਂ ਨਾਲ ਸਿੱਝਣ ਲਈ ਐੱਨ.ਡੀ.ਆਰ.ਐੱਫ. ਦੀਆਂ 39 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੰਜਾਬ ’ਚ ਕੌਮੀ ਆਫ਼ਤ ਪ੍ਰਬੰਧਨ ਬਲ (ਐੱਨ.ਡੀ.ਆਰ.ਐੱਫ.) ਦੀਆਂ 14 ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ, ਜਦਕਿ ਹਿਮਾਚਲ ਪ੍ਰਦੇਸ਼ ’ਚ 12, ਉੱਤਰਾਖੰਡ ’ਚ 8 ਅਤੇ ਹਰਿਆਣਾ ’ਚ 5 ਟੀਮਾਂ ਨੇ ਮੋਰਚੇ ਸੰਭਾਲੇ ਹੋਏ ਹਨ। ਐੱਨ.ਡੀ.ਆਰ.ਐੱਫ. ਦੇ ਬੁਲਾਰੇ ਨੇ ਕਿਹਾ ਕਿ ਹਾਲਾਤ ਮੁਤਾਬਕ ਸੂਬਿਆਂ ਦੇ ਅਧਿਕਾਰੀਆਂ ਨਾਲ ਤਾਲਮੇਲ ਬਣਾ ਕੇ ਰਾਹਤ ਕਾਰਜ ਚਲਾਏ ਜਾ ਰਹੇ ਹਨ। ਹਰੇਕ ਟੀਮ ’ਚ 30 ਤੋਂ 35 ਬਚਾਅ ਕਰਮੀ ਹਨ, ਜੋ ਕਿਸ਼ਤੀਆਂ, ਰੱਸੀਆਂ, ਰੁਖ ਕੱਟਣ ਵਾਲੇ ਔਜ਼ਾਰਾਂ ਅਤੇ ਹੋਰ ਲੋੜੀਂਦੇ ਉਪਕਰਣਾਂ ਨਾਲ ਲੈਸ ਹਨ।

ਪੰਜਾਬ ਮੇਲ USA

# ਹੜ੍ਹ ਕਾਰਨ ਪੰਜਾਬ 'ਚ ਹਾਲਾਤ ਬਿਆਨ ਕਰਦੀਆਂ ਤਸਵੀਰਾਂ




ਬਾਪੂ ਧਾਮ ਨੇੜੇ ਓਵਰਫਲੋਅ ਹੋਇਆ ਸੁਖਨਾ ਚੋਅ ਦਾ ਪਾਣੀ। (ਸੱਜੇ) ਪੰਚਕੂਲਾ ਦੇ ਰੋੜ ਭਵਨ ਨੇੜਲੀ ਮਨਸਾ ਦੇਵੀ ਮੰਦਰ ਨੂੰ ਜਾਣ ਵਾਲੀ ਟੁੱਟੀ ਸੜਕ।



ਬੜੀ ਨਦੀ ਵਿੱਚ ਹੜ੍ਹ ਆਉਣ ਮਗਰੋਂ ਪਟਿਆਲਾ 'ਚ ਖੁਦ ਨੂੰ ਬਚਾਉਂਦੇ ਹੋਏ ਲੋਕ।



ਫ਼ੌਜ ਦੇ ਜਵਾਨ ਪਟਿਆਲਾ ਦੀ ਰਾਮ ਗੋਪਾਲ ਕਲੋਨੀ 'ਚੋਂ ਲੋਕਾਂ ਨੂੰ ਬਾਹਰ ਕੱਢਦੇ ਹੋਏ।



ਪਟਿਆਲਾ 'ਚ ਆਪਣੇ ਘਰ 'ਚੋਂ ਮੀਂਹ ਦਾ ਪਾਣੀ ਕੱਢਦੀ ਹੋਈ ਔਰਤ।



ਡੇਰਾਬਸੀ ਦੇ ਲੋਹਗੜ੍ਹ-ਵੀ.ਆਈ.ਪੀ. ਰੋਡ 'ਤੇ ਭਰੇ ਮੀਂਹ ਦੇ ਪਾਣੀ 'ਚੋਂ ਲੰਘਦੇ ਹੋਏ ਲੋਕ।



ਦਰਿਆ ਵਿਚ ਆਏ ਹੜ੍ਹ ਮਗਰੋਂ ਆਪਣਾ ਸਾਮਾਨ ਬੰਨ੍ਹਦੇ ਹੋਏ ਗੁੱਜਰ ਪਰਿਵਾਰ।



ਪਿੰਡ ਬੁਰਜ 'ਚ ਨੁਕਸਾਨੇ ਘਰ ਦੇ ਅੱਗੇ ਰੋਕ ਲਗਾਉਂਦੇ ਹੋਏ ਪਿੰਡ ਵਾਸੀ।



ਪਰਵਾਣੂ 'ਚ ਆਏ ਹੜ੍ਹ ਵਿਚ ਰੁੜ੍ਹੇ ਵਾਹਨ।



ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਵਿਚ ਸੋਮਵਾਰ ਨੂੰ ਥੁਨਾਗ ਖੇਤਰ 'ਚ ਇਕ ਸੜਕ 'ਤੇ ਹੜ੍ਹ ਦੇ ਪਾਣੀ 'ਚ ਵਹਿੰਦੇ ਜਾਂਦੇ ਦਰੱਖਤ ਤੇ ਹੋਰ ਸਮਾਨ।



ਹਰਿਦੁਆਰ 'ਚ ਗੰਗਾ ਨਦੀ ਵਿਚ ਡੁੱਬ ਰਹੇ ਕਾਂਵੜੀਆਂ ਨੂੰ ਬਚਾਉਂਦੇ ਹੋਏ ਐੱਸ.ਡੀ.ਆਰ.ਐੱਫ. ਦੇ ਜਵਾਨ।



ਪੰਚਕੂਲਾ 'ਚ ਭਾਰੀ ਮੀਂਹ ਕਾਰਨ ਰੁੜ੍ਹਿਆ ਸੜਕ ਦਾ ਇੱਕ ਹਿੱਸਾ।

# ਪੁਲਿਸ 'ਚ ਭਰਤੀ ਕਰਵਾਉਣ ਲਈ 35 ਮੁੰਡਿਆਂ ਤੋਂ ਠੱਗੇ 2.58 ਕਰੋੜ

**ਜੁਆਇਨਿੰਗ ਲੈਟਰ, 3 ਮਹੀਨੇ ਦੀ ਸੈਲਰੀ ਤੇ ਵਰਦੀਆਂ ਪਵਾ ਟ੍ਰੇਨਿੰਗ ਵੀ ਦਿੱਤੀ**

**ਮੁਕੇਰੀਆਂ, (ਪੰਜਾਬ ਮੇਲ)-** ਪੰਜਾਬ ਵਿਚ ਪੁਲਿਸ ਵਿਭਾਗ ਵਿਚ ਭਰਤੀ ਕਰਵਾਉਣ ਦਾ ਇੱਕ ਵੱਡਾ ਨੈਕਸਸ ਚੱਲ ਰਿਹਾ ਸੀ। ਜਿਸ ਦੇ ਵਿਚ ਇੱਕੋ ਹੀ ਹਲਕੇ ਦੇ ਕਰੀਬ 35 ਨੌਜਵਾਨ ਫਸ ਗਏ ਅਤੇ ਏਜੰਟ ਨੇ ਉਨ੍ਹਾਂ ਕੋਲੋਂ 2 ਕਰੋੜ 58 ਲੱਖ ਰੁਪਏ ਲੁੱਟ ਲਏ। ਇਹ ਘਟਨਾ ਹੁਸ਼ਿਆਰਪੁਰ ਦੇ ਵਿਧਾਨ ਸਭਾ ਹਲਕਾ ਮੁਕੇਰੀਆਂ ਵਿਚ ਵਾਪਰੀ ਹੈ। ਇਹ ਰੈਕਟ ਦਾ ਪਤਾ ਲੱਗਣ 'ਤੇ ਪੁਲਿਸ ਨੇ ਵੱਡੀ ਕਾਰਵਾਈ ਕੀਤੀ।

ਮੁਕੇਰੀਆਂ ਪੁਲਿਸ ਨੇ ਭੋਲੇ-ਭਾਲੇ ਨੌਜਵਾਨਾਂ ਨੂੰ ਪੰਜਾਬ ਪੁਲਿਸ ਵਿਚ ਭਰਤੀ ਕਰਾਉਣ ਦਾ ਝਾਂਸਾ ਦੇ ਕੇ ਕਰੀਬ 30 ਤੋਂ 35 ਨੌਜਵਾਨਾਂ ਨਾਲ 2 ਕਰੋੜ 58 ਲੱਖ ਦੀ ਠੱਗੀ ਮਾਰਨ ਵਾਲੇ ਇੱਕ ਗਿਰੋਹ ਦੇ ਮੈਂਬਰਾਂ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਹ ਗਿਰੋਹ ਨਕਲੀ ਪੁਲਿਸ ਅਫਸਰ ਬਣ ਠੱਗੀਆਂ ਮਾਰਦੇ ਸਨ ਅਤੇ ਨੌਜਵਾਨਾਂ ਨੂੰ ਲੁੱਟਦੇ ਸਨ।

ਇਸ ਸਬੰਧੀ ਜਾਣਕਾਰੀ ਕਰਦੇ ਹੋਏ ਕੁਲਵਿੰਦਰ ਸਿੰਘ ਵਿਰਕ ਡੀ.ਐੱਸ.ਪੀ. ਮੁਕੇਰੀਆਂ ਨੇ ਦੱਸਿਆ ਕਿ ਇਸ ਗੈਂਗ ਦਾ ਸਰਗਨਾ ਬਲਵਿੰਦਰ ਸਿੰਘ ਹੈ, ਜੋ ਡੇਰਾ ਸੌਦਾ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹੈ। ਬਲਵਿੰਦਰ ਸਿੰਘ ਆਪਣੇ ਆਪ ਨੂੰ ਪੰਜਾਬ ਪੁਲਿਸ ਦਾ ਸਬ-ਇੰਸਪੈਕਟਰ ਅਤੇ ਉਸ ਦਾ ਦੂਜਾ ਸਾਥੀ ਰੋਹਿਤ ਕੁਮਾਰ ਉਰਫ ਬਲਵੰਤ ਸਿੰਘ ਗਿੱਲ ਵਾਸੀ ਸਹਾਏਪੁਰ ਥਾਣਾ ਡਵੀਜਨ ਨੰਬਰ 07 ਜਲੰਧਰ ਜੋ ਆਪਣੇ ਆਪ ਨੂੰ ਵਿਜੀਲੈਂਸ ਦਾ ਡੀ.ਐੱਸ.ਪੀ ਦੱਸਦਾ ਸੀ।

ਇਸ ਗਰੋਹ ਦੇ ਹੋਰ ਮੈਂਬਰ ਹਰਜੀਤ ਸਿੰਘ ਵਾਸੀ ਸਹਾਏਪੁਰ ਥਾਣਾ ਬਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਬਲਵੀਰ ਸਿੰਘ ਉਰਫ ਸ਼ੀਵਾ ਵਾਸੀ ਦੇਵਾ ਕਲੋਨੀ, ਮੁਕੇਰੀਆਂ ਜੋ ਵੀ ਆਪਣੇ ਆਪ ਨੂੰ ਪੰਜਾਬ ਪੁਲਿਸ ਦੇ ਮੁਲਾਜ਼ਮ ਦੱਸਦੇ ਸਨ। ਇਨ੍ਹਾਂ ਸਾਰਿਆਂ ਨੂੰ ਮੁਕੇਰੀਆਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਇਸ ਗੈਂਗ ਨੇ ਮੁਕੇਰੀਆਂ ਇਲਾਕੇ ਦੇ ਕਰੀਬ ਤਿੰਨ ਦਰਜਨ ਨੌਜਵਾਨਾਂ ਨੂੰ ਪੰਜਾਬ ਪੁਲਿਸ ਵਿਚ ਸਿਪਾਹੀ ਭਰਤੀ ਕਰਾਉਣ ਦੇ ਨਾਮ 'ਤੇ ਕਰੀਬ 2 ਕਰੋੜ 58 ਲੱਖ ਰੁਪਏ ਦੀ ਠੱਗੀ ਮਾਰੀ ਹੈ। ਇਸ ਗਰੋਹ ਵੱਲੋਂ ਭੋਲੇ ਭਾਲੇ ਨੌਜਵਾਨਾਂ ਨੂੰ ਪੰਜਾਬ ਪੁਲਿਸ ਦੇ ਸਿਪਾਹੀ ਰੈਂਕ ਦੇ ਜਾਅਲੀ ਆਈ.ਡੀ. ਕਾਰਡ ਅਤੇ ਜੁਆਨਿੰਗ ਲੈਟਰ ਬਣਾ ਕੇ ਪੁਲਿਸ ਦੀਆਂ ਵਰਦੀਆਂ ਪਵਾ ਕੇ ਆਰਮੀ ਦੀ ਦੁਸ਼ਹਿਰਾ ਗਰਾਊਂਡ ਜਲੰਧਰ ਅਤੇ ਅੰਮ੍ਰਿਤਸਰ ਅਤੇ ਫਿਲੌਰ ਕਿਰਾਏ ਦੇ ਕਮਰੇ ਲੈ ਕੇ ਟਰੇਨਿੰਗ ਕਰਵਾਉਂਦੇ ਸਨ। ਨੌਜਵਾਨਾਂ ਦੇ ਬੈਂਕ ਦੇ ਅਕਾਊਂਟ ਖੁੱਲਵਾ ਕੇ ਉਸ ਵਿਚ 2-3 ਮਹੀਨੇ ਦੀ ਤਨਖਾਹ 8 ਤੋਂ 10 ਹਜ਼ਾਰ ਰੁਪਏ ਪਾਉਂਦੇ ਸਨ।

# ਗੈਂਗਸਟਰ ਬਿਸ਼ਨੋਈ ਸਿਹਤ ਵਿਗੜਨ ਕਾਰਨ ਜੇਲ੍ਹ 'ਚੋਂ ਫਰੀਦਕੋਟ ਹਸਪਤਾਲ ਰੈਫਰ



**ਫਰੀਦਕੋਟ, (ਪੰਜਾਬ ਮੇਲ)-** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਦੋਸ਼ੀ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਸਿਹਤ ਵਿਗੜ ਗਈ ਹੈ। ਜੇਲ੍ਹ ਵਿਚ ਇਲਾਜ ਤੋਂ ਬਾਅਦ ਹੁਣ ਉਸ ਨੂੰ ਸਰਕਾਰੀ ਮੈਡੀਕਲ ਕਾਲਜ ਫਰੀਦਕੋਟ ਵਿਚ ਦਾਖਲ ਕਰਵਾਇਆ ਗਿਆ ਹੈ। ਡਾਕਟਰਾਂ ਦੀ ਟੀਮ ਵੱਲੋਂ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।

ਹਾਸਲ ਜਾਣਕਾਰੀ ਅਨੁਸਾਰ ਲਾਰੈਂਸ ਬਿਸ਼ਨੋਈ ਦੀ ਸਿਹਤ ਵਿਗੜਨ ਤੋਂ ਬਾਅਦ ਜੇਲ੍ਹ ਹਸਪਤਾਲ ਵੱਲੋਂ ਉਸ ਨੂੰ ਫਰੀਦਕੋਟ ਮੈਡੀਕਲ ਕਾਲਜ ਹਸਪਤਾਲ ਰੈਫਰ ਕਰ ਦਿੱਤਾ ਗਿਆ। ਉਸ ਨੂੰ ਸੁਰੱਖਿਆ ਘੇਰੇ ਹੇਠ ਹਸਪਤਾਲ ਲਿਜਾਇਆ ਗਿਆ। ਲਾਰੈਂਸ ਦੇ ਆਲੇ-ਦੁਆਲੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਪੁਲਿਸ ਖ਼ਤਰਾ ਨਹੀਂ ਉਠਾਉਣਾ ਚਾਹੁੰਦੀ ਤੇ ਸਿਰਫ਼ ਚੋਣਵੇਂ ਲੋਕਾਂ ਨੂੰ ਹੀ ਉਸ ਦੇ ਆਲੇ-ਦੁਆਲੇ ਆਉਣ ਦੀ ਇਜਾਜ਼ਤ ਦਿੱਤੀ ਗਈ ਹੈ। ਦੱਸ ਦਈਏ ਕਿ ਲਾਰੈਂਸ ਨੂੰ ਪਿਛਲੇ ਮਹੀਨੇ ਹੀ ਦਿੱਲੀ ਤੋਂ ਬਠਿੰਡਾ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਸੀ। ਐੱਨ.ਆਈ.ਏ. ਤੇ ਫਿਰ ਗੁਜਰਾਤ ਪੁਲਿਸ ਉਸ ਨੂੰ ਪੁੱਛਗਿੱਛ ਲਈ ਆਪਣੇ ਨਾਲ ਲੈ ਗਈ ਸੀ।

# '84 ਸਿੱਖ ਵਿਰੋਧੀ ਦੰਗੇ: ਅਦਾਲਤ ਟਾਈਟਲਰ ਖ਼ਿਲਾਫ਼ ਚਾਰਜਸ਼ੀਟ 'ਤੇ 19 ਜੁਲਾਈ ਨੂੰ ਕਰੇਗੀ ਫ਼ੈਸਲਾ



**ਨਵੀਂ ਦਿੱਲੀ, (ਪੰਜਾਬ ਮੇਲ)-** ਇਥੋਂ ਦੀ ਅਦਾਲਤ 19 ਜੁਲਾਈ ਨੂੰ ਫੈਸਲਾ ਕਰੇਗੀ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਥਿਤ ਪੁਲ ਬੰਗਸ਼ ਕਤਲੇਆਮ ਨਾਲ ਸਬੰਧਤ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾ ਨੋਟਿਸ ਲੈਣਾ ਹੈ ਜਾਂ ਨਹੀਂ। ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ (ਏ.ਸੀ.ਐੱਮ.ਐੱਮ.) ਵਿਧੀ ਗੁਪਤਾ ਆਨੰਦ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਨਾਲ-ਨਾਲ ਸ਼ਿਕਾਇਤਕਰਤਾ ਵੱਲੋਂ ਪੇਸ਼ ਹੋਏ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ 7 ਜੁਲਾਈ ਨੂੰ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਜੱਜ ਨੇ ਅਦਾਲਤ ਦੇ ਕਰਮਚਾਰੀਆਂ ਨੂੰ ਇਹ ਵੀ ਦੇਖਣ ਲਈ ਕਿਹਾ ਕਿ ਕੀ ਪਹਿਲਾਂ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਅਦਾਲਤ ਤੋਂ ਪ੍ਰਾਪਤ ਕੇਸ ਰਿਕਾਰਡ ਪੂਰਾ ਹੈ ਜਾਂ ਨਹੀਂ। ਉਨ੍ਹਾਂ ਇਸ ਮਾਮਲੇ ਦੀ ਅਗਲੀ ਸੁਣਵਾਈ 19 ਜੁਲਾਈ ਤੱਕ ਰਿਪੋਰਟ ਦਾਖ਼ਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਜੱਜ ਨੇ ਕਿਹਾ ਕਿ ਕੜਕੜਡੂਮਾ 'ਚ ਅਦਾਲਤ ਦੇ ਕਰਮਚਾਰੀ ਵੱਲੋਂ ਦਾਇਰ ਦਸਤਾਵੇਜ਼ ਬਹੁਤ ਜ਼ਿਆਦਾ ਹਨ ਅਤੇ ਇਸ ਵਿਚ ਸੱਤ ਨਿਆਂਇਕ ਫਾਈਲਾਂ ਸਨ। ਉਨ੍ਹਾਂ ਨੇ ਸੀ.ਬੀ.ਆਈ. ਨੂੰ ਟਾਈਟਲਰ ਦੀ ਆਵਾਜ਼ ਦੇ ਨਮੂਨਿਆਂ ਦੀ ਫੋਰੈਂਸਿਕ ਜਾਂਚ ਸਬੰਧੀ ਫੋਰੈਂਸਿਕ ਸਾਇੰਸ ਲੈਬਾਰਟਰੀ (ਐੱਫ.ਐੱਸ.ਐੱਲ.) ਦੀ ਰਿਪੋਰਟ ਦਾਇਰ ਕਰਨ ਦੇ ਨਿਰਦੇਸ਼ ਦਿੱਤੇ। ਸੀ.ਬੀ.ਆਈ. ਨੇ ਇਸ ਮਾਮਲੇ 'ਚ ਟਾਈਟਲਰ ਖ਼ਿਲਾਫ਼ 20 ਮਈ ਨੂੰ ਚਾਰਜਸ਼ੀਟ ਦਾਖ਼ਲ ਕੀਤੀ ਸੀ।

# ਸ਼੍ਰੋਮਣੀ ਕਮੇਟੀ ਵੱਲੋਂ ਯੂ.ਸੀ.ਸੀ. ਦਾ ਵਿਰੋਧ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਦੀ ਅੰਤਰਿਗ ਕਮੇਟੀ ਨੇ ਸਾਂਝੇ ਸਿਵਲ ਕੋਡ (ਯੂ.ਸੀ.ਸੀ.) ਨੂੰ ਰੱਦ ਕਰਦਿਆਂ ਕਿਹਾ ਕਿ ਦੇਸ਼ ਵਿਚ ਅਜਿਹੇ ਕਾਨੂੰਨ ਦੀ ਲੋੜ ਨਹੀਂ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੈਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਟਿੰਗ ਮਗਰੋਂ ਕੀਤਾ। ਮੀਟਿੰਗ ਦੀ ਕਾਰਵਾਈ ਮੀਡੀਆ ਨਾਲ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਸਾਂਝਾ ਸਿਵਲ ਕੋਡ ਦਾ ਮਾਮਲਾ ਸਿੱਖ ਵਿਦਵਾਨਾਂ ਵੱਲੋਂ ਵਿਚਾਰਿਆ ਗਿਆ ਹੈ ਅਤੇ ਆਪਣੀ ਰਿਪੋਰਟ ਅੰਤਰਿੰਗ ਕਮੇਟੀ ਨੂੰ ਦਿੱਤੀ ਹੈ। ਸਿੱਖ ਵਿਦਵਾਨਾਂ ਨੇ ਆਖਿਆ ਕਿ ਇਸ ਨਵੇਂ ਕਾਨੂੰਨ ਦੀ ਦੇਸ਼ ਵਿਚ ਕੋਈ ਲੋੜ ਨਹੀਂ ਹੈ। ਇਸ ਨਾਲ ਘੱਟ ਗਿਣਤੀਆਂ ਦੀ ਹੋਂਦ ਤੇ ਪਛਾਣ ਨੂੰ ਖਤਰਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਨੂੰ ਰੱਦ ਕਰ ਦਿੱਤਾ ਹੈ। ਲੰਗਰ ਘਰ ਵਿਚ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੇ ਮਾਮਲੇ ਵਿਚ ਹੋਈ ਬੇਨਿਯਮੀ ਦੇ ਮਾਮਲੇ ਨੂੰ ਵਿਚਾਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਦੀ ਡੂੰਘਾਈ ਨਾਲ ਘੋਖ ਵਾਸਤੇ ਪੰਜ ਮੈਂਬਰੀ ਕਮੇਟੀ ਬਣਾਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ 51 ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ। ਕਮੇਟੀ ਦੇ ਪ੍ਰਧਾਨ ਨੇ ਐਲਾਨ ਕੀਤਾ ਕਿ ਦਿੱਲੀ ਵਿਚ ਸਿੱਖ ਕਤਲੇਆਮ ਦੇ ਮਾਮਲੇ ਦੀ ਪੈਰਵੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਜਾਵੇਗੀ। ਇਸ ਮਾਮਲੇ ਵਿਚ ਹਾਲ ਹੀ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਦੋਸ਼ ਆਇਦ ਕੀਤੇ ਗਏ ਹਨ।



# ਫੋਰਬਸ ਦੀ ਅਮੀਰ ਔਰਤਾਂ ਦੀ ਸੂਚੀ 'ਚ 4 ਭਾਰਤੀ-ਅਮਰੀਕੀ ਔਰਤਾਂ ਵੀ ਸ਼ਾਮਲ

**ਨਿਊਯਾਰਕ, (ਪੰਜਾਬ ਮੇਲ)-** ਭਾਰਤੀ ਮੂਲ ਦੀਆਂ ਚਾਰ ਔਰਤਾਂ ਫੋਰਬਸ ਦੀ 'ਆਪਣਾ ਮੁਕਾਮ ਖ਼ੁਦ ਹਾਸਲ ਕਰਨ ਵਾਲੀਆਂ' 100 ਸਭ ਤੋਂ ਅਮੀਰ ਔਰਤਾਂ ਦੀ ਸੂਚੀ ਵਿਚ ਜਗ੍ਹਾ ਬਣਾਉਣ 'ਚ ਸਫਲ ਰਹੀਆਂ ਹਨ। ਇਨ੍ਹਾਂ ਚਾਰ ਔਰਤਾਂ ਵਿਚ ਜੈਸ਼੍ਰੀ ਉੱਲਾਲ ਤੇ ਇੰਦਰਾ ਨੂਈ ਵੀ ਸ਼ਾਮਲ ਹਨ। ਭਾਰਤੀ ਮੂਲ ਦੀਆਂ ਇਨ੍ਹਾਂ ਚਾਰੋਂ ਔਰਤਾਂ ਦੀ ਸੰਪਤੀ ਸਮੂਹਿਕ ਤੌਰ 'ਤੇ 4.06 ਅਰਬ ਡਾਲਰ ਹੈ। ਫੋਰਬਸ ਦੀ ਇਸ ਸੂਚੀ ਵਿਚ ਕੰਪਿਊਟਰ ਨੈੱਟਵਰਕਿੰਗ ਫਰਮ ਅਰਿਸਟਾ ਨੈੱਟਵਰਕਸ ਦੀ ਪ੍ਰਧਾਨ ਤੇ ਸੀ.ਈ.ਓ. ਜੈਸ਼੍ਰੀ ਉੱਲਾਲ, ਆਈ.ਟੀ. ਕੰਸਲਟਿੰਗ ਤੇ ਆਊਟਸੋਰਸਿੰਗ ਫਰਮ



ਇੰਦਰਾ ਨੂਈ, ਜੈਸ਼੍ਰੀ ਉੱਲਾਲ

ਸਿੰਟੈਲ ਦੀ ਸਹਿ-ਸੰਸਥਾਪਕ ਨੀਰਜਾ ਸੇਠੀ, ਕਲਾਊਡ ਕੰਪਨੀ ਕੌਨਫਲਿਊਂਟ ਦੀ ਸਹਿ-ਸੰਸਥਾਪਕ ਤੇ ਸਾਬਕਾ ਚੀਫ ਟੈਕਨੋਲੋਜੀ ਅਫਸਰ (ਸੀ.ਟੀ.ਓ.) ਨੇਹਾ ਨਾਰਖੇੜੇ ਅਤੇ ਪੈਪਸਿਕੋ ਦੀ ਸਾਬਕਾ ਚੇਅਰਮੈਨ ਤੇ ਸੀ.ਈ.ਓ. ਇੰਦਰਾ ਨੂਈ ਸ਼ਾਮਲ ਹਨ। ਸ਼ੇਅਰ ਬਾਜ਼ਾਰਾਂ ਵਿਚ ਜਾਰੀ ਤੇਜ਼ੀ ਵਿਚਾਲੇ ਫੋਰਬਸ ਦੀਆਂ 100 ਅਮੀਰ ਔਰਤਾਂ ਦੀ ਸੂਚੀ ਵਿਚ ਸ਼ਾਮਲ ਮਹਿਲਾ ਉੱਦਮੀਆਂ ਦੀ ਕੁੱਲ ਸੰਪਤੀ ਇਕ ਸਾਲ ਪਹਿਲਾਂ ਦੇ ਮੁਕਾਬਲੇ 12 ਫੀਸਦ ਵਧ ਕੇ 124 ਅਰਬ ਡਾਲਰ 'ਤੇ ਪਹੁੰਚ ਗਈ ਹੈ। ਉੱਲਾਲ ਸੂਚੀ ਵਿਚ 15ਵੇਂ ਸਥਾਨ 'ਤੇ ਹੈ ਅਤੇ ਉਨ੍ਹਾਂ ਦੀ ਕੁੱਲ ਸੰਪਤੀ 2.4 ਅਰਬ ਡਾਲਰ ਹੈ। ਉਹ 2008 ਤੋਂ ਜਨਤਕ ਤੌਰ 'ਤੇ ਕਾਰੋਬਾਰ ਕਰਨ ਵਾਲੇ ਅਰਿਸਟਾ ਨੈੱਟਵਰਕਸ ਦੀ ਪ੍ਰਧਾਨ ਤੇ ਸੀ.ਈ.ਓ. ਹੈ। ਅਰਿਸਟਾ ਨੇ 2022 ਵਿਚ ਲਗਪਗ 4.4 ਅਰਬ ਡਾਲਰ ਦਾ ਮਾਲੀਆ ਦਰਜ ਕੀਤਾ। ਉਹ ਕਲਾਊਡ ਕੰਪਿਊਟਿੰਗ ਕੰਪਨੀ ਸਨੋਫਲੇਕ ਦੇ ਬੋਰਡ ਆਫ ਡਾਇਰੈਕਟਰਜ਼ ਵਿਚ ਵੀ ਸ਼ਾਮਲ ਹੈ।

ਸੂਚੀ ਵਿੱਚ 25ਵੇਂ ਸਥਾਨ 'ਤੇ ਮੌਜੂਦ 68 ਸਾਲਾ ਸੇਠੀ ਦੀ ਕੁੱਲ ਸੰਪਤੀ 99 ਕਰੋੜ ਡਾਲਰ ਹੈ। ਸੇਠੀ ਤੇ ਉਨ੍ਹਾਂ ਦੇ ਪਤੀ ਭਰਤ ਦੇਸਾਈ ਵੱਲੋਂ 1980 ਵਿਚ ਸਹਿ ਸਥਾਪਤ ਸਿੰਟੈਲ ਨੂੰ ਅਕਤੂਬਰ 2018 'ਚ ਫਰਾਂਸਿਸੀ ਆਈਟੀ ਫਰਮ ਐਟੋਸ ਐੱਸ.ਈ. ਨੇ 3.4 ਅਰਬ ਡਾਲਰ ਵਿਚ ਖਰੀਦਿਆ ਸੀ। ਸੇਠੀ ਨੂੰ ਆਪਣੀ ਹਿੱਸੇਦਾਰੀ ਲਈ ਅਨੁਮਾਨਿਤ ਤੌਰ 'ਤੇ 51 ਕਰੋੜ ਡਾਲਰ ਮਿਲੇ ਸਨ। ਉਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਤੋਂ ਐੱਮ.ਬੀ.ਏ. ਕੀਤੀ ਹੈ ਅਤੇ ਓਕਲੈਂਡ ਯੂਨੀਵਰਸਿਟੀ ਤੋਂ ਐੱਮ.ਐੱਸ.ਸੀ. ਕੀਤੀ ਹੈ।

# ਅਮਰੀਕਾ ਦੇ ਜਾਰਜੀਆ ਸੂਬੇ 'ਚ ਇਕ ਭਾਰਤੀ-ਅਮਰੀਕੀ ਸਟੋਰ ਕਲਰਕ ਦੀ ਗੋਲੀ ਮਾਰ ਕੇ ਹੱਤਿਆ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਬੀਤੇ ਦਿਨ ਅਮਰੀਕਾ ਦੇ ਸੂਬੇ ਜਾਰਜੀਆ ਵਿਚ ਇੱਕ ਭਾਰਤੀ ਅਮਰੀਕੀ ਸਟੋਰ ਕਲਰਕ ਦੀ ਦੋ ਲੁਟੇਰਿਆਂ ਨੇ ਜੋ ਲੁੱਟ ਦੀ ਨੀਯਤ ਨਾਲ ਦਾਖਲ ਹੋਏ ਸਨ, ਉਨ੍ਹਾਂ ਵੱਲੋਂ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਹੱਤਿਆਰਿਆਂ ਦੀ ਉਮਰ 15 ਸਾਲਾਂ ਦੇ ਕਰੀਬ ਹੈ। ਉਨ੍ਹਾਂ ਦੁਆਰਾ ਗੋਲੀ ਲੱਗਣ ਤੋਂ ਬਾਅਦ ਸਟੋਰ ਕਲਰਕ ਮਨਦੀਪ ਸਿੰਘ ਰਿੰਕੀ ਮੌਕੇ 'ਤੇ ਹੀ ਮੌਤ ਹੋ ਗਈ। ਸਥਾਨਕ ਪੁਲਿਸ ਦੇ ਅਨੁਸਾਰ ਹਥਿਆਰਬੰਦ ਲੁਟੇਰਿਆ ਵੱਲੋਂ ਉਸ ਦੀ ਹੱਤਿਆ ਦਾ ਕਾਰਨ ਲੁੱਟ ਦਾ ਮਾਮਲਾ ਦੱਸਿਆ ਜਾਂਦਾ ਹੈ। ਪੁਲਿਸ ਨੇ ਗੋਲੀਬਾਰੀ ਤੋਂ ਬਾਅਦ ਦੋ ਨੌਜਵਾਨਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਦੱਸਿਆ ਜਾਂਦਾ ਹੈ ਕਿ ਜਾਰਜੀਆ ਸੂਬੇ ਦੇ ਅਗਸਤਾ ਦੇ ਰੋਜ਼ੀਅਰ ਰੋਡ 'ਤੇ 36 ਸਾਲਾ ਦਾ ਇਹ ਭਾਰਤੀ ਨੌਜਵਾਨ ਮਨਦੀਪ ਸਿੰਘ ਨੂੰ ਪੂਰਬੀ ਵੇਨਸ ਦੇ 504 ਹਾਈਵੇਅ 80 'ਤੇ ਸਥਿਤ ਰੈਨਸ ਫੂਡ ਮਾਰਟ ਨਾਂ ਦੇ ਸਟੋਰ 'ਤੇ ਕੰਮ ਕਰਦੇ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਨੂੰ ਦੋ ਗੋਲੀਆਂ ਲੱਗਣ ਤੋਂ ਬਾਅਦ ਉਹ ਮੌਕੇ 'ਤੇ ਹੀ ਮਾਰਿਆ ਗਿਆ। ਦੱਸਿਆ ਜਾਂਦਾ ਹੈ ਕਿ ਮਨਦੀਪ ਸਿੰਘ ਰਿੰਕੀ, ਜਿਸ ਨੂੰ ਸਟੋਰ 'ਤੇ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਤੋਂ ਉਹ ਇਥੇ ਕੰਮ ਕਰ ਰਿਹਾ ਸੀ। ਪੁਲਿਸ ਮੁਖੀ ਜੌਹਨ ਮੇਨਾਰਡ ਨੇ ਦੱਸਿਆ ਕਿ ਦੋਵੇਂ ਕਾਤਲ ਨਾਬਾਲਗ ਹਨ ਅਤੇ ਇਹ ਇੱਕ ਹਥਿਆਰਬੰਦ ਡਕੈਤੀ ਜਾਪਦੀ ਸੀ, ਜਿਸ ਵਿਚ ਕੁਝ ਸਮੇਂ ਵਿਚ ਹੀ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਕਲਰਕ ਦੀ ਮੌਤ ਹੋ ਗਈ ਸੀ। ਜਾਰਜੀਆ ਦੀ ਵੇਨਸ ਪੁਲਿਸ ਨੇ ਕਿਹਾ ਕਿ ਅਪਰਾਧੀਆਂ ਦੀ ਉਮਰ ਦੇ ਕਾਰਨ, ਇਸ ਸਮੇਂ ਨਾਮ ਅਤੇ ਫੋਟੋਆਂ ਜਾਰੀ ਨਹੀਂ ਕੀਤੀਆਂ ਜਾ ਸਕਦੀਆਂ ਹਨ। ਜੇਫਰਸਨ ਕਾਉਂਟੀ ਕੋਰੋਨਰ ਦੇ ਦਫਤਰ ਨੇ ਪੁਸ਼ਟੀ ਕੀਤੀ ਕਿ ਮਨਦੀਪ ਸਿੰਘ ਦੀ ਲਾਸ਼ ਨੂੰ ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਕ੍ਰਾਈਮ ਲੈਬ 'ਚ ਲਿਜਾਇਆ ਜਾ ਰਿਹਾ ਹੈ। ਮ੍ਰਿਤਕ ਦੀ ਪਤਨੀ, ਡਿੰਪਲ ਕੌਰ ਨੇ ਇਸ ਦੁਖਾਂਤ ਨਾਲ ਨਜਿੱਠਣ ਲਈ ਆਪਣੇ ਪਰਿਵਾਰ ਦੀ ਮਦਦ ਕਰਨ ਲਈ 'ਇੱਕ ਫੰਡਰੇਜ਼ਰ' ਦਾ ਆਯੋਜਨ ਕੀਤਾ ਗਿਆ ਹੈ।



ਮਨਦੀਪ ਸਿੰਘ ਰਿੰਕੀ ਦੀ ਯਾਦਗਰੀ ਤਸਵੀਰ।

# ਟਰੇਸੀ 'ਚ ਵਾਪਰੇ ਸੜਕ ਹਾਦਸੇ ਦੌਰਾਨ ਦੋ ਭਾਰਤੀ ਨੌਜਵਾਨਾਂ ਦੀ ਮੌਤ

**ਟਰੇਸੀ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)-** ਕੈਲੀਫੋਰਨੀਆ ਦੇ ਸੈਂਟਰਲ ਵੈਲੀ ਦੇ ਸ਼ਹਿਰ ਟਰੇਸੀ 'ਚ ਵਾਪਰੇ ਸੜਕ ਹਾਦਸੇ ਦੌਰਾਨ ਦੋ ਭਾਰਤੀ ਨੌਜਵਾਨਾਂ ਦੀ ਮੌਤ ਹੋਣ ਦੀ ਮੰਦਭਾਗੀ ਖਬਰ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ ਸ਼ੁੱਕਰਵਾਰ ਰਾਤ 9:45 ਵਜੇ ਟਰੇਸੀ ਦੇ ਮਕਾਰਥਰ ਬੁਲੇਵਾਰਡ ਅਤੇ ਗਰੈਂਟ ਲਈਨ ਰੋਡ 'ਤੇ ਤੇਜ਼ ਰਫ਼ਤਾਰ ਟੈਸਲਾ ਕਾਰ ਫਾਇਰ ਹਾਈਡਰਿੰਟ ਨਾਲ ਟਕਰਾ ਗਈ, ਜੋ ਬਾਅਦ ਵਿਚ ਦਰਖ਼ਤ ਨਾਲ ਜਾ ਵੱਜੀ ਤੇ ਕਾਰ ਨੂੰ ਅੱਗ ਲੱਗ ਗਈ। ਮਿੰਟਾਂ-ਸਕਿੰਟਾਂ ਵਿਚ ਕਾਰ ਅੱਗ ਦੀਆਂ ਲਪਟਾਂ ਵਿਚ ਆ ਗਈ ਅਤੇ ਕਾਰ ਵਿਚ ਸਵਾਰ ਦੋ ਭਾਰਤੀ



ਨੌਜਵਾਨ ਅਰਵਿੰਦ ਰਾਮ (37) (ਮਹਾਰਾਸ਼ਟਰ) ਅਤੇ ਅਮਰੀਕ ਸਿੰਘ ਵੰਡੇਰ (34) ਪਿੰਡ ਵੰਡੇਰ (ਕੋਟਕਪੂਰਾ) ਪੰਜਾਬ ਮੱਚਦੀ ਕਾਰ ਵਿਚ ਜਿਉਂਦੇ ਝੁਲਸਕੇ ਮੌਤ ਦੇ ਮੂੰਹ ਜਾ ਪਏ।

ਇਨ੍ਹਾਂ ਦੀ ਕਾਰ ਦੇ ਪਿੱਛੇ ਇਨ੍ਹਾਂ ਦੇ ਹੋਰ ਦੋਸਤ ਦੂਸਰੀ ਕਾਰ ਵਿਚ ਆ ਰਹੇ ਸਨ, ਜਿਨ੍ਹਾਂ ਨੇ ਆਪਣੇ ਦੋਸਤਾਂ ਨੂੰ ਬਚਾਉਣ ਲਈ ਬਹੁਤ ਵਾਹ ਲਾਈ, ਪਰ ਕਾਰ ਲਾਕ ਹੋ ਗਈ ਅਤੇ ਅੱਗ ਦੀਆਂ ਲਪਟਾਂ ਕਾਰਨ ਉਹ ਵੀ ਕੁਝ ਨਹੀਂ ਕਰ ਸਕੇ ਤੇ ਦੇਖਦੇ ਹੀ ਦੇਖਦੇ ਸਭ ਕੁਝ ਖ਼ਤਮ ਹੋ ਗਿਆ। ਗੱਡੀ ਅਰਵਿੰਦ ਰਾਮ ਚਲਾ ਰਿਹਾ ਸੀ। ਮਰਨ ਵਾਲੇ ਨੌਜਵਾਨ ਕਿੱਤੇ ਦੇ ਤੌਰ 'ਤੇ ਇੰਜੀਨੀਅਰ ਸਨ। ਇਹ ਦੋਵੇਂ ਨੌਜਵਾਨ ਬੜੇ ਅਗਾਂਹਵਧੂ ਸਨ ਤੇ ਅਮਰੀਕ ਸਿੰਘ ਵੰਡੇਰ ਸਿਟੀ ਦੀ ਰਾਜਨੀਤੀ ਵਿਚ ਵੀ ਸਰਗਰਮ ਰਹਿੰਦਾ ਸੀ। ਇਨ੍ਹਾਂ ਨੌਜਵਾਨਾਂ ਦੀ ਬੇਵਕਤੀ ਮੌਤ ਕਾਰਨ ਟਰੇਸੀ ਏਰੀਏ ਦਾ ਪੰਜਾਬੀ ਭਾਈਚਾਰਾ ਗਹਿਰੇ ਸਦਮੇ ਵਿਚ ਹੈ। ਪੁਲਿਸ ਘਟਨਾ ਦੇ ਕਾਰਨਾਂ ਦੀ ਤਫ਼ਤੀਸ਼ ਕਰ ਰਹੀ ਹੈ।

## ਜੋਅ ਬਾਈਡਨ ਵੱਲੋਂ ਕਿੰਗ ਚਾਰਲਜ਼ ਨਾਲ ਮੁਲਾਕਾਤ

**ਲੰਡਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਸੋਮਵਾਰ ਨੂੰ ਵਿੰਜਰ ਕਾਂਸਲ 'ਚ ਕਿੰਗ ਚਾਰਲਜ਼ ਨਾਲ ਮੁਲਾਕਾਤ ਕੀਤੀ। ਦੋਵਾਂ ਨੇ ਇਕੱਠਿਆਂ ਚਾਹ ਪੀਂਦਿਆਂ ਵਾਤਾਵਰਣ ਤਬਦੀਲੀਆਂ ਬਾਰੇ ਵਿਚਾਰ ਚਰਚਾ ਵੀ ਕੀਤੀ। ਇਸ ਤੋਂ ਪਹਿਲਾਂ ਬਾਇਡਨ ਨੇ ਯੂ.ਕੇ. ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨਾਲ ਮੁਲਾਕਾਤ ਕੀਤੀ ਸੀ।

ਕਿੰਗ ਚਾਰਲਜ਼ ਦੀ ਤਾਜਪੋਸ਼ੀ ਮਗਰੋਂ ਜੋਅ ਬਾਇਡਨ ਦੀ ਉਨ੍ਹਾਂ ਨਾਲ ਪਹਿਲੀ ਮੁਲਾਕਾਤ ਸੀ। ਕਿੰਗ ਚਾਲਰਜ਼ ਦੀ ਤਾਜਪੋਸ਼ੀ ਮਈ ਮਹੀਨੇ ਵਿਚ ਹੋਈ ਸੀ। ਇਸ ਸਬੰਧੀ ਸਮਾਗਮ 'ਚ ਜੋਅ ਬਾਇਡਨ ਸ਼ਾਮਲ ਨਹੀਂ ਹੋਏ ਸੀ। ਉਨ੍ਹਾਂ ਦੀ ਜਗ੍ਹਾ ਉਨ੍ਹਾਂ ਦੀ ਪਤਨੀ ਜਿੱਲ ਬਾਇਡਨ ਨੇ ਸ਼ਮੂਲੀਅਤ ਕੀਤੀ ਸੀ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com



EXPO FURNITURE Gallery




7310 Home Leisure Plaza
Sacramento, CA 95823
(916) 392-3233

11415 Folsom Blvd. STE #105
Rancho Cordova, CA 95742
(916) 635-3976

Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਸਿਆਟਲ 'ਚ ਬੱਚਿਆਂ ਦੇ ਖੇਡ ਕੈਂਪ ਦਾ ਅਰਦਾਸ ਕਰਕੇ ਸ਼ੁੱਭ ਆਰੰਭ



ਖੇਡ ਕੈਂਪ ਦੇ ਬੱਚੇ, ਪ੍ਰਬੰਧਕ ਤੇ ਖੇਡ ਪ੍ਰੇਮੀ ਅਰਦਾਸ 'ਚ ਸ਼ਾਮਲ ਹੋ ਕੇ ਸ਼ੁੱਭ ਆਰੰਭ ਕਰਦੇ ਸਮੇਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰੇਕ ਸਾਲ ਦੀ ਤਰ੍ਹਾਂ 13ਵਾਂ ਬੱਚਿਆਂ ਦਾ ਖੇਡ ਕੈਂਪ ਅਰਦਾਸ ਕਰਕੇ ਸ਼ੁੱਭ ਆਰੰਭ ਕੀਤਾ ਤੇ ਸ਼ਾਨੋ-ਸ਼ੌਕਤ ਨਾਲ ਸ਼ੁਰੂਆਤ ਹੋਈ। ਪਹਿਲੇ ਦਿਨ ਹੀ 200 ਬੱਚਿਆਂ ਨੇ ਕੈਂਪ 'ਚ ਹਾਜ਼ਰੀ ਲਗਵਾਈ ਅਤੇ 100 ਤੋਂ ਵੱਧ ਖੇਡ ਪ੍ਰੇਮੀਆਂ ਨੇ ਅਰਦਾਸ 'ਚ ਸ਼ਾਮਲ ਹੋ ਕੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ। ਸਿਆਟਲ ਦੇ ਕੈਂਟ ਸ਼ਹਿਰ ਦੇ ਵਿਲਸਨ ਪਲੇਅ ਫੀਲਡਜ਼ 'ਚ ਜੁਲਾਈ ਤੇ ਅਗਸਤ ਮਹੀਨੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ ਸ਼ਾਮ 5 ਤੋਂ 7 ਵਜੇ ਤੱਕ ਕੈਂਪ ਚੱਲੇਗਾ, ਜਿਥੇ 5 ਸਾਲ ਤੋਂ ਲੈ ਕੇ 20 ਸਾਲ ਤੱਕ ਦੇ 200 ਬੱਚੇ ਸਰੀਰਕ ਕਸਰਤ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਪ੍ਰਾਪਤ ਕਰਨਗੇ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਬੱਚਿਆਂ ਨੂੰ ਮੁਫਤ ਸਪੋਰਟਸ ਕਿੱਟਾਂ



ਰਵਿੰਦਰ ਕੁਮਾਰ ਰਿਸ਼ੀ ਸੇਵਾਮੁਕਤ ਡਿਪਟੀ ਡਾਇਰੈਕਟਰ ਖੇਡਾਂ ਮੁੱਖ ਮਹਿਮਾਨ ਦਾ ਪ੍ਰਬੰਧਕ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕਰਦੇ ਸਮੇਂ।

ਅਤੇ ਮੁਫਤ ਰੀਫਰੈਸ਼ਮੈਂਟ ਦੀ ਸੇਵਾ ਕੀਤੀ ਜਾ ਰਹੀ ਹੈ। ਬੱਚਿਆਂ ਤੇ ਮਾਪਿਆਂ 'ਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਸਿਆਟਲ ਵਿਚ ਬੱਚਿਆਂ ਦਾ ਖੇਡ ਕੈਂਪ ਪਿਛਲੇ 12 ਸਾਲ ਤੋਂ ਲਗਾਇਆ ਜਾ ਰਿਹਾ ਹੈ, ਜਿੱਥੇ ਬੱਚਿਆਂ ਤੇ ਨੌਜਵਾਨਾਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਤੰਦਰੁਸਤ ਮਨੋਰੰਜਨ ਦੇ ਕੇ ਸਰੀਰਕ ਫਿਟਨੈੱਸ 'ਤੇ ਜ਼ੋਰ ਦਿੱਤਾ ਜਾਂਦਾ ਹੈ। ਕੈਂਪ ਦੌਰਾਨ ਕੋਚਿੰਗ ਤੇ ਟ੍ਰੇਨਿੰਗ ਸੇਵਾ ਦੇ ਰੂਪ ਵਿਚ ਕੀਤੀ ਜਾਂਦੀ ਹੈ।

# ਸਿਆਟਲ 'ਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਪੁਰਬ 'ਤੇ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ



ਭਾਈ ਸੁਰਜੀਤ ਸਿੰਘ ਸਿੱਧੂ ਸਟੇਜ ਤੋਂ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦਾ ਇਤਿਹਾਸ ਸੁਣਾਉਂਦੇ ਹੋਏ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਤੇ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ। ਹਫਤਾਵਾਰੀ ਦੀਵਾਨ ਸਜਾਏ ਗਏ, ਜਿੱਥੇ ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜੱਥੇ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜਸ ਗਾਇਨ ਕੀਤਾ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਗੁਰਪੁਰਬ ਦੀਆਂ ਸੰਗਤ ਨੂੰ ਵਧਾਈਆਂ ਦਿੱਤੀਆਂ। ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਾਹਿਬ ਜੀ ਦੀ ਸਰੋਵਰ ਦੀ ਸੇਵਾ ਤੋਂ ਖੁਸ਼ ਹੋ ਕੇ ਭਾਈ ਬੇਲੋ ਜੀ ਦੀ ਵਰ ਪ੍ਰਾਪਤ ਕਰਨ ਵਾਲੇ ਭਾਈ ਬੇਲੋ ਜੀ ਦੀ 75ਵੀਂ ਗੱਦੀ ਵਾਰਸ ਭਾਈ ਸੁਰਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਭਾਈ ਮਨੀ ਸਿੰਘ ਜੀ ਭਰਾਵਾਂ, ਪੁੱਤਰਾਂ ਸਮੇਤ 93 ਪਰਿਵਾਰਕ ਜੀਆਂ ਨੂੰ ਸ਼ਹੀਦ ਕਰ ਦਿੱਤਾ ਅਤੇ ਅਖੀਰ ਭਾਈ ਮਨੀ ਸਿੰਘ ਜੀ ਨੂੰ ਵੀ ਲਾਹੌਰ ਦੇ ਨਖਾਸ ਚੌਂਕ ਵਿਚ ਬੰਦ-ਬੰਦ ਕਟ ਕੇ ਸ਼ਹੀਦ ਕਰ ਦਿੱਤਾ। ਭਾਈ ਪੂਰਨ ਸਿੰਘ ਅਰਸੀ ਦੇ ਕਵੀਸ਼ਰੀ ਜੱਥੇ ਨੇ ਸ਼ਹੀਦੀ ਵਾਰਾਂ ਸੁਣਾ ਕੇ ਸੰਗਤ 'ਚ ਜੋਸ਼ ਭਰ ਦਿੱਤਾ। ਭਾਈ ਮੋਹਣ ਸਿੰਘ ਹੈੱਡ ਗ੍ਰੰਥੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।



ਢਾਡੀ ਜੱਥੇ ਪੂਰਨ ਸਿੰਘ ਅਰਸੀ ਨੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦਾ ਇਤਿਹਾਸ ਸੁਣਾ ਕੇ ਸੰਗਤ ਨਾਲ ਸਾਂਝ ਪਾਉਂਦੇ ਹੋਏ।

# ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਸਰਬਸੰਮਤੀ ਨਾਲ ਚੋਣ - ਬਲਿਹਾਰ ਲੈਹਲ ਪ੍ਰਧਾਨ ਬਣੇ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਸਿਆਟਲ ਦੀ ਪੰਜਾਬੀ ਲਿਖਾਰੀ ਸਭਾ ਦੀ ਸਰਬਸੰਮਤੀ ਨਾਲ ਚੋਣ ਹੋਈ, ਜਿਸ ਵਿਚ ਬਲਿਹਾਰ ਸਿੰਘ ਲੈਹਿਲ ਪ੍ਰਧਾਨ, ਸੁਖਬੀਰ ਸਿੰਘ ਬੀਹਲਾ ਨੂੰ ਮੀਤ ਪ੍ਰਧਾਨ, ਪ੍ਰਿਤਪਾਲ ਸਿੰਘ ਟਿਵਾਣਾ ਨੂੰ ਜਨਰਲ ਸਕੱਤਰ, ਸਾਧੂ ਸਿੰਘ ਝੱਜ ਨੂੰ ਮੀਤ ਸਕੱਤਰ, ਮੰਗਤ ਕੁਲਜਿੰਦ ਨੂੰ ਪ੍ਰੈੱਸ ਸਕੱਤਰ, ਤੇ ਹਰਪਾਲ ਸਿੰਘ ਸਿੱਧੂ ਸਾਬਕਾ ਪ੍ਰਧਾਨ ਨੂੰ ਖਜ਼ਾਨਚੀ ਦੀ ਜ਼ਿੰਮੇਵਾਰੀ ਸੌਂਪੀ ਗਈ। ਸਭਾ ਦੇ ਸਾਬਕਾ ਪ੍ਰਧਾਨ ਤੇ ਨਾਮਵਰ ਲੇਖਕ ਹਰਦਿਆਲ ਸਿੰਘ ਚੀਮਾ ਤੇ ਹਰਸ਼ਿੰਦਰ ਸਿੰਘ ਸੰਧੂ ਨੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਆਸ ਪ੍ਰਗਟ ਕੀਤੀ ਕਿ ਜ਼ਿੰਮੇਵਾਰੀ ਨਾਲ ਆਪਣੀਆਂ ਡਿਊਟੀਆਂ, ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਨੇ ਵੀ ਨਵੇਂ ਅਹੁਦੇਦਾਰਾਂ ਨੂੰ ਵਧਾਈਆਂ ਦਿੱਤੀਆਂ। ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਪਹਿਲੀ ਮੀਟਿੰਗ ਵਿਚ ਸ਼ਿਵ ਕੁਮਾਰ ਬਟਾਲਵੀ ਦੀ ਬਰਸੀ ਮੌਕੇ ਸ਼ੋਕ ਸੰਦੇਸ਼ ਦਾ ਮਤਾ ਪਾਸ ਕੀਤਾ।






ਬਲਿਹਾਰ ਸਿੰਘ ਲੈਹਲ (ਪ੍ਰਧਾਨ)। (ਸੱਜੇ) ਗੁਰਦੁਆਰਾ ਸੱਚਾ ਮਾਰਗ ਵਿਚ ਪੰਜਾਬੀ ਸਕੂਲ ਚਲਾ ਰਹੇ ਅਧਿਆਪਕ ਦਾ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਸਨਮਾਨ ਕਰਦੇ ਸਮੇਂ।







# ਅਮਰੀਕਾ ਤੋਂ ਕਰੀਬ 1100 ਭਾਰਤੀ ਵਿਦਿਆਰਥੀਆਂ ’ਤੇ ਲਟਕੀ ਦੇਸ਼ ਨਿਕਾਲੇ ਦੀ ਤਲਵਾਰ

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਭਾਰਤੀ ਮੂਲ ਦੇ ਗੁਜਰਾਤੀ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਵੱਡੇ ਪੱਧਰ ’ਤੇ ਇੱਥੇ ਦੀਆਂ ਜ਼ਿਆਦਾਤਰ ਟੈਕਸਾਸ ਅਤੇ ਨਿਊਯਾਰਕ ਯੂਨੀਵਰਸਿਟੀਆਂ ਵਿਚ ਦਾਖਲਾ ਧੋਖਾਧੜੀ ਕਰਨ ਦੇ ਦੋਸ਼ ਹੇਠ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਜਿਨ੍ਹਾਂ ਨੇ ਅਮਰੀਕਾ ਆਉਣ ਦੇ ਲਾਲਚ ਵਿਚ ਆ ਕੇ ਭਾਰਤ ਵਿਚ ਹੋਟਲਾਂ ਦੇ ਕਮਰੇ ਬੁੱਕ ਕਰਨ ਲਈ ਕਾਫ਼ੀ ਰਕਮਾਂ ਅਦਾ ਕੀਤੀਆਂ, ਜਿਨ੍ਹਾਂ ਨੂੰ ਇਮਤਿਹਾਨਾਂ ਦੌਰਾਨ ਉਨ੍ਹਾਂ ਦੀ ਰਿਹਾਇਸ਼ ਵਜੋਂ ਝੂਠੇ ਰੂਪ ਵਿਚ ਏਜੰਟਾਂ ਵੱਲੋਂ ਪੇਸ਼ ਕੀਤਾ ਗਿਆ ਸੀ। ਜਿਨ੍ਹਾਂ ਵਿਚ



ਆਨਲਾਈਨ ਇਮਤਿਹਾਨਾਂ ਵਿਚ ਧੋਖਾਧੜੀ ਕਰਨ ਲਈ ਲੁਕਵੇਂ ਕੈਮਰੇ ਅਤੇ ਬਲੂਟੁੱਥ ਕੀਬੋਰਡ ਦੀ ਵਰਤੋਂ ਕਰਨ ਵਾਲੀ ਧੋਖਾਧੜੀ ਵਾਲੀ ਸਕੀਮ ਵੀ ਸ਼ਾਮਲ ਹੈ।

ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੇ ਭਾਰਤ ’ਚ ਹੋਟਲ ਦੇ ਕਮਰੇ ਬੁੱਕ ਕਰਨ ਲਈ ਇੱਕ ਲੱਖ ਰੁਪਏ ਤੱਕ ਦੀ ਮਹੱਤਵਪੂਰਨ ਰਕਮ ਵੀ ਅਦਾ ਕੀਤੀ। ਇਨ੍ਹਾਂ ਹੋਟਲਾਂ ਦੇ ਕਮਰਿਆਂ ਨੂੰ ਫਰਜ਼ੀ ਇਮਤਿਹਾਨਾਂ ਦੀ ਸਹੂਲਤ ਦਿੰਦੇ ਹੋਏ, ਉਨ੍ਹਾਂ ਦੀ ਰਿਹਾਇਸ਼ ਦੇ ਸਥਾਨ ਵਜੋਂ ਝੂਠਾ ਦਰਸਾਇਆ ਗਿਆ ਸੀ। ਗੁਜਰਾਤ ਦੇ ਵਡੋਦਰਾ ਅਤੇ ਸੂਰਤ ਸ਼ਹਿਰਾਂ ਵਿਚ ਇਸ ਧੋਖਾਧੜੀ ਵਾਲੇ ਪ੍ਰੀਖਿਆ ਰੈਕੇਟ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਸ ਆਪ੍ਰੇਸ਼ਨ ਦੇ ਮਾਸਟਰਮਾਈਂਡ, ਜਿਨ੍ਹਾਂ ਦੀ ਪਛਾਣ ਮਹੇਸ਼ਵਾਰਾ, ਚੰਦਰਸ਼ੇਖਰ ਅਤੇ ਸਾਗਰ ਵਜੋਂ ਹੋਈ ਹੈ, ਜੋ ‘ਵਾਇਸ ਆਫ਼ ਇਮੀਗ੍ਰੇਸ਼ਨ’ ਨਾਮ ਦੀ ਵੈੱਬਸਾਈਟ ਚਲਾਉਂਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਮਰੀਕੀ ਯੂਨੀਵਰਸਿਟੀਆਂ ਵਿਚ ਦਾਖਲੇ ਅਤੇ ਸਹਾਇਤਾ ਦਾ ਪੂਰੇ ਭਰੋਸੇ ਵਿਚ ਲੈ ਕੇ ਵਾਅਦਾ ਕੀਤਾ ਅਤੇ ਹਰ ਕਿਸਮ ਦੀ ਧੋਖਾਧੜੀ ਵਾਲੀ ਸੇਵਾ ਲਈ ਵੱਖੋ ਵੱਖਰੀਆਂ ਮੋਟੀਆਂ ਫੀਸਾਂ ਵਸੂਲੀਆਂ।

ਵਿਦੇਸ਼ਾਂ ਵਿਚ ਸਿੱਖਿਆ ਹਾਸਲ ਕਰਨ ਦੀ ਪ੍ਰਕਿਰਿਆ ਲਈ TOEFL, IELTS, ਅਤੇ GRE ਵਰਗੀਆਂ ਮਿਆਰੀ ਪ੍ਰੀਖਿਆਵਾਂ ਨੂੰ ਪਾਸ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਵਿਦਿਆਰਥੀਆਂ ਨੇ ਇਹ ਪ੍ਰੀਖਿਆਵਾਂ ਸਫ਼ਲਤਾਪੂਰਵਕ ਪਾਸ ਕਰ ਕੇ ਨਾਮਵਰ ਅਮਰੀਕੀ ਸੰਸਥਾਵਾਂ ਵਿਚ ਦਾਖ਼ਲਾ ਹਾਸਲ ਕੀਤਾ ਸੀ। ਹਾਲਾਂਕਿ ਜਾਂਚ ਤੋਂ ਇਹ ਖੁਲਾਸਾ ਹੋਇਆ ਹੈ ਕਿ ਇਨ੍ਹਾਂ ਪ੍ਰੀਖਿਆਵਾਂ ਦੌਰਾਨ ਵਿਦਿਆਰਥੀ ਗ਼ਲਤ ਤਰੀਕੇ ਨਾਲ ਇਮਤਿਹਾਨਾਂ ਵਿਚ ਧੋਖਾਧੜੀ ਕਰਨ ਲਈ ਅਣਉਚਿਤ ਤਰੀਕੇ ਵਰਤਦੇ ਸਨ।

## ਮੁੰਬਈ ਹਮਲੇ: ਬਾਇਡਨ ਪ੍ਰਸ਼ਾਸਨ ਵੱਲੋਂ ਕੈਲੀਫੋਰਨੀਆ ਅਦਾਲਤ ਨੂੰ ਦੋਸ਼ੀ ਰਾਣਾ ਨੂੰ ਭਾਰਤ ਹਵਾਲੇ ਕਰਨ ਦੀ ਅਪੀਲ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸਰਕਾਰ ਨੇ ਕੈਲੀਫੋਰਨੀਆ ਦੀ ਅਦਾਲਤ ਨੂੰ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਵੱਲੋਂ ਪਟੀਸ਼ਨ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ ਅਤੇ ਦੁਹਰਾਇਆ ਹੈ ਕਿ ਉਸ ਨੂੰ ਭਾਰਤ ਹਵਾਲੇ ਕੀਤਾ ਜਾਣਾ ਚਾਹੀਦਾ ਹੈ, ਜਿੱਥੇ ਉਹ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਲਈ ਲੋੜੀਂਦਾ ਹੈ। ਅਮਰੀਕਾ ਦੀ ਅਦਾਲਤ ਨੇ ਮਈ ਵਿਚ 62 ਸਾਲਾ ਰਾਣਾ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦਿੱਤੀ ਸੀ।

## ਅਮਰੀਕਾ ’ਚ 7 ਕਾਲੇ ਪ੍ਰਿੰਸੀਪਲਾਂ ਨੂੰ ਬਰਖਾਸਤ ਕਰਨ ਦਾ ਮਾਮਲਾ ਗਰਮਾਇਆ

ਸੈਕਰਾਮੈਂਟੋ, (ਪੰਜਾਬ ਮੇਲ)- ਸ਼ਿਕਾਗੋ ਪਬਲਿਕ ਸਕੂਲਜ਼ ਵੱਲੋਂ 2022-2023 ਵਿਦਿਅਕ ਸਾਲ ਦੌਰਾਨ 7 ਕਾਲੇ ਪ੍ਰਿੰਸੀਪਲਾਂ ਨੂੰ ਬਰਖਾਸਤ ਕਰਨ ਦਾ ਮਾਮਲਾ ਗਰਮਾ ਗਿਆ ਹੈ ਤੇ ਕਾਲਿਆਂ ਨਾਲ ਭੇਦਭਾਵ ਕਰਨ ਦੇ ਦੋਸ਼ ਲਾਏ ਜਾ ਰਹੇ ਹਨ। ਪ੍ਰਿੰਸੀਪਲ ਅਬਦੁਲ ਮੁਹੰਮਦ, ਪ੍ਰਿੰਸੀਪਲ ਗੇਰਾਲਡ ਮੋਰੋ ਤੇ ਪ੍ਰਿੰਸੀਪਲ ਕਿੰਬਰਲੀ ਗਿਬਸਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਹਟਾਇਆ ਗਿਆ ਹੈ। ਪ੍ਰਿੰਸੀਪਲਾਂ ਦੇ ਮਨੁੱਖੀ ਹੱਕਾਂ ਬਾਰੇ ਵਕੀਲ ਬੈਂਜਾਮਿਨ ਕਰੰਪ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਦੋਸ਼ ਲਾਇਆ

**■ਵਕੀਲ ਨੇ ਕਾਲਿਆਂ ਨਾਲ ਭੇਦਭਾਵ ਕਰਨ ਦੇ ਲਾਏ ਦੋਸ਼**

ਕਿ ਇਹ ਕਾਲਿਆਂ ਨਾਲ ਭੇਦਭਾਵ ਕਰਨ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਕ ਵਾਰ ਕੋਈ ਗੱਲ ਹੋਵੇ, ਤਾਂ ਉਸ ਨੂੰ ਘਟਨਾ ਕਿਹਾ ਜਾਂਦਾ ਹੈ, ਜੇਕਰ ਦੂਸਰੀ ਵਾਰ ਵਾਪਰੇ ਤਾਂ ਸੰਜੋਗਵੱਸ ਵਾਪਰੀ ਘਟਨਾ ਹੋ ਸਕਦੀ ਹੈ ਪਰੰਤੂ ਜੇਕਰ ਉਹ ਹੀ ਗੱਲ ਤਿੰਨ, ਚਾਰ, ਪੰਜ, ਛੇ ਤੇ ਸੱਤ ਵਾਰ ਵਾਪਰੇ, ਤਾਂ ਉਸ ਨੂੰ ਕਾਲਿਆਂ ਵਿਰੁੱਧ ਭੇਦਭਾਵ ਦਾ ਰੁਝਾਨ ਤੇ ਅਮਲ ਹੀ ਕਿਹਾ ਜਾਵੇਗਾ। ਕਰੰਪ ਨੇ ਚੁਣੇ ਹੋਏ ਪ੍ਰਤੀਨਿੱਧੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਦਖਲ ਦੇ ਕੇ ਪ੍ਰਿੰਸੀਪਲਾਂ ਨੂੰ ਨਿਆਂ ਦਿਵਾਉਣ। ਸ਼ਿਕਾਗੋ ਪਿੰਸੀਪਲਜ ਐਂਡ ਐਡਮਨਿਸਟ੍ਰੇਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਟੋਰੀ ਲਾਰਾਵੀਰ ਨੇ ਸਕੂਲ ਡਿਸਟ੍ਰਿਕਟ ਤੋਂ ਸਰਕਾਰੀ ਤੌਰ ’ਤੇ ਮੁਆਫੀ ਮੰਗਣ ਤੇ ਪ੍ਰਿੰਸੀਪਲਾਂ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ। ਐਸੋਸੀਏਸ਼ਨ ਨੇ ਯੂ.ਐੱਸ. ਡਿਪਾਰਟਮੈਂਟ ਆਫ ਜਸਟਿਸ ਸਿਵਲ ਰਾਈਟਸ ਡਵੀਜਨ ਤੇ ਮੇਅਰ ਦੇ ਦਫਤਰ ਤੋਂ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

# ਨਸਲੀ ਹੱਤਿਆਵਾਂ ਦਾ ਮਾਮਲਾ : ਟੈਕਸਾਸ ’ਚ 23 ਹੱਤਿਆਵਾਂ ਦੇ ਦੋਸ਼ੀ ਗੋਰੇ ਨੂੰ 90 ਉਮਰ ਕੈਦਾਂ


ਸੈਕਰਾਮੈਂਟੋ, (ਪੰਜਾਬ ਮੇਲ)- ਅਮਰੀਕਾ ਦੇ ਟੈਕਸਾਸ ਰਾਜ ਦੇ ਸ਼ਹਿਰ ਐਲ ਪਾਸੋ ਵਿਖੇ 3 ਅਗਸਤ 2019 ਨੂੰ ਵਾਲਮਾਰਟ ਸਟੋਰ ’ਚ ਨਸਲੀ ਹਮਲੇ ਵਿਚ 23 ਹੱਤਿਆਵਾਂ ਕਰਨ ਵਾਲੇ ਗੋਰੇ ਨੂੰ 90 ਉਮਰ ਕੈਦਾਂ ਦੀ ਸਜ਼ਾ ਸੁਣਾਉਣ ਦੀ ਖਬਰ ਹੈ, ਜਿਸ ਦਾ ਅਰਥ ਹੈ ਕਿ ਉਸ ਦੀ ਬਾਕੀ ਦੀ ਜ਼ਿੰਦਗੀ ਜੇਲ੍ਹ ਵਿਚ ਹੀ ਕਟੇਗੀ। ਅਜੇ ਵੀ ਉਸ ਨੂੰ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਲਬਰਟ ਆਰਮਨਡੇਰਿਜ਼ ਸੀਨੀਅਰ ਫੈਡਰਲ ਕੋਰਟ ਹਾਊਸ ਡਾਊਨ ਟਾਊਨ ਐਲ ਪਾਸੋ ਵਿਖੇ ਸੀਨੀਅਰ ਯੂ.ਐੱਸ. ਡਿਸਟ੍ਰਿਕਟ ਜੱਜ ਡੇਵਿਡ ਸੀ ਗੁਆਡਰਮਾ ਨੇ ਸਜ਼ਾ ਲਈ ਤਿੰਨ ਦਿਨ ਚੱਲੀ ਸੁਣਵਾਈ ਉਪਰੰਤ ਪੈਟਰਿਕ ਕਰੂਸਿਸ (24) ਨੂੰ ਉਸ ਵਿਰੁੱਧ ਲੱਗੇ 90 ਸੰਘੀ ਦੋਸ਼ਾਂ ਵਿਚੋਂ ਹਰੇਕ ਦੋਸ਼ ਲਈ ਉਮਰ ਕੈਦ ਦੀ ਸਜਾ ਸੁਣਾਈ, ਜਿਨਾਂ ਦੋਸ਼ਾਂ ਨੂੰ ਕਰੂਸਿਸ ਨੇ ਇਸ ਸਾਲ ਦੇ ਸ਼ੁਰੂ ਵਿਚ ਮੰਨ ਲਿਆ ਸੀ। ਵਾਲਮਾਰਟ ਵਿਚ ਮਾਰੇ ਗਏ ਲੋਕਾਂ ਵਿਚ ਐਲ ਪਾਸੋ, ਜੂਆਰੇਜ਼, ਮੈਕਸੀਕੋ ਤੇ ਜਰਮਨੀ ਦੇ ਲੋਕ ਸ਼ਾਮਲ ਸਨ। ਸੁਣਵਾਈ ਸਮੇਂ ਅਦਾਲਤ ਦਾ ਕਮਰਾ ਖਚਾਖਚ ਭਰਿਆ ਹੋਇਆ ਸੀ। ਮੌਜੂਦ ਲੋਕਾਂ ਵਿਚ ਪੀੜਤ ਤੇ ਹੋਰ ਲੋਕ ਸ਼ਾਮਲ ਸਨ। ਸੁਣਵਾਈ ਦੌਰਾਨ ਕਰੂਸਿਸ ਨੂੰ ਅਦਾਲਤ ਵਿਚ ਬੋਲਣ ਦਾ ਮੌਕਾ ਦਿੱਤਾ ਗਿਆ ਪਰ ਉਸ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਹਮਲਾਵਰ ਕਰੂਸਿਸ ਐਲਨ, ਟੈਕਸਾਸ ਤੋਂ 700 ਮੀਲ ਦਾ ਪੈਂਡਾ ਕਰਕੇ 3 ਅਗਸਤ 2019 ਦੀ ਸਵੇਰ ਨੂੰ ਐਲ ਪਾਸੋ ਪੁੱਜਾ ਸੀ। ਉਸ ਨੇ ਆਪਣਾ ਵਾਹਣ

**■ਹਿਸਪੈਨਿਕ ਲੋਕਾਂ ਨੂੰ ਬਣਾਇਆ ਸੀ ਨਿਸ਼ਾਨਾ**



**ਪੈਟਰਿਕ ਕਰੂਸਿਸ (ਵਿਚਾਲੇ) ਦੀ ਇਕ ਫਾਇਲ ਤਸਵੀਰ।**

ਐਲ ਪਾਸੋ ਵਾਲਮਾਰਟ ਦੇ ਸਾਹਮਣੇ ਖੜ੍ਹਾ ਕੀਤਾ। ਬਾਅਦ ਵਿਚ ਉਹ ਆਪਣੇ ਵਾਹਣ ਵਿਚੋਂ ਸੈਮੀਆਟੋਮੈਟਿਕ ਰਾਈਫਲ ਤੇ ਏ.ਕੇ. 47 ਅਸਾਲਟ ਰਾਈਫਲ ਵਰਗੇ ਹਥਿਆਰ ਲੈ ਕੇ ਨਿਕਲਿਆ ਤੇ ਪਾਰਕਿੰਗ ਵਿਚ ਨਿਰਦੋਸ਼ ਲੋਕਾਂ ਨੂੰ ਗੋਲੀਆਂ ਮਾਰਨ ਉਪਰੰਤ ਉਹ ਸਟੋਰ ਵਿਚ ਵੜ ਗਿਆ, ਜਿਥੇ ਉਸ ਨੇ ਹੋਰ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ। ਇਸ ਹਮਲੇ ਵਿਚ 23 ਲੋਕ ਮਾਰੇ ਗਏ ਸਨ ਤੇ ਦਰਜਨਾਂ ਹੋਰ ਜ਼ਖਮੀ ਹੋਏ ਸਨ। ਬਾਅਦ ਵਿਚ ਉਹ ਉਥੋਂ ਫਰਾਰ ਹੋ ਗਿਆ ਸੀ। ਕੁਝ ਮਿੰਟਾਂ ਬਾਅਦ ਹੀ ਉਸ ਨੇ ਇਕ ਇੰਟਰਸੈਕਸ਼ਨ ਨੇੜੇ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ। ਆਤਮ ਸਮਰਪਣ ਵੇਲੇ ਉਸ ਨੇ ਕਿਹਾ ਸੀ ‘ਹਾਂ ਮੈ ਹਾਂ ਸ਼ੂਟਰ।’ ਉਸ ਨੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਅੱਗੇ ਮੰਨਿਆ ਕਿ ਉਸ ਨੇ ਹਿਸਪੈਨਿਕ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ, ਤਾਂ ਜੋ ਮੈਕਸੀਕਨਾਂ ਤੇ ਹੋਰ ਹਿਸਪੈਨਿਕ ਲੋਕਾਂ ਨੂੰ ਅਮਰੀਕਾ ਆਉਣ ਤੋਂ ਰੋਕਿਆ ਜਾ ਸਕੇ।

# ਕੈਲੀਫੋਰਨੀਆ ਸੈਨੇਟ ਜੁਡੀਸ਼ਰੀ ਕਮੇਟੀ ਨੇ ਜਾਤੀ ਭੇਦਭਾਵ ਬਿੱਲ ਨੂੰ ਦਿੱਤੀ ਮਨਜ਼ੂਰੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਗੋਲਡਨ ਸਟੇਟ ਕੈਲੀਫੋਰਨੀਆ ਵਿਚ ਜਾਤ-ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਲਈ ਬਿੱਲ #SB403 ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਸੈਨੇਟ ਜੁਡੀਸ਼ਰੀ ਕਮੇਟੀ ਨੇ ਇਸ ਬਿੱਲ ਨੂੰ 11-0 ਦੇ ਵੋਟ ਨਾਲ ਪਾਸ ਕੀਤਾ। ਇਹ ਬਿੱਲ ਹੁਣ ਵਿਚਾਰ ਲਈ ਸਦਨ ਵਿਚ ਜਵੇਗਾ। ਇਹ ਜਿੱਤ ਨੂੰ ਜਿਥੇ ਵੱਖ-ਵੱਖ ਅਮਰੀਕਨ ਸਮੂਹਾਂ ਨੇ ਸਾਥ ਦਿੱਤਾ, ਉਥੇ ਇਸਨੂੰ ਸਿੱਖ ਤੇ ਮੂਲ ਨਿਵਾਸੀ ਭਾਰਤੀਆਂ ਦਲਿਤਾਂ ਦੀ ਸਮੂਹਿਕ ਜਿੱਤ ਦੇ ਤੌਰ 'ਤੇ ਵੀ ਦੇਖਿਆ ਜਾ ਰਿਹਾ ਹੈ। ਇਹ ਸੈਨੇਟਰ ਆਇਸ਼ਾ ਦੀ ਸਮਾਜਿਕ ਨਿਆਂ ਲਈ ਅਣਥੱਕ ਵਕਾਲਤ ਦੀ ਵੀ ਜਿੱਤ ਹੈ। ਇਹ ਬਿਲ ਪਾਸ ਹੋਣ ਨਾਲ ਕੈਲੇਫੋਰਨੀਆ 'ਚ ਜਾਤ-ਪਾਤ ਆਧਾਰਿਤ ਵਿਤਕਰੇ ਨੂੰ ਗੈਰਕਾਨੂੰਨੀ ਮੰਨਦਿਆਂ ਵਿਤਕਰਾ ਕਰਨ ਵਾਲੇ ਖਿਲਾਫ ਕਾਨੂੰਨ ਕਾਰਵਾਈ ਹੋ ਸਕੇਗੀ। ਪਹਿਲਾਂ ਇਹ ਬਿੱਲ ਕੈਲੇਫੋਰਨੀਆ ਸੈਨੇਟ ਵਿਚ ਪਾਸ ਹੋ ਚੁੱਕਾ ਹੈ।




ਦਲਿਤ ਸਿੱਖ ਭਾਈਚਾਰੇ ਦੇ ਲੋਕ ਬਿੱਲ ਦੇ ਸਮਰਥਨ 'ਚ।

ਇਸ ਬਿੱਲ ਅਫਗਾਨ-ਅਮਰੀਕਨ ਮੂਲ ਦੀ ਫਰੀਮਾਂਟ ਤੋਂ ਡੈਮੋਕਰੈਟਿਕ ਸੈਨੇਟਰ ਆਇਸ਼ਾ ਵਹਾਬ ਨੇ ਲਿਆਂਦਾ ਸੀ। ਪਹਿਲੇ ਪਹਿਲ ਉਸ 'ਤੇ ਹਰ ਤਰੀਕੇ ਦਬਾਅ ਪਾਇਆ ਗਿਆ ਕਿ ਬਿੱਲ ਵਿਚੋਂ ਲਫਜ਼ "ਜ਼ਾਤ" ਕੱਢ ਦਿੱਤਾ ਜਾਵੇ। ਪਰ ਨਿਆਂਪਾਲਿਕਾ ਦੇ ਚੇਅਰਪਰਸਨ ਬ੍ਰਾਇਨ ਮੇਨਸ਼ੇਨ, ਸਾਨ ਡਿਆਗੋ ਡੈਮੋਕਰੇਟ, ਵੱਲੋਂ ਬਿੱਲ ਵਿਚੋਂ "ਜਾਤ" ਸ਼ਬਦ ਨੂੰ ਹਟਾਉਣ ਅਤੇ ਬਦਲਣ ਦੇ ਪਹਿਲੇ ਸੁਝਾਵਾਂ ਨੂੰ ਰੱਦ ਕਰ ਦਿੱਤਾ ਹੈ। ਵਹਾਬ ਨੇ ਕਮੇਟੀ ਦੀ ਸੁਣਵਾਈ ਤੋਂ ਬਾਅਦ ਇੱਕ ਬਿਆਨ ਵਿਚ ਕਿਹਾ, "SB403 ਜਾਤੀ ਭੇਦਭਾਵ ਨੂੰ ਖਤਮ ਕਰੇਗਾ। ਇਸ ਬਿੱਲ ਵਿਚ ਸ਼ਾਮਲ ਪਰਿਭਾਸ਼ਾ ਅਤੇ ਸੁਰੱਖਿਆ ਲੱਖਾਂ ਲੋਕਾਂ ਦੀ ਸੁਰੱਖਿਆ ਕਰੇਗੀ।

ਬਿਲ ਦੇ ਸਮਰਥਨ ਵਿਚ ਬੋਲਣ ਵਾਲੇ ਦੋ ਗਵਾਹਾਂ ਵਿਚੋਂ ਇੱਕ, ਕਾਰਜ ਸਥਾਨ ਦੀ ਵਕੀਲ ਤਰੀਨਾ ਮੰਡ ਨੇ ਕਿਹਾ, SB403 ਕੈਲੀਫੋਰਨੀਆ ਨੂੰ ਸਾਰਿਆਂ ਲਈ ਇੱਕ ਨਿਆਂਪੂਰਨ ਅਤੇ ਬਰਾਬਰੀ ਵਾਲਾ ਸਥਾਨ ਬਣਾਉਣ ਲਈ ਇੱਕ ਮਹੱਤਵਪੂਰਨ ਬਿੱਲ ਹੈ। ਦੂਜੇ ਪਾਸੇ ਵਿਰੋਧੀ ਧਿਰ ਹਿੰਦੂ ਅਮਰੀਕਨ ਫਾਊਂਡੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਸਮੀਰ ਕਾਲੜਾ ਨੇ ਕਿਹਾ ਕਿ ਉਹ ਨਿਰਾਸ਼ ਜ਼ਰੂਰ ਹਨ ਪਰ ਵਿਧਾਨ ਸਭਾ ਦੁਆਰਾ ਬਿੱਲ 'ਤੇ ਵੋਟ ਪਾਉਣ ਤੋਂ ਪਹਿਲਾਂ ਇਸ ਮੁੱਦੇ 'ਤੇ ਸੰਸਦ ਮੈਂਬਰਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਨੂੰ ਜਾਰੀ ਰੱਖਣਗੇ।

# ਵਿਸ਼ਵ ਬੈਂਕ ਦੇ ਪ੍ਰਧਾਨ ਬਣਨ ਤੋਂ ਬਾਅਦ ਅਜੈ ਬੰਗਾ ਪਹਿਲੀ ਵਾਰ ਕਰਨਗੇ ਭਾਰਤ ਦਾ ਦੌਰਾ



**ਵਾਸ਼ਿੰਗਟਨ, (ਪੰਜਾਬ ਮੇਲ)**- ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਅਗਲੇ ਹਫ਼ਤੇ ਅਹਿਮਦਾਬਾਦ ਵਿਚ ਜੀ-20 ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕ ਦੇ ਗਵਰਨਰਾਂ ਦੀ ਮੀਟਿੰਗ 'ਚ ਸ਼ਾਮਲ ਹੋਣ ਲਈ ਭਾਰਤ ਦਾ ਦੌਰਾ ਕਰਨਗੇ। ਵਿਸ਼ਵ ਬੈਂਕ ਦੇ ਪ੍ਰਧਾਨ ਦਾ ਅਹੁਦਾ ਸੰਭਾਲਣ ਤੋਂ ਬਾਅਦ ਬੰਗਾ ਦੀ ਇਹ ਪਹਿਲੀ ਭਾਰਤ ਯਾਤਰਾ ਹੋਵੇਗੀ। ਭਾਰਤੀ-ਅਮਰੀਕੀ ਬੰਗਾ (63) ਨੇ ਜੂਨ ਵਿਚ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ ਸੀ।

ਇਸ ਦੇ ਨਾਲ ਹੀ ਉਹ ਦੋ ਗਲੋਬਲ ਵਿੱਤੀ ਸੰਸਥਾਵਾਂ - ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਵਿਚੋਂ ਕਿਸੇ ਇੱਕ ਦਾ ਵੀ ਪ੍ਰਧਾਨ ਦਾ ਅਹੁਦਾ ਸੰਭਾਲਣ ਵਾਲੇ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਬਣ ਗਏ ਹਨ। ਭਾਰਤ ਕੋਲ ਜੀ-20 ਦੀ ਪ੍ਰਧਾਨਗੀ ਹੈ। ਗੁਜਰਾਤ ਜੁਲਾਈ ਦੇ ਪਹਿਲੇ ਦੋ ਹਫ਼ਤਿਆਂ ਵਿਚ ਚਾਰ ਜੀ-20 ਮੀਟਿੰਗਾਂ ਦੀ ਮੇਜ਼ਬਾਨੀ ਕਰੇਗਾ।

ਅਧਿਕਾਰੀਆਂ ਅਨੁਸਾਰ, ਇਹ ਮੀਟਿੰਗਾਂ ਵਪਾਰਕ ਪ੍ਰਤੀਨਿਧੀਆਂ ਨੂੰ ਵੱਖ-ਵੱਖ ਆਰਥਿਕ ਅਤੇ ਵਪਾਰ ਨਾਲ ਸਬੰਧਤ ਵਿਸ਼ਿਆਂ 'ਤੇ ਆਪਣੇ ਵਿਚਾਰ ਅਤੇ ਨੀਤੀਗਤ ਸਿਫਾਰਸ਼ਾਂ ਸਾਂਝੀਆਂ ਕਰਨ ਦਾ ਮੌਕਾ ਪ੍ਰਦਾਨ ਕਰਨਗੀਆਂ। ਉਨ੍ਹਾਂ ਕਿਹਾ ਕਿ ਇਹ ਮੀਟਿੰਗਾਂ ਆਲਮੀ ਆਰਥਿਕ ਏਜੰਡੇ ਅਤੇ ਨੀਤੀਆਂ ਨੂੰ ਰੂਪ ਦੇਣ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ।

# ਸ਼ਮਸ਼ੇਰ ਸਿੰਘ ਥਿੰਦ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਵੱਡੀ ਗਿਣਤੀ 'ਚ ਲੋਕ ਪੁੱਜੇ

**ਸਰੀ, (ਹਰਦਮ ਮਾਨ/ਪੰਜਾਬ ਮੇਲ)** - ਰੈੱਡ ਐੱਫ.ਐੱਮ. ਰੇਡੀਓ ਦੇ ਨਾਮਵਰ ਹੋਸਟ ਹਰਜਿੰਦਰ ਸਿੰਘ ਥਿੰਦ ਦੇ ਪਿਤਾ ਸ਼ਮਸ਼ੇਰ ਸਿੰਘ ਥਿੰਦ ਦੀ ਆਤਮਿਕ ਸ਼ਾਤੀ ਨਮਿਤ ਰੱਖੇ ਗਏ ਸਹਿਜ ਪਾਠ ਦੇ ਭੋਗ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਸਰੀ ਵਿਖੇ ਪਾਏ ਗਏ। ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਸਵ. ਸ਼ਮਸ਼ੇਰ ਸਿੰਘ ਥਿੰਦ ਨੂੰ ਸਿਜਦਾ ਕਰਨ ਲਈ ਵੈਨਕੂਵਰ, ਸਰੀ, ਐਬਸਫੋਰਡ ਅਤੇ ਹੋਰਨਾਂ ਸ਼ਹਿਰਾਂ ਤੋਂ ਵੱਡੀ ਗਿਣਤੀ 'ਚ ਪਰਿਵਾਰ ਦੇ ਸ਼ੁਭਚਿੰਤਕ ਪੁੱਜੇ, ਜਿਨ੍ਹਾਂ ਵਿਚ ਰਾਜਨੀਤਿਕ, ਸਮਾਜਿਕ, ਕਾਰੋਬਾਰ ਅਤੇ ਮੀਡੀਆ ਨਾਲ ਸੰਬੰਧਤ ਸ਼ਖ਼ਸੀਅਤਾਂ ਸ਼ਾਮਲ ਸਨ। ਭੋਗ ਉਪਰੰਤ ਗਿਆਨੀ ਨਰਿੰਦਰ ਸਿੰਘ ਨੇ ਥਿੰਦ ਪਰਿਵਾਰ ਵੱਲੋਂ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।



# ਅਮਰੀਕੀ ਸੰਘੀ ਏਜੰਟਾਂ ਵੱਲੋਂ 'ਸਵੈ-ਇੱਛਤ ਵਾਪਸੀ'' ਲਈ ਸ਼ਰਣ ਮੰਗਣ ਵਾਲਿਆਂ 'ਤੇ ਪਾਇਆ ਜਾ ਰਿਹੈ ਦਬਾਅ

**ਵਾਸ਼ਿੰਗਟਨ, (ਪੰਜਾਬ ਮੇਲ)**- ਇਮੀਗ੍ਰੇਸ਼ਨ ਵਕੀਲਾਂ ਨੇ ਚਿਤਾਵਨੀ ਦਿੱਤੀ ਹੈ ਕਿ ਬਾਰਡਰ ਏਜੰਟ ਕੁਝ ਵੈਨੇਜ਼ੁਏਲਾ ਪਨਾਹ ਮੰਗਣ ਵਾਲਿਆਂ ਨੂੰ ਅਮਰੀਕਾ ਵਿਚ ਰਹਿਣ ਦਾ ਇੱਕ ਵੱਡਾ ਮੌਕਾ ਦੇਣ ਦਾ ਵਾਅਦਾ ਕਰ ਰਹੇ ਹਨ, ਜੇਕਰ ਉਹ ਪਹਿਲਾਂ ਮੈਕਸੀਕੋ ਪਰਤਣ ਲਈ ਸਹਿਮਤ ਹੁੰਦੇ ਹਨ ਅਤੇ ਉੱਥੋਂ ਦੁਬਾਰਾ ਦਾਖਲ ਹੋਣ ਲਈ ਅਪੁਆਇੰਟਮੈਂਟ ਲੈਂਦੇ ਹਨ - ਜਾਂ ਨਹੀਂ ਤਾਂ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ - ਪਰ ਫਿਰ ਪ੍ਰਵਾਸੀਆਂ ਨੂੰ ਮੈਕਸੀਕੋ ਦੇ ਅੰਦਰੂਨੀ ਹਿੱਸੇ ਵਿਚ ਭੇਜਿਆ ਜਾਂਦਾ ਹੈ ਅਤੇ ਅਮਰੀਕੀ ਸ਼ਰਣ ਪ੍ਰਣਾਲੀ ਤੱਕ ਪਹੁੰਚਣ ਦੇ ਕਿਸੇ ਵੀ ਤਰੀਕੇ ਦੇ ਬਿਨਾਂ ਉੱਥੇ ਫਸ ਜਾਂਦੇ ਹਨ। ਲੋਕ ਰਿਪੋਰਟ ਕਰਦੇ ਹਨ ਕਿ ਅਮਰੀਕੀ ਸੰਘੀ ਏਜੰਟਾਂ ਦੁਆਰਾ ਪ੍ਰਬੰਧ ਲਈ ਸਾਈਨ ਅੱਪ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ, ਜਿਸ ਨੂੰ "ਸਵੈ-ਇੱਛਤ ਵਾਪਸੀ" ਕਿਹਾ ਜਾਂਦਾ ਹੈ, ਜਿਸ ਵਿਚ ਯੂ.ਐੱਸ.-ਮੈਕਸੀਕੋ ਸਰਹੱਦ ਪਾਰ ਜਾਂ ਉਨ੍ਹਾਂ ਦੇਸ਼ਾਂ ਵਿਚ ਵਾਪਸ ਜਾਣ ਦਾ ਵਿਕਲਪ ਸ਼ਾਮਲ ਹੁੰਦਾ ਹੈ, ਜਿੱਥੇ ਉਹ ਮੂਲ ਰੂਪ ਵਿਚ ਭੱਜ ਕੇ ਆਏ ਸਨ। ਯੂ.ਐੱਸ. ਸਰਕਾਰ ਇੱਕ ਕਿਸਮ ਦੀ ਸਟਿੱਕ ਅਤੇ ਕੈਰੇਟ ਪਹੁੰਚ ਅਪਣਾਉਂਦੀ ਹੈ, ਕਿਉਂਕਿ ਉਹ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਘੱਟ ਲੋਕਾਂ ਨਾਲ ਨਜਿੱਠਣਾ ਚਾਹੁੰਦੇ ਹਨ। "ਸਟਿੱਕ" ਨੂੰ ਦੇਸ਼ ਨਿਕਾਲੇ ਅਤੇ ਸੰਬੰਧਿਤ ਨਤੀਜਿਆਂ ਦੀ ਧਮਕੀ ਦਿੱਤੀ ਜਾ ਰਹੀ ਹੈ ਜਿਵੇਂ ਕਿ ਅਮਰੀਕਾ ਵਾਪਸ ਆਉਣ 'ਤੇ ਪੰਜ ਸਾਲ ਦੀ ਪਾਬੰਦੀ, ਜਦੋਂ ਤੱਕ ਉਹ ਛੱਡਣ ਲਈ ਸਹਿਮਤ ਨਹੀਂ ਹੁੰਦੇ - ਇਸ ਤੋਂ ਪਹਿਲਾਂ ਕਿ ਉਹ ਇੰਟਰਵਿਊ ਵਿਚੋਂ ਲੰਘਦੇ ਹਨ, ਜੋ ਘਰ ਜਾਣ ਦੇ ਭਰੋਸੇਯੋਗ ਡਰ ਲਈ ਸਕ੍ਰੀਨ ਕਰਦਾ ਹੈ। ਅਤੇ "ਕੈਰੇਟ" ਪਨਾਹ ਮੰਗਣ ਵਾਲਿਆਂ ਨੂੰ ਕਿਹਾ ਜਾ ਰਿਹਾ ਹੈ ਕਿ ਜੇ ਉਹ ਕਿਸੇ ਹੋਰ ਦੇਸ਼ ਤੋਂ ਬਾਇਡਨ ਪ੍ਰਸ਼ਾਸਨ ਦੁਆਰਾ ਪ੍ਰਵਾਨਿਤ ਪ੍ਰਕਿਰਿਆ ਦੁਆਰਾ ਦੁਬਾਰਾ ਕੋਸ਼ਿਸ਼ ਕਰਦੇ ਹਨ, ਤਾਂ ਉਨ੍ਹਾਂ ਨੂੰ ਪਨਾਹ ਦਿੱਤੇ ਜਾਣ ਦਾ ਵਧੀਆ ਮੌਕਾ ਮਿਲੇਗਾ।


TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

www.takharfamilymedicine.com

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay



# ਵਿਅਕਤੀ ਦੀ ਮੌਤ ਤੋਂ ਬਾਅਦ ਜ਼ਰੂਰੀ ਦਸਤਾਵੇਜ਼ਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ

ਨਵੀਂ ਦਿੱਲੀ, (ਪੰਜਾਬ ਮੇਲ)- ਆਧਾਰ ਕਾਰਡ, ਪੈਨ ਕਾਰਡ, ਵੋਟਰ ਆਈ.ਡੀ. ਕਾਰਡ, ਪਾਸਪੋਰਟ ਕੁਝ ਅਜਿਹੇ ਦਸਤਾਵੇਜ਼ ਹਨ, ਜੋ ਭਾਰਤ 'ਚ ਰਹਿਣ ਵਾਲੇ ਹਰੇਕ ਨਾਗਰਿਕ ਨੂੰ ਲੋੜੀਂਦੇ ਹਨ। ਇਨ੍ਹਾਂ ਸਾਰੇ ਦਸਤਾਵੇਜ਼ਾਂ ਨਾਲ ਤੁਸੀਂ ਨਾ ਸਿਰਫ਼ ਆਪਣੀ ਪਛਾਣ ਬਣਾ ਸਕਦੇ ਹੋ, ਸਗੋਂ ਤੁਸੀਂ ਕਿਸੇ ਵੀ ਸਰਕਾਰੀ ਯੋਜਨਾ ਦਾ ਲਾਭ ਵੀ ਲੈ ਸਕਦੇ ਹੋ। ਬੈਂਕ 'ਚ ਖਾਤਾ ਖੋਲ੍ਹਣ ਲਈ ਪੈਨ ਕਾਰਡ ਅਤੇ ਆਧਾਰ ਕਾਰਡ ਜ਼ਰੂਰੀ ਹੈ। ਇਸ ਦੇ ਨਾਲ ਹੀ ਵਿਦੇਸ਼ ਜਾਣ ਲਈ ਪਾਸਪੋਰਟ ਦੀ ਲੋੜ ਹੁੰਦੀ ਹੈ। ਅਜਿਹੇ 'ਚ ਲੋਕ ਇਨ੍ਹਾਂ ਦਸਤਾਵੇਜ਼ਾਂ ਨੂੰ ਬਹੁਤ ਧਿਆਨ ਨਾਲ ਰੱਖਦੇ ਹਨ। ਪਰ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਤਾਂ ਮਨ 'ਚ ਸਵਾਲ ਪੈਦਾ ਹੁੰਦਾ ਹੈ ਕਿ ਮ੍ਰਿਤਕ ਦੇ ਜ਼ਰੂਰੀ ਦਸਤਾਵੇਜ਼ਾਂ ਦਾ ਕੀ ਕੀਤਾ ਜਾਵੇ? ਜੇਕਰ ਤੁਹਾਡੇ ਦਿਮਾਗ 'ਚ ਵੀ ਇਹ ਸਵਾਲ ਉੱਠ ਰਿਹਾ ਹੈ, ਤਾਂ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਕਿਸੇ ਵਿਅਕਤੀ ਦੀ ਮੌਤ ਤੋਂ ਬਾਅਦ ਇਨ੍ਹਾਂ ਸਾਰੇ ਦਸਤਾਵੇਜ਼ਾਂ ਦਾ ਕੀ ਕੀਤਾ ਜਾਣਾ ਚਾਹੀਦਾ ਹੈ?

### ਪੈਨ ਕਾਰਡ

2023 ਦਾ ਬਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਐਲਾਨ ਕੀਤਾ ਸੀ ਕਿ ਪੈਨ ਕਾਰਡ ਨੂੰ ਹੁਣ ਵਪਾਰਕ ਆਈ.ਡੀ. ਦੇ ਤੌਰ 'ਤੇ ਵਰਤਿਆ ਜਾਵੇਗਾ। ਜੇਕਰ ਤੁਹਾਨੂੰ ਕੋਈ ਵਿੱਤੀ ਕੰਮ ਪੂਰਾ ਕਰਨਾ ਹੈ, ਤਾਂ ਪੈਨ ਕਾਰਡ ਹੋਣਾ ਜ਼ਰੂਰੀ ਹੈ। ਅਜਿਹੇ 'ਚ ਜੇਕਰ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਤਾਂ ਪੈਨ ਕਾਰਡ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਬਾਅਦ 'ਚ ਇਸ ਦਾ ਫਾਇਦਾ ਚੁੱਕਿਆ ਜਾ ਸਕਦਾ ਹੈ। ਜੇਕਰ ਤੁਹਾਡੇ ਪਰਿਵਾਰ 'ਚ ਕਿਸੇ ਵਿਅਕਤੀ ਦੀ ਮੌਤ ਹੋ ਗਈ ਹੈ, ਤਾਂ ਤੁਹਾਨੂੰ ਤੁਰੰਤ ਇਨਕਮ ਟੈਕਸ ਵਿਭਾਗ ਨਾਲ ਸੰਪਰਕ ਕਰਕੇ ਉਸ ਦਾ ਪੈਨ ਕਾਰਡ ਸਰੰਡਰ ਕਰ ਦੇਣਾ ਚਾਹੀਦਾ ਹੈ। ਧਿਆਨ ਰਹੇ ਕਿ ਪੈਨ ਕਾਰਡ ਸਰੰਡਰ ਕਰਨ ਤੋਂ ਪਹਿਲਾਂ ਇਸ ਕਾਰਡ ਨਾਲ ਜੁੜੇ ਸਾਰੇ ਖਾਤਿਆਂ ਨੂੰ ਕਿਸੇ ਹੋਰ ਦੇ ਨਾਂਅ 'ਤੇ ਟ੍ਰਾਂਸਫਰ ਕਰ ਲਓ। ਇਸ ਤੋਂ ਬਾਅਦ ਹੀ ਸਰੰਡਰ ਕਰੋ।




### ਆਧਾਰ ਕਾਰਡ

ਯੂ.ਆਈ.ਡੀ.ਏ.ਆਈ. ਵੱਲੋਂ ਜਾਰੀ ਕੀਤਾ ਆਧਾਰ ਕਾਰਡ ਇੱਕ ਯੂਨੀਵਰਸਲ ਆਈ.ਡੀ. ਹੈ। ਲਗਭਗ ਹਰ ਸਰਕਾਰੀ ਸਕੀਮ ਦਾ ਲਾਭ ਲੈਣਾ ਜ਼ਰੂਰੀ ਹੈ। ਜੇਕਰ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਤਾਂ ਉਸ ਦਾ ਆਧਾਰ ਕਾਰਡ ਸਰੰਡਰ ਕਰਨ ਦਾ ਕੋਈ ਆਪਸ਼ਨ ਨਹੀਂ ਹੈ। ਅਜਿਹੇ 'ਚ ਤੁਸੀਂ ਸਿਰਫ਼ ਆਧਾਰ ਨੂੰ ਲੌਕ ਕਰਵਾ ਸਕਦੇ ਹੋ। ਤੁਸੀਂ ਆਧਾਰ ਨੂੰ ਲੌਕ ਕਰਵਾ ਕੇ ਇਸ ਦੀ ਦੁਰਵਰਤੋਂ ਨੂੰ ਰੋਕ ਸਕਦੇ ਹੋ।

### ਪਾਸਪੋਰਟ

ਦੱਸ ਦੇਈਏ ਕਿ ਆਧਾਰ ਕਾਰਡ ਦੀ ਤਰ੍ਹਾਂ ਪਾਸਪੋਰਟ ਸਰੰਡਰ ਕਰਨ ਦਾ ਕੋਈ ਆਪਸ਼ਨ ਨਹੀਂ ਹੈ। ਪਾਸਪੋਰਟ ਹਰ 10 ਸਾਲ ਬਾਅਦ ਰੀਨਿਊ ਕਰਵਾਉਣਾ ਪੈਂਦਾ ਹੈ। ਜੇਕਰ ਕੋਈ ਵਿਅਕਤੀ ਅਜਿਹਾ ਨਹੀਂ ਕਰਦਾ, ਤਾਂ ਉਹ ਆਪਣੇ ਆਪ ਅਯੋਗ ਹੋ ਜਾਵੇਗਾ। ਅਜਿਹੇ 'ਚ ਉਦੋਂ ਤੱਕ ਪਾਸਪੋਰਟ ਨੂੰ ਸੁਰੱਖਿਅਤ ਰੱਖੋ, ਤਾਂ ਕਿ ਇਹ ਗਲਤ ਹੱਥਾਂ 'ਚ ਨਾ ਜਾਵੇ।

### ਵੋਟਰ ਆਈ.ਡੀ.

ਚੋਣਾਂ 'ਚ ਵੋਟ ਪਾਉਣ ਲਈ ਹਰੇਕ ਵਿਅਕਤੀ ਕੋਲ ਵੋਟਰ ਪਛਾਣ ਪੱਤਰ ਹੋਣਾ ਜ਼ਰੂਰੀ ਹੈ। ਇਹ ਵੀ ਇੱਕ ਬਹੁਤ ਹੀ ਮਹੱਤਵਪੂਰਨ ਆਈ.ਡੀ. ਜੇਕਰ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਤਾਂ ਤੁਸੀਂ ਉਸ ਦਾ ਵੋਟਰ ਆਈ.ਡੀ. ਕਾਰਡ ਰੱਦ ਕਰਵਾ ਸਕਦੇ ਹੋ। ਇਸ ਦੇ ਲਈ ਤੁਹਾਨੂੰ ਚੋਣ ਕਮਿਸ਼ਨ ਦੇ ਦਫਤਰ ਜਾ ਕੇ ਫਾਰਮ-7 ਲੈਣਾ ਹੋਵੇਗਾ। ਇਸ ਤੋਂ ਬਾਅਦ ਤੁਹਾਡੀ ਵੋਟਰ ਆਈ.ਡੀ. ਰੱਦ ਕਰ ਦਿੱਤੀ ਜਾਵੇਗੀ।

# ਭਾਜਪਾ-ਅਕਾਲੀ ਦਲ ਵੱਲੋਂ ਗਠਜੋੜ ਦੀ ਸੰਭਾਵਨਾ ਸਿਰੇ ਤੋਂ ਖਾਰਜ!

- ਗਠਜੋੜ 'ਚ ਰੁਕਾਵਟ ਬਣੇ ਯੂ.ਸੀ.ਸੀ. ਤੇ ਬੰਦੀ ਸਿੱਖਾਂ ਦੀ ਰਿਹਾਈ ਵਰਗੇ ਮਸਲੇ
- ਸਿੱਖ ਬੰਦੀਆਂ ਦੀ ਰਿਹਾਈ 'ਤੇ ਦਬਾਅ ਬਣਾ ਰਿਹੈ ਅਕਾਲੀ ਦਲ

ਜਲੰਧਰ, (ਪੰਜਾਬ ਮੇਲ)-ਪੰਜਾਬ 'ਚ ਇਨ੍ਹੀਂ ਦਿਨੀਂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਗਠਜੋੜ ਦੀਆਂ ਚਰਚਾਵਾਂ ਸੁਰਖੀਆਂ ਵਿਚ ਸਨ ਪਰ ਲਗਭਗ ਇਕ ਹਫ਼ਤੇ ਤੱਕ ਟ੍ਰੈਂਡ ਵਿਚ ਰਹੀ ਇਹ ਚਰਚਾ ਠੰਡੇ ਬਸਤੇ ਵਿਚ ਜਾਂਦੀ ਹੋਈ ਨਜ਼ਰ ਆ ਰਹੀ ਹੈ। ਦੋਵਾਂ ਪਾਰਟੀਆਂ ਵੱਲੋਂ ਕਿਸੇ ਵੀ ਤਰ੍ਹਾਂ ਦੇ ਗਠਜੋੜ ਦੀ ਸੰਭਾਵਨਾ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਗਿਆ ਹੈ। ਭਾਜਪਾ ਦੇ ਸੂਬਾ ਇੰਚਾਰਜ ਵਿਜੇ ਰੁਪਾਣੀ ਨੇ 13 ਸੀਟਾਂ 'ਤੇ ਵੱਖ ਚੋਣ ਲੜਨ ਦਾ ਦਾਅਵਾ ਕਰ ਦਿੱਤਾ ਹੈ। ਇਸੇ ਤਰ੍ਹਾਂ ਸੂਬੇ ਦੇ ਨਵੇਂ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਗਠਜੋੜ ਸਬੰਧੀ ਅਕਾਲੀ ਦਲ ਨਾਲ ਗੱਲਬਾਤ ਦੀ ਚਰਚਾ ਨੂੰ ਖਾਰਜ ਕਰ ਦਿੱਤਾ ਹੈ।

ਅਚਾਨਕ ਟ੍ਰੈਂਡ ਵਿਚ ਚੱਲ ਰਹੇ ਮਾਮਲੇ ਦੇ ਠੰਡਾ ਹੋ ਜਾਣ ਪਿੱਛੇ ਕਈ ਤਰ੍ਹਾਂ ਦੀਆਂ ਚਰਚਾਵਾਂ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਕਾਰਨ ਅਕਾਲੀ ਦਲ ਦੇ ਬੈਕਫੁਟ 'ਤੇ ਆਉਣ ਦੇ ਕਾਰਨਾਂ ਦੀ ਪੁਸ਼ਟੀ ਹੋ ਰਹੀ ਹੈ। ਅਸਲ 'ਚ ਸ਼੍ਰੋਮਣੀ ਅਕਾਲੀ ਦਲ ਚਾਹੁੰਦਾ ਹੈ ਕਿ ਭਾਜਪਾ ਸਮਾਨ ਨਾਗਰਿਕ ਜ਼ਾਬਤੇ (ਯੂ.ਸੀ.ਸੀ.) ਦੇ ਮਸਲੇ 'ਤੇ ਪਿੱਛੇ ਹਟ ਜਾਵੇ ਕਿਉਂਕਿ ਇਹ ਮੁੱਦਾ ਪੰਜਾਬ ਵਿਚ ਕਾਫ਼ੀ ਸੰਵੇਦਨਸ਼ੀਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸ਼ਨੀਵਾਰ ਨੂੰ ਇਸ ਮੁੱਦੇ 'ਤੇ ਇਤਰਾਜ਼ ਪ੍ਰਗਟ ਕੀਤਾ। ਇਸ ਤੋਂ ਪਹਿਲਾਂ ਅਕਾਲੀ ਦਲ ਭਾਜਪਾ ਤੱਕ ਇਹ ਸੁਨੇਹਾ ਪਹੁੰਚਾ ਚੁੱਕਾ ਹੈ ਕਿ ਪਾਰਟੀ ਯੂ.ਸੀ.ਸੀ. ਦੇ ਮਸਲੇ 'ਤੇ ਨਾ ਤਾਂ ਕੋਈ ਚਰਚਾ ਕਰੇ ਅਤੇ ਨਾ ਹੀ ਇਸ ਨੂੰ ਲਾਗੂ ਕਰਵਾਉਣ ਵੱਲ ਕਦਮ ਚੁੱਕੇ।

ਦੂਜੇ ਪਾਸੇ ਭਾਜਪਾ ਦੀ ਸੋਚ ਇਸ ਮਾਮਲੇ ਵਿਚ ਕੁਝ ਵੱਖਰੀ ਹੈ। ਉਸ ਦੀ ਸੋਚ ਹੈ ਕਿ ਯੂ.ਸੀ.ਸੀ. ਦੇ ਮਸਲੇ ਨੂੰ ਲੈ ਕੇ ਪੂਰੇ ਦੇਸ਼ ਵਿਚ ਇਕ ਮਾਹੌਲ ਤਿਆਰ ਹੋਵੇਗਾ ਅਤੇ ਪੰਜਾਬ ਵਿਚ ਅਕਾਲੀ ਦਲ ਨਾਲ ਗਠਜੋੜ ਦੇ ਮਸਲੇ 'ਤੇ ਇਸ ਨੂੰ ਰਸਤੇ ਵਿਚਾਲੇ ਛੱਡਣਾ ਜਾਂ ਇਸ 'ਤੇ ਗੱਲ ਬੰਦ ਕਰਨਾ ਸਹੀ ਨਹੀਂ, ਜਿਸ ਕਾਰਨ ਭਾਜਪਾ ਅਕਾਲੀ ਦਲ ਦੀ ਇਸ ਡਿਮਾਂਡ ਨੂੰ ਇਕ ਤਰ੍ਹਾਂ ਠੁਕਰਾ ਹੀ ਚੁੱਕੀ ਹੈ। ਸੂਤਰ ਦੱਸਦੇ ਹਨ ਕਿ ਇਸ ਮੁੱਦੇ ਨੂੰ ਲੈ ਕੇ ਭਾਜਪਾ ਅਤੇ ਅਕਾਲੀ ਦਲ ਵਿਚਾਲੇ ਗਠਜੋੜ ਦੀ ਗੱਲ ਲਟਕੀ ਹੋਈ ਹੈ। ਅਜੇ ਤੱਕ ਇਸ ਮਸਲੇ 'ਤੇ ਸਿਰਫ਼ ਅਕਾਲੀ ਦਲ ਹੀ ਅਜਿਹੀ ਪਾਰਟੀ ਹੈ, ਜਿਸ ਦੇ ਨਾਲ ਗਠਜੋੜ ਦੀ ਗੱਲ ਰੁਕੀ ਹੋਈ ਹੈ। ਇਸ ਤੋਂ ਇਲਾਵਾ ਹੋਰ ਕੋਈ ਸਿਆਸੀ ਪਾਰਟੀ ਅਜਿਹੀ ਹੈ ਵੀ ਨਹੀਂ, ਜਿਸ ਦੇ ਨਾਲ ਭਾਜਪਾ ਦੇ ਗਠਜੋੜ ਦੀ ਗੱਲ ਚੱਲ ਰਹੀ ਹੋਵੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬੇਸ਼ੱਕ ਯੂ.ਸੀ.ਸੀ. ਦਾ ਸਮਰਥਨ ਕਰ ਰਹੇ ਹਨ ਪਰ ਇਸ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਫੈਸਲਾ ਲਿਆ ਹੈ।

## ਟਵਿੱਟਰ ਵੱਲੋਂ 'ਥ੍ਰੈੱਡਜ਼' ਸ਼ੁਰੂ ਹੋਣ 'ਤੇ ਮੈਟਾ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਧਮਕੀ

ਨਿਊਯਾਰਕ, (ਪੰਜਾਬ ਮੇਲ)- ਟਵਿੱਟਰ ਨੇ ਨਵੀਂ ਟੈਕਸਟ ਆਧਾਰਿਤ ਐਪ 'ਥ੍ਰੈੱਡਜ਼' ਸ਼ੁਰੂ ਕਰਨ ਲਈ ਮੈਟਾ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਧਮਕੀ ਦਿੱਤੀ ਹੈ। ਥ੍ਰੈੱਡਜ਼ ਦੇ ਲਾਂਚ ਹੋਣ ਦੇ ਕੁਝ ਘੰਟਿਆਂ 'ਚ ਹੀ ਕਰੋੜਾਂ ਲੋਕ ਉਸ ਨਾਲ ਜੁੜ ਗਏ, ਜੋ ਐਲਨ ਮਸਕ ਦੀ ਸੋਸ਼ਲ ਸਾਈਟ ਟਵਿੱਟਰ ਲਈ ਵੱਡੀ ਚੁਣੌਤੀ ਬਣ ਕੇ ਉੱਭਰੀ ਹੈ। ਮੈਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੂੰ ਲਿਖੇ ਪੱਤਰ 'ਚ ਟਵਿੱਟਰ ਦੇ ਵਕੀਲ ਅਲੈਕਸ ਸਪਾਈਰੋ ਨੇ ਦੋਸ਼ ਲਾਇਆ ਕਿ ਮੈਟਾ ਨੇ ਟਵਿੱਟਰ ਦੇ ਕਾਰੋਬਾਰੀ ਭੇਤਾਂ ਅਤੇ ਟਵਿੱਟਰ ਦੇ ਸਾਬਕਾ ਮੁਲਾਜ਼ਮਾਂ ਨੂੰ ਨੌਕਰੀ 'ਤੇ ਰੱਖ ਕੇ ਹੋਰ ਬੌਧਿਕ ਸੰਪਤੀ ਦੀ ਗ਼ੈਰਕਾਨੂੰਨੀ ਢੰਗ ਨਾਲ ਵਰਤੋਂ ਕੀਤੀ ਹੈ। ਸਪਾਈਰੋ ਨੇ ਇਹ ਵੀ ਕਿਹਾ ਕਿ ਇਸ ਪੱਤਰ ਨੂੰ ਨੋਟਿਸ ਮੰਨਿਆ ਜਾਵੇ ਅਤੇ ਮੈਟਾ ਕਾਨੂੰਨੀ ਕਾਰਵਾਈ ਲਈ ਤਿਆਰ ਰਹੇ।


## ਇੰਟਰਪੋਲ ਵੱਲੋਂ ਲਾਰੈਂਸ ਬਿਸ਼ਨੋਈ ਦੇ ਦੋ ਸਾਥੀਆਂ ਖ਼ਿਲਾਫ਼ ਰੈੱਡ ਨੋਟਿਸ ਜਾਰੀ

ਨਵੀਂ ਦਿੱਲੀ, (ਪੰਜਾਬ ਮੇਲ)- ਇੰਟਰਪੋਲ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਗਰੋਹ ਨਾਲ ਜੁੜੇ ਕਪਿਲ ਸਾਂਗਵਾਨ ਉਰਫ਼ ਨੰਦੂ ਅਤੇ ਵਿਕਰਮਜੀਤ ਸਿੰਘ ਖ਼ਿਲਾਫ਼ ਰੈੱਡ ਨੋਟਿਸ ਜਾਰੀ ਕੀਤੇ ਹਨ। ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਦੇ ਸੂਤਰਾਂ ਨੇ ਦੱਸਿਆ ਕਿ ਇਹ ਗੈਂਗਸਟਰ ਵਿਦੇਸ਼ਾਂ ਤੋਂ ਗਰੋਹ ਚਲਾ ਰਹੇ ਹਨ। ਇਹ ਦੋਵੇਂ ਭਾਰਤ ਤੋਂ ਭੱਜ ਕੇ ਵਿਦੇਸ਼ ਪਹੁੰਚ ਗਏ ਸਨ। ਸ਼ੱਕ ਹੈ ਕਿ ਵਿਕਰਮਜੀਤ ਸਿੰਘ, ਜਿਸ ਨੂੰ ਵਿਕਰਮ ਬਰਾੜ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦੁਬਈ ਵਿਚ ਲੁਕਿਆ ਹੋਇਆ ਹੈ, ਜਦੋਂਕਿ ਕਪਿਲ ਸਾਂਗਵਾਨ ਬਰਤਾਨੀਆ ਵਿਚ ਹੈ।

## ਲਖੀਮਪੁਰ ਖੀਰੀ ਹਿੰਸਾ: ਸੁਪਰੀਮ ਕੋਰਟ ਵੱਲੋਂ ਆਸ਼ੀਸ਼ ਮਿਸ਼ਰਾ ਦੀ ਅੰਤ੍ਰਿਮ ਜ਼ਮਾਨਤ 'ਚ 26 ਸਤੰਬਰ ਤੱਕ ਵਾਧਾ

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਸਾਲ 2021 ਦੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਦੀ ਅੰਤ੍ਰਿਮ ਜ਼ਮਾਨਤ 26 ਸਤੰਬਰ ਤੱਕ ਵਧਾ ਦਿੱਤੀ ਹੈ। ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ 2021 ਦੇ ਲਖੀਮਪੁਰ ਖੀਰੀ ਹਿੰਸਾ ਮਾਮਲੇ 'ਚ ਮੁਲਜ਼ਮ ਹੈ। ਇਸ ਹਿੰਸਾ ਵਿਚ ਅੱਠ ਜਾਨਾਂ ਗਈਆਂ ਸਨ। ਜਸਟਿਸ ਸੂਰਿਆਕਾਂਤ ਅਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਕਿਹਾ ਕਿ ਮਾਮਲੇ ਦੀ ਸੁਣਵਾਈ ਜਾਰੀ ਹੈ।






# Mann & Associates Insurance Services, Inc.

## Medicare Supplement Plans



Inderjeet Singh Mann
CA Lic# 0H82488

● Life ● Health ● Travel ● Medicare ● Trucking

● ਲਾਈਫ ● ਹੈਲਥ ● ਟ੍ਰੈਵਲ ● ਮੈਡੀਕੇਅਰ ● ਟਰੱਕਿੰਗ

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA | Certified Insurance Agent

Designed By Punjab Mail USA

# Ph.: (916) 900-2000



## ਰੋਜ਼ਵਿਲ ਏਰੀਏ 'ਚ ਖੁੱਲ੍ਹ ਗਿਆ ਹੈ ਪੰਜਾਬੀਆਂ ਦਾ ਆਪਣਾ ਇੰਡੀਅਨ ਗਰੋਸਰੀ ਸਟੋਰ

BHARAT SPICE BAZAR
1402 Blue Oaks Blvd, Suite #150
Roseville, CA 95747 • (916) 886-9089

# BHARAT SPICE BAZAR

1402 Blue Oaks Blvd, Suite# 150,
Roseville, CA 95747

## ਭਾਰਤ ਸਪਾਈਸ ਬਜ਼ਾਰ
ਰੋਜ਼ਵਿਲ










ਤੁਸੀਂ ਇਥੋਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ ਦਾ ਸਾਮਾਨ,
ਤਾਜ਼ੀਆਂ ਸਬਜ਼ੀਆਂ, ਆਟਾ, ਚਾਵਲ, ਦਾਲਾਂ,
ਮਸਾਲੇ ਆਦਿ ਵਾਜ਼ਿਬ ਦਾਮਾਂ 'ਤੇ ਖਰੀਦ ਸਕਦੇ ਹੋ।

Follow us on

Designed By Punjab Mail USA

(916) 886-9089, Fax. (916) 692-2558

CONTACT@BHARATSPICEBAZAR.COM | WWW.BHARATSPICEBAZAR.COM

ਸਫਾ 1 ਦਾ ਬਾਕੀ

## ਨਿਊਯਾਰਕ ’ਚ ਭਾਰੀ ਮੀਂਹ ਕਾਰਨ ਆਇਆ ਹੜ੍ਹ...

ਅਸੀਂ ਸਥਾਨਕ ਅਧਿਕਾਰੀਆਂ ਨਾਲ ਨਜ਼ਦੀਕੀ ਸੰਪਰਕ ਵਿਚ ਹਾਂ ਅਤੇ ਰਾਜ ਏਜੰਸੀਆਂ ਖੋਜ ਅਤੇ ਬਚਾਅ ਕਾਰਜਾਂ ਵਿਚ ਹਿੱਸਾ ਲੈ ਰਹੀਆਂ ਹਨ।

ਨਿਊਯਾਰਕ ਸਟੇਟ ਪੁਲਿਸ ਨੇ ਇੱਕ ਬਿਆਨ ਵਿਚ ਕਿਹਾ ਕਿ ਸਟੇਟ ਰੂਟ 9ਡਬਲਯੂ ’ਤੇ ਹੜ੍ਹ ਆ ਗਿਆ ਅਤੇ ਪਾਲੀਸਾਡੇਸ ਇੰਟਰਸਟੇਟ ਪਾਰਕਵੇਅ ਵਿਚ ਪਾਣੀ ਭਰ ਗਿਆ, ਜਿਸ ਕਾਰਨ ਇਸ ਦੇ ਕੁਝ ਹਿੱਸਿਆਂ ਨੂੰ ਬੰਦ ਕਰ ਦਿੱਤਾ ਗਿਆ। ਪੁਲਿਸ ਨੇ ਲੋਕਾਂ ਨੂੰ ਪਾਰਕਵੇਅ ਤੋਂ ਬਚਣ ਦੀ ਚੇਤਾਵਨੀ ਦਿੱਤੀ ਹੈ। ਸਟੋਨੀ ਪੁਆਇੰਟ ਵਿਚ ਸੀਡਰ, ਪੌਂਡ ਬਰੂਕ ਸੜਕ ਦੇ ਉੱਪਰ ਵਹਿ ਕੇ ਨਿੱਜੀ ਜਾਇਦਾਦਾਂ ਵਿਚ ਪਹੁੰਚ ਰਿਹਾ ਹੈ। ਰੌਕਲੈਂਡ ਕਾਉਂਟੀ ਐਗਜ਼ੀਕਿਊਟਿਵ ਐਡ ਡੇਅ ਨੇ ਭਾਰੀ ਬਾਰਸ਼ ਖ਼ਤਮ ਹੋਣ ਤੱਕ ਨਿਵਾਸੀਆਂ ਨੂੰ ਘਰ ਦੇ ਅੰਦਰ ਹੀ ਰਹਿਣ ਦਾ ਨਿਰਦੇਸ਼ ਜਾਰੀ ਕੀਤਾ ਹੈ।

ਸਫਾ 1 ਦਾ ਬਾਕੀ

## ਹੁਣ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨਾ ਹੋਵੇਗਾ ਹੋਰ...

ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਸਾਲ 2020 ਵਿਚ ਟੈਸਟ ਨੂੰ ਲੰਬਾ ਅਤੇ ਵਧੇਰੇ ਚੁਣੌਤੀਪੂਰਨ ਬਣਾ ਦਿੱਤਾ ਸੀ। ਹਾਲਾਂਕਿ, ਰਾਸ਼ਟਰਪਤੀ ਜੋਅ ਬਾਇਡਨ ਨੇ ਇਨ੍ਹਾਂ ਤਬਦੀਲੀਆਂ ਨੂੰ ਉਲਟਾ ਦਿੱਤਾ, ਜਿਸ ਨਾਲ ਟੈਸਟ ਨੂੰ 2008 ਤੋਂ ਇਸ ਦੇ ਪਿਛਲੇ ਸੰਸਕਰਣ ਵਿਚ ਲਿਆਇਆ ਗਿਆ।

ਕੁੱਲ ਮਿਲਾ ਕੇ, ਯੂ.ਐੱਸ. ਸਿਟੀਜ਼ਨਸ਼ਿਪ ਟੈਸਟ ਵਿਚ ਇਨ੍ਹਾਂ ਤਬਦੀਲੀਆਂ ਨੇ ਪ੍ਰਵਾਸੀਆਂ ਵਿਚ ਚਿੰਤਾਵਾਂ ਵਧਾ ਦਿੱਤੀਆਂ ਹਨ, ਜੋ ਚਿੰਤਾ ਕਰ ਰਹੇ ਹਨ ਕਿ ਘੱਟ ਅੰਗਰੇਜ਼ੀ ਦੀ ਮੁਹਾਰਤ ਵਾਲੇ ਲੋਕਾਂ ਨੂੰ ਵਧੇਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਟੈਸਟ ਲੈਣ ਵਾਲਿਆਂ ਅਤੇ ਨੈਚੁਰਲਾਈਜ਼ੇਸ਼ਨ ਪ੍ਰਕਿਰਿਆ ’ਤੇ ਇਨ੍ਹਾਂ ਤਬਦੀਲੀਆਂ ਦਾ ਪ੍ਰਭਾਵ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਸਫਾ 1 ਦਾ ਬਾਕੀ

## ਵਾਸ਼ਿੰਗਟਨ ਡੀ.ਸੀ. ਦੇ ਵਿਦਿਆਰਥੀ ਹੁਣ ਪੜ੍ਹਨਗੇ ਸਿੱਖ...

49,800 ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਦੇਣਗੇ। ਕੱਟੜਤਾ ਨਾਲ ਨਜਿੱਠਣ ਤੇ ਡਰਾਉਣ-ਧਮਕਾਉਣ ਦੀਆਂ ਘਟਨਾਵਾਂ ਨੂੰ ਘੱਟ ਕਰਨ ਲਈ ਇਕ ਹੋਰ ਅਹਿਮ ਕਦਮ ਹੈ। ਇਸ ਤੋਂ ਪਹਿਲਾਂ ਵਰਜੀਨੀਆ ਸਟੇਟ ਬੋਰਡ ਆਫ ਐਜੂਕੇਸ਼ਨ ਨੇ ਅਪ੍ਰੈਲ ’ਚ ਇਤਿਹਾਸ ਤੇ ਸਮਾਜਿਕ ਵਿਗਿਆਨ ਦੀ ਪੜ੍ਹਾਈ ਦੇ ਨਵੇਂ ਨਿਯਮਾਂ ਦੇ ਹੱਕ ’ਚ ਮਤਦਾਨ ਕੀਤਾ ਸੀ, ਜਿਸ ਵਿਚ ਸਿੱਖ ਧਰਮ ਵੀ ਸ਼ਾਮਲ ਹੈ। ਸਿੱਖ ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ ਤੇ ਭਾਈਚਾਰੇ ਨੇ ਨਾਗਰਿਕ ਅਧਿਕਾਰਾਂ, ਸਿਆਸਤ, ਖੇਤੀ, ਇੰਜੀਨੀਅਰਿੰਗ ਤੇ ਮੈਡੀਕਲ ਦੇ ਖੇਤਰ ’ਚ 125 ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਅਮਰੀਕੀ ਸਮਾਜ ’ਚ ਯੋਗਦਾਨ ਦਿੱਤਾ ਹੈ।

ਸਫਾ 1 ਦਾ ਬਾਕੀ

## ਹੁਣ ਤੁਸੀਂ ਅਮਰੀਕਨ ਇਮੀਗ੍ਰੇਸ਼ਨ ਵਿਭਾਗ ਵੱਲੋਂ...

ਆਉਣ ਵਾਲੀ ਅਪੁਆਇੰਟਮੈਂਟ ਨੂੰ ਰੀਸ਼ਕੈਜ਼ੂਅਲ ਨਹੀਂ ਕੀਤਾ ਜਾ ਸਕਦਾ। ਬਾਇਓਮੀਟ੍ਰਿਕ ਸੇਵਾਵਾਂ ਅਪਾਇੰਟਮੈਂਟ ਰੀਸ਼ਕੈਜ਼ੂਅਲ ਟੂਲ ਨੂੰ ਯੂ.ਐੱਸ.ਸੀ.ਆਈ.ਐੱਸ. ਦੇ ਆਨਲਾਈਨ ਖਾਤੇ ਰਾਹੀਂ ਐਕਸੈਸ ਕੀਤਾ ਜਾ ਸਕਦਾ ਹੈ, ਚਾਹੇ ਬਕਾਇਆ ਕੇਸ ਆਨਲਾਈਨ ਜਮ੍ਹਾਂ ਕੀਤਾ ਗਿਆ ਹੋਵੇ ਜਾਂ ਡਾਕ ਦੁਆਰਾ। ਇਸ ਸੇਵਾ ਲਈ ਬੇਨਤੀਕਰਤਾਵਾਂ ਅਤੇ ਮਾਨਤਾ ਪ੍ਰਾਪਤ ਪ੍ਰਤੀਨਿਧੀਆਂ ਕੋਲ ਅਜੇ ਵੀ ਮੁਲਾਕਾਤ ਨੂੰ ਰੀਸ਼ਕੈਜ਼ੂਅਲ ਕਰਨ ਲਈ ਯੂ.ਐੱਸ.ਸੀ.ਆਈ.ਐੱਸ. ਸੰਪਰਕ ਕੇਂਦਰ ਨੂੰ ਕਾਲ ਕਰਨ ਦਾ ਵਿਕਲਪ ਹੋਵੇਗਾ, ਪਰ ਯੂ.ਐੱਸ.ਸੀ.ਆਈ.ਐੱਸ. ਉਪਭੋਗਤਾਵਾਂ ਨੂੰ ਸਮਾਂ ਬਚਾਉਣ, ਕੁਸ਼ਲਤਾ ਵਧਾਉਣ, ਅਤੇ ਯੂ.ਐੱਸ.ਸੀ.ਆਈ.ਐੱਸ. ਸੰਪਰਕ ਕੇਂਦਰ ਨੂੰ ਕਾਲ ਦੀ ਮਾਤਰਾ ਘਟਾਉਣ ਲਈ ਨਵੇਂ ਟੂਲ ਦੀ ਵਰਤੋਂ ਕਰਨ ਲਈ ਜ਼ੋਰਦਾਰ ਉਤਸ਼ਾਹਿਤ ਕਰਦਾ ਹੈ। ਇਮੀਗ੍ਰੇਸ਼ਨ ਵਿਭਾਗ ਨੇ ਇਹ ਸਪੱਸ਼ਟ ਕੀਤਾ ਹੈ ਕਿ ਫਿੰਗਰਪ੍ਰਿੰਟ ਰੀਸ਼ਕੈਜ਼ੂਅਲਿੰਗ ਕਰਾਉਣ ਵਾਲੇ ਅਰਜ਼ੀਕਰਤਾ ਦਾ ਕੋਈ ਕਾਰਨ ਹੋਣਾ ਚਾਹੀਦਾ ਹੈ। ਜਿਵੇਂ ਕਿ ਬਿਮਾਰੀ, ਡਾਕਟਰੀ ਮੁਲਾਕਾਤ, ਜਾਂ ਹਸਪਤਾਲ ਵਿਚ ਭਰਤੀ; ਪਹਿਲਾਂ ਯੋਜਨਾਬੱਧ ਯਾਤਰਾ; ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਜਿਵੇਂ ਕਿ ਵਿਆਹ, ਅੰਤਿਮ ਸੰਸਕਾਰ, ਜਾਂ ਗ੍ਰੈਜੂਏਸ਼ਨ ਸਮਾਰੋਹ; ਮੁਲਾਕਾਤ ਸਥਾਨ ਲਈ ਆਵਾਜਾਈ ਪ੍ਰਾਪਤ ਕਰਨ ਵਿਚ ਅਸਮਰੱਥਾ; ਰੁਜ਼ਗਾਰ ਜਾਂ ਦੇਖਭਾਲ ਕਰਨ ਵਾਲੇ ਦੀਆਂ ਜ਼ਿੰਮੇਵਾਰੀਆਂ ਤੋਂ ਛੁੱਟੀ ਪ੍ਰਾਪਤ ਕਰਨ ਵਿਚ ਅਸਮਰੱਥਾ; ਅਤੇ ਬਾਇਓਮੀਟ੍ਰਿਕ ਸੇਵਾਵਾਂ ਨਿਯੁਕਤੀ ਨੋਟਿਸ ਦੇਰ ਨਾਲ ਡਿਲੀਵਰ ਕੀਤਾ ਗਿਆ ਜਾਂ ਡਿਲੀਵਰ ਨਹੀਂ ਕੀਤਾ ਗਿਆ।







# ਕੈਲੀਫੋਰਨੀਆ 'ਚ ਜ਼ਮੀਨ 'ਤੇ ਡਿੱਗਣ ਉਪਰੰਤ ਇਕ ਛੋਟੇ ਜਹਾਜ਼ ਨੂੰ ਲੱਗੀ ਅੱਗ

## ਜਹਾਜ਼ ਵਿਚ ਸਵਾਰ ਸਾਰੇ 6 ਵਿਅਕਤੀਆਂ ਦੀ ਮੌਤ



ਕੈਲੀਫੋਰਨੀਆ 'ਚ ਤਬਾਹ ਹੋਏ ਜਹਾਜ਼ ਦਾ ਮਲਬਾ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਕੈਲੀਫੋਰਨੀਆ ਰਾਜ 'ਚ ਇਕ ਛੋਟੇ ਨਿੱਜੀ ਜੈੱਟ ਜਹਾਜ਼ ਦੇ ਤਬਾਹ ਹੋਣ ਤੇ ਉਸ ਵਿਚ ਸਵਾਰ 6 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ (ਐੱਫ.ਏ.ਏ.) ਅਨੁਸਾਰ ਇਹ ਘਟਨਾ ਮੂਰੀਏਟਾ, ਕੈਲੀਫੋਰਨੀਆ 'ਚ ਫਰੈਂਚ ਵੈਲੀ ਏਅਰਪੋਰਟ ਨੇੜੇ ਵਾਪਰੀ। ਐੱਫ.ਏ.ਏ. ਨੇ ਜਾਣਕਾਰੀ ਦਿੱਤੀ ਹੈ ਕਿ ਜਹਾਜ਼ ਨੇ ਹੈਰੀ ਰੀਡ ਇੰਟਰਨੈਸ਼ਨਲ ਏਅਰਪੋਰਟ ਲਾਸ ਵੇਗਾਸ ਤੋਂ ਉਡਾਣ ਭਰੀ ਸੀ ਤੇ ਜਹਾਜ਼ ਸਾਨ ਡਿਆਗੋ ਦੇ ਉੱਤਰ 'ਚ ਤਕਰੀਬਨ 65 ਮੀਲ ਦੂਰ ਜ਼ਮੀਨ ਉਪਰ ਡਿੱਗ ਗਿਆ। ਕੈਲੀਫੋਰਨੀਆ ਫਾਇਰ ਵਿਭਾਗ ਅਨੁਸਾਰ ਜਹਾਜ਼ ਖੇਤ 'ਚ ਡਿੱਗਾ ਤੇ ਡਿੱਗਣ ਉਪਰੰਤ ਉਸ ਨੂੰ ਅੱਗ ਲੱਗ ਗਈ। ਅੱਗ ਏਨੀ ਭਿਆਨਕ ਸੀ ਕਿ ਤਕਰੀਬਨ ਇਕ ਏਕੜ ਵਿਚ ਖੜ੍ਹੀ ਸਬਜ਼ੀ ਦੀ ਫਸਲ ਵੀ ਸੜ ਕੇ ਸਵਾਹ ਹੋ ਗਈ। ਹਾਦਸੇ ਦੇ ਕਾਰਨ ਦਾ ਅਜੇ ਪਤਾ ਨਹੀਂ ਲੱਗ ਸਕਿਆ। ਐੱਫ.ਏ.ਏ. ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਘਟਨਾ ਦੀ ਜਾਂਚ ਕਰਨਗੇ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਨਗੇ। ਰਿਵਰਸਾਈਡ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਜਹਾਜ਼ 'ਚ ਸਵਾਰ ਸਾਰੇ 6 ਜਣਿਆਂ ਦੀ ਮੌਕੇ ਉਪਰ ਹੀ ਮੌਤ ਹੋ ਗਈ, ਜਿਨ੍ਹਾਂ ਦੀ ਪਛਾਣ ਐਬੀਗਲੀ ਟੇਲੇਜ਼ ਵਰਗਾਸ (33), ਗੀਸੇ ਲੈਂਡਰਜ (25), ਮੈਨੂਏਲ ਵਰਗਾਸ-ਰੀਗਲਾਡੋ (32), ਲਿੰਡਸੇ ਗਲੀਚ (31), ਆਲਮਾ ਰਜ਼ਿਕ (51) ਤੇ ਇਬਰਾਹਿਮ ਰਜ਼ਿਕ (46) ਵਜੋਂ ਹੋਈ ਹੈ।

# ਅਮਰੀਕਾ ਵੱਲੋਂ 2 ਲੱਖ 30 ਹਜ਼ਾਰ ਤੋਂ ਵੱਧ ਗ੍ਰੀਨ ਕਾਰਡਾਂ ਨੂੰ ਵਾਪਸ ਲੈਣ ਦੀ ਸਿਫਾਰਸ਼ ਨੂੰ ਮਨਜ਼ੂਰੀ

## ਗ੍ਰੀਨ ਕਾਰਡ ਹਾਸਲ ਕਰਨਾ ਹੋਵੇਗਾ ਆਸਾਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਹੁਣ ਕੰਮ ਕਰਨ ਅਤੇ ਉੱਥੇ ਰਹਿਣ ਲਈ ਇੰਤਜ਼ਾਰ ਕਰ ਰਹੇ ਹਜ਼ਾਰਾਂ ਲੋਕਾਂ ਨੂੰ ਹੁਣ ਜਲਦ ਗ੍ਰੀਨ ਕਾਰਡ ਮਿਲ ਸਕੇਗਾ। ਖ਼ਬਰ ਮੁਤਾਬਕ ਅਮਰੀਕਾ ਵਿਚ ਰਾਸ਼ਟਰਪਤੀ ਦੇ ਸਲਾਹਕਾਰ ਕਮਿਸ਼ਨ ਨੇ 1992 ਤੋਂ ਹੁਣ ਤੱਕ ਵਰਤੇ ਨਹੀਂ ਗਏ ਪਰਿਵਾਰ ਅਤੇ ਰੁਜ਼ਗਾਰ ਸ਼੍ਰੇਣੀਆਂ ਦੇ 2,30,000 ਤੋਂ ਵੱਧ ਗ੍ਰੀਨ ਕਾਰਡਾਂ ਨੂੰ ਵਾਪਸ ਲੈਣ ਦੀ ਸਿਫ਼ਾਰਸ਼ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਕਾਰਡ ਦੀ ਉਡੀਕ ਕਰ ਰਹੇ ਹਜ਼ਾਰਾਂ ਭਾਰਤੀ-ਅਮਰੀਕੀਆਂ ਨੂੰ ਲਾਭ ਹੋ ਸਕਦਾ ਹੈ।

ਗ੍ਰੀਨ ਕਾਰਡ ਨੂੰ ਅਧਿਕਾਰਤ ਸਥਾਈ ਨਿਵਾਸੀ ਕਾਰਡ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਦਸਤਾਵੇਜ਼ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਜਾਰੀ ਕੀਤਾ ਜਾਂਦਾ ਹੈ, ਇਸ ਗੱਲ ਦੇ ਸਬੂਤ ਵਜੋਂ ਕਿ ਕਾਰਡਧਾਰਕ ਨੂੰ ਦੇਸ਼ ਵਿਚ ਸਥਾਈ ਨਿਵਾਸ ਦਾ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਇਸ਼ਾਰਾ

## ਕੰਡੇ ਦਾ ਕੰਡਾ




-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)


ਅੱਜ ਦੁਪਹਿਰੇ ਡਾਕੀਆ ਹਰ ਰੋਜ਼ ਵਾਂਗ ਡਾਕ ਸੁੱਟ ਕੇ ਗਿਆ, ਤਾਂ ਮੈਂ ਇਕ ਚਮਕਦਾਰ ਲਿਫਾਫਾ ਵੇਖਿਆ। ਉਸ 'ਤੇ ਮੇਰਾ ਪੂਰਾ ਪਤਾ ਲਿਖਿਆ ਸੀ ਤੇ ਫਰੋਮ ਗਾੱਡ ਲਿਖਿਆ ਸੀ। ਮੈਂ ਪੜ੍ਹ ਕੇ ਹੱਸ ਪਿਆ। ਸ਼ਾਇਦ ਕਿਸੇ ਨੇ ਸ਼ਰਾਰਤ ਕੀਤੀ ਹੋਵੇ ਤੇ ਖਤ ਖੋਲ੍ਹਿਆ, ਜਿਸ 'ਚ ਲਿਖਿਆ ਸੀ ਦੁਸ਼ਹਿਰਾ, ਦਿਵਾਲੀ ਆਉਣ ਵਾਲੀ ਹੈ, ਤੁਸੀਂ ਰਾਵਣ ਨੂੰ ਹਰ ਸਾਲ ਵਾਂਗ ਸਾੜਨਾ ਹੈ ਤੇ ਹਰ ਥਾਂ ਭਗਵਾਨ ਰਾਮ ਦੀ ਜੈ-ਜੈ ਕਾਰ ਕਰਨੀ ਹੈ। ਆਉ ਆਪਾਂ ਕਲਯੁੱਗ 'ਚ ਉਨ੍ਹਾਂ ਪਾਤਰਾਂ ਦੇ ਕੋਲੋਂ ਸਬਕ ਲਈਏ, ਜਿਹੜੇ-ਜਿਹੜੇ ਪਾਤਰ ਬਹੁਤ ਮਹੱਤਵਪੂਰਨ ਰਹੇ ਪਰ ਉਨ੍ਹਾਂ 'ਤੇ ਖਾਸ ਧਿਆਨ ਨਹੀਂ ਦਿੱਤਾ ਗਿਆ।

**ਸਰੂਪਨਖਾ-** ਰੱਬ ਇਹੋ ਜਿਹੀ ਭੈਣ ਕਿਸੇ ਨੂੰ ਨਾ ਦੇਵੇ, ਜਿਹੜੀ ਪੰਚਵਟੀ ਦੇ ਜੰਗਲ 'ਚ ਦਿਲ ਬਹਿਲਾਉਣ ਤੇ ਨੱਕ ਕਟਾਉਣ ਦੀ ਵਜ੍ਹਾ ਨਾਲ ਹੀ ਭਰਾ ਰਾਵਣ ਦਾ ਸੱਤਿਆਨਾਸ, ਰਾਮ ਨਾਮ ਸੱਤ ਹੋ ਗਿਆ।

**ਮਾਮਾ ਮਰੀਚ-** ਬਈ ਸਾਲਾ ਹੋਵੇ ਤਾਂ ਇਹੋ ਜਿਹਾ, ਜਿਸਨੇ ਜੀਜਾ ਰਾਵਣ ਦੇ ਗੈਰ ਕਾਨੂੰਨੀ ਪ੍ਰੋਜੈਕਟ ਨੂੰ ਸਫਲ ਬਣਾਉਣ ਦੀ ਖਾਤਿਰ ਆਪਣੀ ਜਾਨ ਦੇ ਦਿੱਤੀ।

**ਕੁੰਭਕਰਨ-** ਸਿਰਫ ਖਾਣ-ਪੀਣ ਤੇ ਸੁੱਤੇ ਰਹਿਣ 'ਚ ਮਸਤ ਰਹਿਣ ਵਾਲੇ ਨਿਕੰਮੇ ਇਨਸਾਨ ਨੇ ਭਰਾ ਲਈ ਜਾਨ ਦੇ ਕੇ ਇਹ ਸੰਦੇਸ਼ ਦਿੱਤਾ ਹੈ ਕਿ ਕਿਸੇ ਵੀ ਆਦਮੀ ਨੂੰ ਨਿਕੰਮਾ, ਵਿਹਲਾ ਕਹਿਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ (ਇਸ ਲਈ ਪੰਜਾਬ ਦੇ ਗੱਭਰੂਆਂ ਨੂੰ ਅੱਜ ਤੋਂ ਕੁਝ ਨਹੀਂ ਕਹਿਣਾ ਕੁਛ ਵੀ ਕਰਨ ਚੋਰੀ, ਡਕੈਤੀ, ਨਸ਼ਾ........)

**ਮੰਦੋਦਰੀ-** ਰਾਵਣ ਵਰਗੇ ਅੱਤਵਾਦੀ (ਮੁਆਫ ਕਰਨਾ ਰਾਵਣ ਜੀ) ਪਤੀ ਦਾ ਆਖਰੀ ਵਕਤ ਤੱਕ ਸਾਥ ਦਿੱਤਾ....... ਨਾ ਤਲਾਕ ਲਿਆ....ਨਾ ਫਰਾਰ ਹੋਈ..... ਨਾ ਆਤਮਹੱਤਿਆ ਕੀਤੀ..... ਲੰਕਾ 'ਚ ਹੀ ਡਟੀ ਰਹੀ...... (ਅੱਜ ਵਾਂਗ ਨਹੀਂ........)

**ਮੰਥਰਾ-** ਇਸਦੇ ਇੱਧਰ ਤੋਂ ਉੱਧਰ ਕਰਨ 'ਤੇ ਹੀ ਕਕੈਈ ਆਂਟੀ ਦਾ ਦਿਮਾਗ ਹੋਇਆ ਸੀ ਤੇ ਰਾਮ, ਸੀਤਾ ਤੇ ਲਕਸ਼ਮਨ ਨੂੰ ਜੰਗਲ 'ਚ ਜਾਣਾ ਪਿਆ ਸੀ ...... .ਤੇ ਰਾਜਾ ਦਸ਼ਰਥ ਨੂੰ ਜਾਣ ਤੋਂ ਹੱਥ ਧੋਣੇ ਪਏ ਸੀ। ....ਇੱਥੇ ਕੰਨ ਭਰਨ ਵਾਲਿਆਂ ਲੋਕਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ...... ਚਾਹੇ ਘਰ ਹੋਵੇ ਜਾਂ ਦਫ਼ਤਰ...... (ਸੁਣਿਆ ਚੁਗਲਖੋਰ......)

**ਬਾਲੀ-** ਇਨ੍ਹਾਂ ਭਾਈ ਸਾਹਿਬ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਆਪਣੀ ਤਾਕਤ 'ਤੇ ਘਮੰਡ ਨਹੀਂ ਕਰਨਾ ਚਾਹੀਦਾ.. ਨਹੀਂ ਤਾਂ ਸ਼ੇਰ ਨੂੰ ਸਵਾ ਸ਼ੇਰ ਮਿਲਦਾ ਹੀ ਹੈ...... ਆਖਿਰ ਕਿਵੇਂ ਨਾ ਕਿਵੇਂ ਨਿਪਟਾ ਹੀ ਦਿੱਤਾ ਨਾ.......

**ਮੇਘਨਾਥ-** ਇਕ ਬਹੁਤ ਲਾਇਕ ਬੇਟਾ ਜਿਸਨੇ ਆਪਣੇ ਹੰਕਾਰੀ ਬਾਪ ਦੀ ਹਰ ਗੱਲ ਦੀ ਆਗਿਆ ਦਾ ਪਾਲਨ ਕੀਤਾ... ਅੱਜ ਦੇ ਜ਼ਮਾਨੇ 'ਚ ਤਾਂ ਪੁੱਤ (ਸਾਰੇ ਨਹੀਂ) ਬਾਪੂ ਨੂੰ ਘਰੇ ਹੀ ਖਤਮ ਕਰਕੇ ਘਰੇ ਹੀ ਦੱਬ ਦੇਣ.......

**ਭਰਤ-** ਭਰਾ ਹੋਵੇ ਤਾਂ ਇਹੋ ਜਿਹਾ..... ਭਰਾ ਦੇ ਬਣਵਾਸ ਜਾਣ ਤੇ ਰਾਜਪਾਟ ਮਿਲਣ 'ਤੇ ਵੀ ਉਸਨੇ ਕੁੱਝ ਨਹੀਂ ਲਿਆ........ ਅੱਜਕੱਲ੍ਹ ਤਾਂ ਸੁਣਦੇ ਹੀ ਹਾਂ ਕਿ ਭਰਾ-ਭਰਾ ਨੂੰ ਮਰਿਆ ਸਾਬਿਤ ਕਰ ਦਿੰਦੇ ਨੇ (ਖਾਸਕਰ ਐੱਨ.ਆਰ.ਆਈ.) ਜਾਂ ਭਰਾ-ਭਰਾ ਨੂੰ ਜਾਇਦਾਦ ਲਈ ਮਾਰ ਦਿੰਦੇ ਨੇ, ਇਹ ਆਮ ਹੀ ਅਖਬਾਰਾਂ 'ਚ ਪੜ੍ਹਦੇ ਹਾਂ......।

**ਕੌਸ਼ਲਿਆ-** ਆਪਣੇ ਪੁੱਤ ਨੂੰ ਜੰਗਲ 'ਚ ਭੇਜਣ ਬਾਅਦ ਵੀ ਕੈਕਈ ਨੂੰ ਕੁੱਝ ਨਹੀਂ ਕਿਹਾ....... ਜੇ ਅੱਜ ਦੀ ਜਠਾਣੀ ਹੁੰਦੀ ਤਾਂ ਮਾਰਾਮਾਰੀ 'ਤੇ ਉਤਰ ਆਉਣਾ ਸੀ....... ਤੇ ਤੁਹਾਨੂੰ ਸਾਰੇ ਭਾਰਤ ਵਾਲਿਆਂ ਨੂੰ ਦਸ਼ਹਿਰੇ ਦਿਵਾਲੀ ਦੀਆਂ ਬਹੁਤ-ਬਹੁਤ ਮੁਬਾਰਕਾਂ.....ਤੁਹਾਨੂੰ ਰਮਾਇਣ ਤੋਂ ਸਿੱਖਣਾ ਚਾਹੀਦਾ ਹੈ, ਨਾ ਕਿ ਅਰਬਾਂ ਦੇ ਪਟਾਕੇ ਫੂਕ ਕੇ ਪਲੂਸ਼ਨ ਕਰਨਾ ਚਾਹੀਦਾ ਹੈ...... ਤੇ ਨਾ ਹੀ ਕਰੋੜਾਂ ਦਾ ਤੇਲ ਫੂਕਣ ਨੂੰ ਕਿਹਾ........ ਤੇ ਨਾ ਹੀ ਅਰਬਾਂ ਦੀ ਲਾਈਟ ਫੂਕਣ ਨੂੰ.... ਪਰ ਤੁਸੀਂ ਸੁਣਦੇ ਨਹੀਂ, ਨਾ ਹੀ ਸਮਝਦੇ ਹੋ.....ਕਿਉਂਕਿ ਸਮਝਦਾਰ ਨੂੰ ਇਸ਼ਾਰਾ ਹੀ ਕਾਫੀ ਹੁੰਦਾ ਹੈ........




# ਕੀ ਸੁਨੀਲ ਕੁਮਾਰ ਜਾਖੜ ਭਾਰਤੀ ਜਨਤਾ ਪਾਰਟੀ ਦਾ ਕਮਲ ਖਿਲਾ ਸਕੇਗਾ?

ਭਾਰਤੀ ਜਨਤਾ ਪਾਰਟੀ ਨੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਬਣਾ ਕੇ ਇਕ ਤੀਰ ਨਾਲ ਕਈ ਨਿਸ਼ਾਨੇ ਮਾਰਨ ਦਾ ਪੱਤਾ ਖੇਡਿਆ ਹੈ। ਸੁਨੀਲ ਕੁਮਾਰ ਜਾਖੜ ਸਿਰਫ਼ ਇਕ ਸਾਲ ਪਹਿਲਾਂ ਆਪਣੀ ਪਿਤਾ ਪੁਰਖੀ ਕਾਂਗਰਸ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਇਆ ਸੀ। ਭਾਰਤੀ ਜਨਤਾ ਪਾਰਟੀ ਵਿਚ ਨਵਾਂ ਹੋਣ ਕਰਕੇ ਸੁਨੀਲ ਜਾਖੜ ਨੂੰ ਅਨੇਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਸਭ ਤੋਂ ਪਹਿਲੀ ਚੁਣੌਤੀ ਭਾਰਤੀ ਜਨਤਾ ਪਾਰਟੀ ਦੇ ਟਕਸਾਲੀ ਨੇਤਾਵਾਂ ਅਤੇ ਮੈਂਬਰਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਦਾ ਸਹਿਯੋਗ ਲੈਣਾ ਪਵੇਗਾ। ਕਾਂਗਰਸ ਪਾਰਟੀ ਵਿਚੋਂ ਭਾਰਤੀ ਜਨਤਾ ਪਾਰਟੀ ਵਿਚ ਆਏ ਨੇਤਾਵਾਂ ਦੀ ਥਾਂ ਟਕਸਾਲੀ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਅਤੇ ਵਰਕਰਾਂ ਨੂੰ ਤਰਜੀਹ ਦੇਣੀ ਪਵੇਗੀ। ਦੂਜੇ ਉਨ੍ਹਾਂ ਨੂੰ ਆਪਣੀ ਟੀਮ ਬਣਾਉਣ ਲਈ ਕੇਂਦਰੀ ਭਾਰਤੀ ਜਨਤਾ ਪਾਰਟੀ ਤੋਂ ਪ੍ਰਵਾਨਗੀ ਲੈ ਕੇ ਬਣਾਉਣੀ ਪਵੇਗੀ। ਜ਼ਿਲ੍ਹਿਆਂ ਅਤੇ ਮੰਡਲ ਪੱਧਰ ਦੀਆਂ ਇਕਾਈਆਂ ਵੀ ਬਣਾਉਣੀਆਂ ਪੈਣਗੀਆਂ, ਜਿਨ੍ਹਾਂ ਵਿਚ ਆਪਣੇ ਪਸੰਦੀਦਾ ਭਰੋਸੇਯੋਗ ਵਰਕਰਾਂ ਨੂੰ ਸ਼ਾਮਲ ਕਰਨਾ ਹੋਵੇਗਾ ਕਿਉਂਕਿ ਭਰੋਸੇ ਦੇ ਆਗੂਆਂ ਤੋਂ ਬਿਨਾ ਸਫਲ ਹੋਣ ਵਿਚ ਰੁਕਵਟਾਂ ਪੈ ਸਕਦੀਆਂ ਹਨ। ਜਦੋਂਕਿ ਲੋਕ ਸਭਾ ਦੀਆਂ ਚੋਣਾਂ ਵਿਚ ਮਹਿਜ਼ ਦਸ ਮਹੀਨੇ ਬਾਕੀ ਹਨ। ਇਸ ਮੰਤਵ ਲਈ ਉਹ ਕੇਂਦਰੀ ਲੀਡਰਸ਼ਿਪ 'ਤੇ ਨਿਰਭਰ ਹੋਣਗੇ। ਸਭ ਤੋਂ ਵੱਡੀ ਗੱਲ ਭਾਰਤੀ ਜਨਤਾ ਪਾਰਟੀ ਦੀ ਵਿਚਾਰਧਾਰਾ ਨੂੰ ਸਮਝਣਾ ਪਵੇਗਾ ਕਿਉਂਕਿ ਉਹ ਪਿਛਲੇ 35 ਸਾਲਾਂ ਤੋਂ ਕਾਂਗਰਸ ਵਿਚ ਕੰਮ ਕਰ ਰਹੇ ਹਨ। ਕਾਂਗਰਸ ਨੂੰ ਧਰਮ ਨਿਰਪੱਖ ਅਤੇ ਭਾਰਤੀ ਜਨਤਾ ਪਾਰਟੀ ਨੂੰ ਧਾਰਮਿਕ ਪਾਰਟੀ ਕਿਹਾ ਜਾ ਰਿਹਾ ਹੈ। ਆਪਣੇ ਆਪ ਨੂੰ ਬਦਲਣਾ ਪਵੇਗਾ। ਭਾਰਤੀ ਜਨਤਾ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਮੁੱਚੇ ਪੰਜਾਬ ਵਿਚ ਮੀਟਿੰਗਾਂ ਕਰਨੀਆਂ ਪੈਣਗੀਆਂ। ਭਾਰਤੀ ਜਨਤਾ ਪਾਰਟੀ ਦਾ ਸ਼ਹਿਰਾਂ ਵਿਚ ਤਾਂ ਆਧਾਰ ਮਜ਼ਬੂਤ ਹੈ ਪ੍ਰੰਤੂ ਪਿੰਡਾਂ ਵੱਲ ਵਧੇਰੇ ਧਿਆਨ ਦੇਣਾ ਪਵੇਗਾ। ਭਾਰਤੀ ਜਨਤਾ ਪਾਰਟੀ ਨੂੰ ਆਸ ਹੈ ਕਿ ਸੁਨੀਲ ਜਾਖੜ ਹਿੰਦੂਆਂ ਅਤੇ ਸਿੱਖਾਂ ਦੋਹਾਂ ਵਿਚ ਹਰਮਨ ਪਿਆਰਾ ਹੈ। ਇਸ ਲਈ ਪਿੰਡਾਂ ਦੇ ਲੋਕਾਂ ਨੂੰ ਪਾਰਟੀ ਨਾਲ ਜੋੜਨ ਵਿਚ ਸਫਲ ਹੋਵੇਗਾ। ਭਾਰਤੀ ਜਨਤਾ ਪਾਰਟੀ ਦਾ ਤਿੰਨ ਖੇਤੀ ਕਾਨੂੰਨਾਂ ਦੇ ਲਾਗੂ ਕਰਨ ਸਮੇਂ ਸਭ ਤੋਂ ਵੱਧ ਵਿਰੋਧ ਪਿੰਡਾਂ ਦੇ ਲੋਕਾਂ ਖਾਸ ਤੌਰ 'ਤੇ ਕਿਸਾਨਾਂ ਨੇ ਕੀਤਾ ਸੀ। ਇਸ ਲਈ ਭਾਰਤੀ ਜਨਤਾ ਪਾਰਟੀ ਨੇ ਤਿੰਨ ਕਾਨੂੰਨ ਵਾਪਸ ਲੈਣ ਤੋਂ ਬਾਅਦ ਪਿੰਡਾਂ ਵਿਚ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ। ਇਸ ਪਾਸੇ ਉਹ ਸਫਲ ਵੀ ਹੋਏ ਹਨ। ਹੁਣ ਵੀ ਉਹ ਚਾਹੁੰਦੇ ਹਨ ਕਿ ਪਿੰਡਾਂ ਦੇ ਲੋਕਾਂ ਨੂੰ ਵੱਧ ਤੋਂ ਵੱਧ ਪਾਰਟੀ ਨਾਲ ਜੋੜਿਆ ਜਾ ਸਕੇ। ਸੁਨੀਲ ਜਾਖੜ ਜਾਟ ਹੋਣ ਕਰਕੇ ਉਸ ਤੋਂ ਪਾਰਟੀ ਉਮੀਦ ਕਰਦੀ ਹੈ ਕਿ ਉਹ ਕਿਸਾਨਾ ਵਿਚ ਸੰਨ੍ਹ ਲਾਉਣ ਵਿਚ ਸਫਲ ਹੋਵੇਗਾ।



ਸੁਨੀਲ ਕੁਮਾਰ ਜਾਖੜ ਨੂੰ ਕੇਂਦਰੀ ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਤੋਂ ਅਸਤੀਫ਼ਾ ਲੈਣ ਤੋਂ ਬਾਅਦ ਜਦੋਂ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣਾਇਆ ਉਦੋਂ ਜਾਤ ਬਿਰਾਦਰੀ ਦਾ ਪੱਤਾ ਖੇਡਦਿਆਂ ਸੁਨੀਲ ਕੁਮਾਰ ਜਾਖੜ ਨੂੰ ਹਿੰਦੂ ਹੋਣ ਕਰਕੇ ਪੰਜਾਬ ਦਾ ਮੁੱਖ ਮੰਤਰੀ ਨਹੀਂ ਬਣਾਇਆ ਸੀ। ਹਾਲਾਂਕਿ ਕਿਹਾ ਜਾਂਦਾ ਹੈ ਕਿ ਪੰਜਾਬ ਕਾਂਗਰਸ ਦੇ ਬਹੁਤੇ ਵਿਧਾਨਕਾਰ ਸੁਨੀਲ ਜਾਖੜ ਦੇ ਹੱਕ ਵਿਚ ਸਨ। ਸੁਨੀਲ ਕੁਮਾਰ ਜਾਖੜ ਇਸ ਕਰਕੇ ਉਦੋਂ ਹੀ ਕਾਂਗਰਸ ਤੋਂ ਨਾਰਾਜ਼ ਹੋ ਗਏ ਸਨ। ਉਹ ਨਾਰਾਜ਼ਗੀ ਦੇ ਨਤੀਜੇ ਵਜੋਂ ਉਸ ਨੇ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਭਾਰਤੀ ਜਨਤਾ ਪਾਰਟੀ ਨੂੰ ਉਮੀਦ ਹੈ ਕਿ ਇਹ ਪੱਤਾ ਉਸ ਦੇ ਪੱਖ ਵਿਚ ਜਾਵੇਗਾ। ਦੂਜਾ ਭਾਰਤੀ ਜਨਤਾ ਪਾਰਟੀ ਨੂੰ ਆਸ ਹੈ ਕਿ ਸੁਨੀਲ ਕੁਮਾਰ ਜਾਖੜ ਦਾ ਪਰਿਵਾਰ ਲੰਬੇ ਸਮੇਂ ਤੋਂ ਕਾਂਗਰਸ ਨਾਲ ਜੁੜਿਆ ਹੋਣ ਕਰਕੇ ਪੰਜਾਬ ਕਾਂਗਰਸ ਦੇ ਨੇਤਾਵਾਂ ਅਤੇ ਵਰਕਰਾਂ ਨੂੰ ਭਾਰਤੀ ਜਨਤਾ ਪਾਰਟੀ ਨਾਲ ਜੋੜ ਲਵੇਗਾ। ਕਿਉਂਕਿ ਸੁਨੀਲ ਕੁਮਾਰ ਜਾਖੜ ਦਾ ਦਾਦਾ ਜ਼ੈਲਦਾਰ ਰਾਜਾ ਰਾਮ ਜਾਖੜ 1925 ਵਿਚ ਕਾਂਗਰਸ ਦਾ ਸਰਗਰਮ ਵਰਕਰ ਸੀ। ਫਿਰ ਸੁਨੀਲ ਜਾਖੜ ਦਾ ਪਿਤਾ ਬਲਰਾਮ ਜਾਖੜ 1965 ਵਿਚ ਸਰਗਰਮ ਸਿਆਸਤ ਵਿਚ ਆ ਗਿਆ ਅਤੇ 1972 ਵਿਚ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ। ਜੂਨ 1977 ਤੋਂ ਫਰਵਰੀ 1980 ਤੱਕ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ ਰਿਹਾ। 1980 ਵਿਚ ਉਹ ਫਿਰੋਜ਼ਪੁਰ ਤੋਂ ਪਹਿਲੀ ਵਾਰ ਲੋਕ ਸਭਾ ਦਾ ਮੈਂਬਰ ਬਣ ਗਿਆ। ਹੈਰਾਨੀ ਤੇ ਮਾਣ ਵਾਲੀ ਗੱਲ ਹੈ ਕਿ ਉਹ ਪਹਿਲੀ ਵਾਰ ਲੋਕ ਸਭਾ ਦਾ ਮੈਂਬਰ ਬਣਿਆਂ ਤੇ ਪਹਿਲੀ ਵਾਰ ਹੀ ਲੋਕ ਸਭਾ ਦਾ ਸਪੀਕਰ ਬਣ ਗਿਆ। 1984 ਵਿਚ ਪੰਜਾਬ ਦੇ ਹਾਲਾਤ ਨਾਗਵਾਰ ਹੋਣ ਕਰਕੇ ਲੋਕ ਸਭਾ ਦੀਆਂ ਚੋਣਾਂ ਨਹੀਂ ਹੋ ਸਕੀਆਂ, ਇਸ ਲਈ ਬਲਰਾਮ ਜਾਖੜ ਨੂੰ ਕਾਂਗਰਸ ਪਾਰਟੀ ਨੇ ਰਾਜਸਥਾਨ ਦੇ ਸੀਕਰ ਲੋਕ ਸਭਾ ਹਲਕੇ ਤੋਂ ਚੋਣ ਲੜਾਕੇ ਲੋਕ ਸਭਾ ਦਾ ਮੈਂਬਰ ਬਣਾਇਆ। 1991 ਵਿਚ ਵੀ ਉਹ ਸੀਕਰ ਤੋਂ ਹੀ ਲੋਕ ਸਭਾ ਦੇ ਮੈਂਬਰ ਚੁਣੇ ਗਏ। 1980 ਤੋਂ 1989 ਤੱਕ ਸਭ ਤੋਂ ਲੰਬਾ ਸਮਾਂ ਲੋਕ ਸਭਾ ਦਾ ਸਪੀਕਰ ਰਿਹਾ। 1991 ਵਿਚ ਪੀ.ਵੀ. ਨਰਸਿਮਹਾ ਰਾਓ ਸਰਕਾਰ ਵਿਚ ਕੇਂਦਰੀ ਖੇਤੀਬਾੜੀ ਮੰਤਰੀ ਬਣੇ। 2004 ਤੋਂ 2009 ਤੱਕ ਰਾਜਪਾਲ ਰਹੇ। ਜਾਖੜ ਪਰਿਵਾਰ ਦਾ ਰਾਜਸਥਾਨ ਵਿਚ ਵੀ ਅਸਰ ਰਸੂਖ ਹੈ ਕਿਉਂਕਿ ਉਨ੍ਹਾਂ ਦਾ ਨਜ਼ਦੀਕੀ ਰਿਸ਼ਤੇਦਾਰ ਰਾਮ ਨਿਵਾਸ ਮਿਰਧਾ ਜਿਹੜਾ ਕੇਂਦਰ ਵਿਚ ਮੰਤਰੀ ਰਿਹਾ ਹੈ, ਉਸ ਦਾ ਪਰਿਵਾਰ ਵੀ ਪ੍ਰਭਾਵਸ਼ਾਲੀ ਸਥਾਨ ਰੱਖਦਾ ਹੈ। ਇਨ੍ਹਾਂ ਕਾਰਨਾ ਕਰਕੇ ਭਾਰਤੀ ਜਨਤਾ ਪਾਰਟੀ ਦੀ ਸੁਨੀਲ ਜਾਖੜ ਨੂੰ ਪੰਜਾਬ ਦਾ ਪ੍ਰਧਾਨ ਬਣਾਉਣ ਪਿੱਛੇ ਜਾਖੜ ਪਰਿਵਾਰ ਦੀ ਵਿਰਾਸਤ ਦਾ ਲਾਭ ਲੈਣ ਦੀ ਕੋਸ਼ਿਸ਼ ਦਾ ਨਤੀਜਾ ਹੈ। ਸੁਨੀਲ ਕੁਮਾਰ ਜਾਖੜ ਲਈ ਆਮ ਆਦਮੀ ਪਾਰਟੀ ਦਾ ਮੁਕਾਬਲਾ ਕਰਨਾਂ ਵੱਡੀ ਚੁਣੌਤੀ ਹੈ ਕਿਉਂਕਿ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਬਦਲਾਓ ਦੇ ਨਾਮ 'ਤੇ ਆਈ ਸਰਕਾਰ ਦਾ ਪ੍ਰਭਾਵ ਅਜੇ ਪੰਜਾਬ ਦੇ ਲੋਕਾਂ ਵਿਚ ਬਰਕਰਾਰ ਹੈ। ਭਾਵੇਂ ਆਮ ਆਦਮੀ ਪਾਰਟੀ ਦਾ ਲੋਕ ਸਭਾ ਵਿਚ ਇਕ ਹੀ ਮੈਂਬਰ ਹੈ। ਵੇਖਣ ਵਾਲੀ ਗੱਲ ਹੈ ਕਿ ਸੁਨੀਲ ਕੁਮਾਰ ਜਾਖੜ 2024 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਵਿਚੋਂ ਭਾਰਤੀ ਜਨਤਾ ਪਾਰਟੀ ਦੀਆਂ ਤਿੰਨ ਸੀਟਾਂ ਤੋਂ ਵੱਧ ਵਿਚ ਕਮਲ ਦਾ ਫੁੱਲ ਖਿੜਾਉਣ ਵਿਚ ਸਫਲ ਹੋਵੇਗਾ?

ਸੁਨੀਲ ਕੁਮਾਰ ਜਾਖੜ ਦਾ ਪੰਜਾਬ ਦੇ ਵਰਤਮਾਨ ਨੇਤਾਵਾਂ ਵਿਚ ਸਭ ਤੋਂ ਸਾਫ ਕਿਰਦਾਰ ਹੈ। ਉਸ ਉਪਰ ਅਜੇ ਤੱਕ ਕਿਸੇ ਕਿਸਮ ਦਾ ਕੋਈ ਇਲਜ਼ਾਮ ਨਹੀਂ ਲੱਗਿਆ। ਉਸ ਦਾ ਕਾਂਗਰਸੀ ਵਰਕਰਾਂ ਵਿਚ ਵੀ ਚੰਗਾ ਆਧਾਰ ਹੈ। ਉਹ ਹਿੰਦੂ ਅਤੇ ਸਿੱਖਾਂ ਵਿਚ ਇਕੋ ਜਿਹਾ ਹਰਮਨ ਪਿਆਰਾ ਹੈ। ਜਾਟ ਹੋਣ ਕਰਕੇ ਪੰਜਾਬ ਦੇ ਜੱਟਾਂ ਦੀਆਂ ਵੋਟਾਂ 'ਤੇ ਵੀ ਅਸਰ ਪਾ ਸਕਦਾ ਹੈ। ਇਹ ਸਾਰੀਆਂ ਕਿਆਸ ਅਰਾਈਆਂ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ। ਉਸ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਨਜ਼ਦੀਕੀ ਵੀ ਸਮਝਿਆ ਜਾ ਰਿਹਾ ਹੈ। ਸੁਨੀਲ ਕੁਮਾਰ ਜਾਖੜ 1990 ਵਿਚ ਕਾਂਗਰਸ ਦੀ ਸਰਗਰਮ ਸਿਆਸਤ ਵਿਚ ਆਇਆ ਸੀ। 1992 ਵਿਚ ਜਦੋਂ ਉਸ ਦਾ ਭਰਾ ਸੱਜਣ ਕੁਮਾਰ ਜਾਖੜ ਅਬੋਹਰ ਤੋਂ ਕਾਂਗਰਸ ਪਾਰਟੀ ਦਾ ਉਮੀਦਵਾਰ ਸੀ, ਤਾਂ ਸੁਨੀਲ ਕੁਮਾਰ ਜਾਖੜ ਨੇ ਚੋਣ ਮੁਹਿੰਮ ਨੂੰ ਚਲਾਇਆ। ਸੱਜਣ ਕੁਮਾਰ ਜਾਖੜ ਇੱਕ ਵਾਰ ਵਿਧਾਨਕਾਰ ਜਿੱਤਣ ਤੋਂ ਬਾਅਦ ਫਿਰ ਚੋਣ ਨਹੀਂ ਲੜਿਆ, ਉਸ ਤੋਂ ਬਾਅਦ ਸੁਨੀਲ ਕੁਮਾਰ ਜਾਖੜ ਤਿੰਨ ਵਾਰ ਅਬੋਹਰ ਤੋਂ ਵਿਧਾਨਕਾਰ ਬਣਿਆਂ। ਇਸ ਦੌਰਾਨ ਮਾਰਚ 2012 ਤੋਂ ਦਸੰਬਰ 2015 ਤੱਕ ਵਿਧਾਨ ਸਭਾ ਵਿਚ ਵਿਰੋਧੀ ਪਾਰਟੀ ਦੇ ਨੇਤਾ ਰਿਹਾ ਹੈ। 2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਸੁਨੀਲ ਕੁਮਾਰ 2017 ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਿਆਂ ਅਤੇ 2021 ਤੱਕ ਇਸ ਅਹੁਦੇ 'ਤੇ ਰਿਹਾ। ਉਨ੍ਹਾਂ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾਉਣ ਲਈ ਅਸਤੀਫ਼ਾ ਲੈ ਲਿਆ ਗਿਆ ਸੀ। ਸੁਨੀਲ ਜਾਖੜ 2017 ਵਿਚ ਗੁਰਦਾਸਪੁਰ ਦੀ ਉਪ ਚੋਣ ਵਿਚ ਲੋਕ ਸਭਾ ਦਾ ਮੈਂਬਰ ਚੁਣਿਆਂ ਗਿਆ। 2019 ਤੱਕ ਉਹ ਲੋਕ ਸਭਾ ਦਾ ਮੈਂਬਰ ਰਿਹਾ।

ਜਿਥੇ ਭਾਰਤੀ ਜਨਤਾ ਪਾਰਟੀ ਨੂੰ ਸੁਨੀਲ ਕੁਮਾਰ ਜਾਖੜ ਤੋਂ ਬਹੁਤ ਸਾਰੀਆਂ ਉਮੀਦਾਂ ਹਨ, ਉਥੇ ਹੀ ਪੰਜਾਬ ਦੇ ਭਾਰਤੀ ਜਨਤਾ ਪਾਰਟੀ ਦੇ ਟਕਸਾਲੀ ਨੇਤਾ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਵਿਚੋਂ ਪ੍ਰਧਾਨ ਨਾ ਬਣਾਉਣ 'ਤੇ ਨਾਖ਼ੁਸ਼ ਹਨ। ਸੁਨੀਲ ਕੁਮਾਰ ਜਾਖੜ ਨੂੰ ਫਾਜ਼ਿਲਕਾ ਤੋਂ ਵਿਧਾਨ ਸਭਾ ਦੀ ਚੋਣ ਵਿਚ ਹਰਾਉਣ ਵਾਲਾ ਸਾਬਕਾ ਵਿਧਾਇਕ ਅਰੁਨ ਨਾਰੰਗ ਨੇ ਸੁਨੀਲ ਜਾਖੜ ਨੂੰ ਪ੍ਰਧਾਨ ਬਣਾਉਣ 'ਤੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਅਰੁਨ ਨਾਰੰਗ ਉਹ ਨੇਤਾ ਹੈ, ਜਿਸ ਨੂੰ ਤਿੰਨ ਖੇਤੀ ਕਾਨੂੰਨਾ ਵਿਰੁੱਧ ਐਜੀਟੇਸ਼ਨ ਸਮੇਂ ਕੁੱਟਿਆ ਅਤੇ ਨਿਵਸਤਰ ਕਰ ਦਿੱਤਾ ਸੀ। ਪਾਰਟੀ ਦੇ ਹੋਰ ਕਿਸੇ ਵੀ ਸੀਨੀਅਰ ਨੇਤਾ ਨੇ ਅਜੇ ਤੱਕ ਵਿਰੋਧੀ ਸੁਰ ਨਹੀਂ ਅਲਾਪੀ ਪ੍ਰੰਤੂ ਪਾਰਟੀ ਵਿਚ ਘੁਸਰ-ਮੁਸਰ ਜ਼ਰੂਰ ਹੋ ਰਹੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਵਿਚ ਭਾਰੂ ਪੈ ਰਿਹਾ ਹੈ। ਕਾਂਗਰਸ ਪਾਰਟੀ ਵੱਲੋਂ ਸੁਨੀਲ ਕੁਮਾਰ ਜਾਖੜ ਨੂੰ ਮੁੱਖ ਮੰਤਰੀ ਨਾ ਬਣਾਉਣ ਦੇ ਵਿਰੋਧ ਵਿਚ ਸੁਨੀਲ ਕੁਮਾਰ ਜਾਖੜ ਨੇ 2022 ਵਿਚ ਹੋਈ ਪੰਜਾਬ ਵਿਧਾਨ ਸਭਾ ਦੀ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਫਾਜ਼ਿਲਕਾ ਤੋਂ ਆਪਣੇ ਭਤੀਜੇ ਨੂੰ ਕਾਂਗਰਸ ਪਾਰਟੀ ਦਾ ਟਿਕਟ ਦਿਵਾ ਦਿੱਤਾ ਸੀ। ਉਸ ਦਾ ਭਤੀਜਾ ਚੋਣ ਜਿੱਤ ਗਿਆ ਸੀ। ਹੈਰਾਨੀ ਦੀ ਗੱਲ ਹੈ ਕਿ ਸਿਆਸੀ ਨੇਤਾਵਾਂ ਵਿਚ ਅਹੁਦਿਆਂ ਤੋਂ ਬਿਨਾ ਰਹਿਣਾ ਮੁਸ਼ਕਲ ਹੋ ਗਿਆ ਹੈ। ਸੁਨੀਲ ਕੁਮਾਰ ਦਾ ਪਰਿਵਾਰ ਪਿਛਲੇ 100 ਸਾਲ ਤੋਂ ਕਾਂਗਰਸ ਪਾਰਟੀ ਨਾਲ ਜੁੜਿਆ ਹੋਇਆ ਹੈ, ਇਸ ਕਰਕੇ ਪੰਜਾਬ ਕਾਂਗਰਸ ਨੇ ਡਰਦਿਆਂ ਆਪਣੇ ਨੇਤਾਵਾਂ ਨੂੰ ਪਾਰਟੀ ਨਾਲ ਜੋੜੀ ਰੱਖਣ ਦੀ ਕਵਾਇਦ ਉਨ੍ਹਾਂ ਦੀਆਂ ਮੀਟਿੰਗਾਂ ਆਯੋਜਤ ਕਰਕੇ ਸ਼ੁਰੂ ਕਰ ਦਿੱਤੀ ਹੈ। ਸੁਨੀਲ ਕੁਮਾਰ ਜਾਖੜ ਦੇ ਵਿਰੁੱਧ ਇਕ ਗੱਲ ਜਾ ਰਹੀ ਹੈ, ਕਾਂਗਰਸ ਪਾਰਟੀ ਵਾਲੇ ਉਸ ਨੂੰ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਦਾ ਵਿਰੋਧ ਕਰਨ ਕਰਕੇ ਦਲਿਤ ਵਿਰੋਧੀ ਕਹਿ ਰਹੇ ਹਨ। ਇਸ ਇਲਜ਼ਾਮ ਤੋਂ ਮੁਕਤ ਹੋਣਾ ਪਵੇਗਾ। ਵੈਸੇ ਹੈਰਾਨੀ ਇਹ ਵੀ ਹੈ ਕਿ ਕਿਸੇ ਸੀਨੀਅਰ ਕਾਂਗਰਸੀ ਨੇਤਾ ਅਤੇ ਵਰਕਰ ਨੇ ਸੁਨੀਲ ਜਾਖੜ ਦੇ ਬੀ.ਜੇ.ਪੀ. ਦਾ ਪ੍ਰਧਾਨ ਬਣਨ 'ਤੇ ਵਿਰੋਧ ਵਿਚ ਬਿਆਨ ਵੀ ਨਹੀਂ ਦਿੱਤਾ। ਹੁਣ ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ ਕਿ ਊਂਟ ਕਿਸ ਕਰਵਟ ਬੈਠਦਾ ਹੈ।

# ਰਾਤੀਂ ਮੈਨੂੰ ਸੁਪਨਾ ਆਇਆ!

ਰਾਤੀਂ ਮੈਨੂੰ ਇੱਕ ਸੁਪਨਾ ਆਇਆ, ਸੁਪਨੇ ਵਿਚ ਕੀ ਵੇਖਦਾਂ ਕਿ ਵਿਆਹ ਦੇ ਕਾਰਡ 'ਤੇ ਨਾ ਕੋਈ ਜਾਤ, ਗੋਤ, ਬੱਸ ਮੇਰਾ ਤੇ ਸਰਦਾਰਨੀ ਜੀ ਦਾ ਨਾਮ ਹੀ ਲਿਖਿਆ ਸੀ। ਇੱਕ ਵਿਸ਼ੇਸ਼ ਨੋਟ ਲਿਖਿਆ ਸੀ ਕਿ ਵਿਆਹ ਦਾ ਸਾਰਾ ਪ੍ਰਬੰਧ ਪੈਲੇਸ 'ਚ ਨਹੀਂ, ਗੁਰਦੁਆਰਾ ਸਾਹਿਬ ਹੋਵੇਗਾ, ਫੇਰ ਸ਼ਰਾਬ ਵਗੈਰਾ ਵਰਤਣ ਦਾ ਤਾਂ ਕੋਈ ਸਵਾਲ ਈ ਨੀਂ ਪੈਦਾ ਹੁੰਦਾ।

ਸੂਟਾਂ, ਸੋਨਾ ਤੇ ਦਾਜ ਦਾ ਲੈਣ-ਦੇਣ ਬਿਲਕੁਲ ਬੰਦ ਸੀ।

ਵਿਚੋਲੇ ਨੂੰ ਸਿੱਧੇ ਸ਼ਬਦਾਂ ਵਿਚ ਕਿਹਾ ਜਾ ਰਿਹਾ ਸੀ, ਵਿਆਹ ਪੂਰੇ ਗੁਰਮਤਿ ਰੀਤੀ-ਰਿਵਾਜ਼ਾਂ ਨਾਲ ਹੀ ਹੋਵੇਗਾ, ਅੱਗੋਂ ਹਾਂ 'ਚ ਹੀ ਜਵਾਬ ਮਿਲ ਰਿਹਾ ਸੀ। ਵਿਆਹ ਦਾ ਦਿਨ (ਮਤਲਬ ਵਿਆਹ ਕਿਸ ਦਿਨ ਹੋਣਾ) ਕਿਸੇ ਪੁਜਾਰੀ ਤੋਂ ਨਾ ਕਢਵਾ ਕਿ (ਜਿਵੇਂ ਬੜੇ ਲੋਕ ਪੰਡਿਤਾਂ ਤੋਂ ਪੁੱਛਦੇ ਨੇ ਕਿ ਵਿਆਹ ਖਾਤਰ ਦਿਨ ਕਿਹੜਾ ਚੰਗਾ ਰਹੇਗਾ) ਦੋਹਾਂ ਪਰਿਵਾਰਾਂ ਵਿਚ ਆਪਸੀ ਸਹਿਮਤੀ ਨਾਲ ਮੁਕੱਰਰ ਕੀਤਾ ਗਿਆ।



ਆਖਿਰ ਨੂੰ ਵਿਆਹ ਵਾਲਾ ਦਿਨ ਆਇਆ, ਮੇਰੇ ਸੋਹਣੀ ਦਸਤਾਰ, ਸੋਹਣਾ ਪਹਿਰਾਵਾ ਤੇ ਹੱਥ ਸੋਹਣੀ ਤਲਵਾਰ ਫੜੀ ਹੋਈ ਸੀ। ਤੇ ਮੇਰਾ ਸਰਵਾਲਾ ਵੀ ਪੂਰੇ ਸਰਦਾਰਾਂ ਵਾਲੇ ਬਾਣੇ 'ਚ ਜਚਿਆ ਹੋਇਆ ਸੀ। ਉਧਰੋਂ ਸਰਦਾਰਨੀ ਦੇ ਪੇਕੇ ਸਾਡੀ ਗੁਰਦੁਆਰਾ ਸਾਹਿਬ ਵਿਚ ਸਵੇਰੇ-ਸਵੇਰੇ ਚਾਰ ਵਜੇ ਉਡੀਕ ਕਰ ਰਹੇ ਸਨ। ਮੇਰੀ ਸਰਦਾਰਨੀ ਮੇਰੇ ਨਾਲ ਮੈਚ ਕਰਦੇ ਸੁੰਦਰ ਗੁਰਸਿੱਖਾਂ ਵਾਲੇ ਬਾਣੇ ਵਿਚ ਸਜੀ ਹੋਈ ਸੀ, ਤੇ ਗ੍ਰੰਥੀ ਸਿੰਘ ਵੀਰ ਸਾਡੀਆਂ ਲਾਵਾਂ ਪੜ੍ਹ ਰਿਹਾ ਸੀ। ਪਿੰਡ ਦੇ ਵਸਨੀਕਾਂ ਨੂੰ ਐਨੇ ਸੰਦੇਹਾਂ ਆਨੰਦ ਕਾਰਜ ਹੁੰਦੇ ਸੁਣ ਕੇ ਇੰਝ ਲੱਗ ਰਿਹਾ ਸੀ, ਜਿਵੇਂ ਉਹ ਕੋਈ ਸੁਪਨੇ ਵੇਖ ਰਹੇ ਹੋਣ।

-ਜਸਵੰਤ ਸਿੰਘ ਜੋਗਾ
62396-43306
(Punjab Mail USA)



ਆਨੰਦ ਕਾਰਜਾਂ ਦੀ ਰਸਮ ਤੋਂ ਬਾਅਦ ਬਰਾਤੀ ਸੱਜਣਾਂ ਨੂੰ ਲੰਗਰ ਪਾਣੀ ਪੰਗਤ ਵਿਚ ਬਿਠਾ ਕੇ ਬੜੀ ਨਿਮਰਤਾ ਨਾਲ ਦੋਹਾਂ ਪਰਿਵਾਰਾਂ ਨੂੰ ਛਕਾਇਆ ਜਾ ਰਿਹਾ ਸੀ ਤੇ ਬਾਕੀ ਸੱਜਣ ਜਿੱਥੇ ਹੋਰਨਾਂ ਵਿਆਹਾਂ ਵਿਚ ਆਰਕੈਸਟਰਾਂ ਨਚਾਈਆਂ ਜਾਂਦੀਆਂ, ਉੱਥੇ ਹੀ ਇਸਦੇ ਉੱਲਟ ਮੇਰੇ ਵਿਆਹ ਵਿਚ ਆਰਕੈਸਟਰਾਂ ਦੀ ਥਾਂ 'ਤੇ ਗੁਰਮਤਿ ਦਾ ਪ੍ਰਚਾਰ ਕਰਨ ਵਾਲੇ ਵੀਰ ਨੂੰ ਕਥਾ ਕਰਨ ਦਾ ਮੌਕਾ ਦਿੱਤਾ ਗਿਆ ਸੀ, ਸੋ ਦਰਬਾਰ ਸਾਹਿਬ ਵਿਚ ਹੀ ਭਾਈ ਸਾਬ ਵੱਲੋਂ ਚਾਰ ਲਾਵਾਂ ਦੀ ਕਥਾ ਕਰਵਾਈ ਜਾ ਰਹੀ ਸੀ, ਤੇ ਦੋਹੇ ਪਰਿਵਾਰ ਬੜੀ ਸੰਜੀਦਗੀ ਨਾਲ ਕਥਾ ਵਿਚਾਰ ਸਰਵਣ ਕਰ ਰਹੇ ਸੀ। ਸਰਦਾਰਨੀ ਜੀ ਦੇ ਪਿੰਡ ਦਾ ਸਾਰਾ ਪ੍ਰੋਗਰਾਮ ਸੰਪੂਰਨ ਕਰਨ ਤੋਂ ਬਾਦ ਅੰਤ ਸਰਦਾਰਨੀ ਜੀ ਦੀ ਡੋਲੀ ਸਾਡੇ ਘਰ ਢੁੱਕਦੀ ਏ...। ਇੰਝ ਮੇਰਾ ਵਿਆਹ ਹੋ ਜਾਂਦਾ ਤੇ ਅਗਲੇ ਦਿਨ ਸਵੇਰੇ-ਸਵੇਰੇ ਜਦ ਮੈਂ ਅਖ਼ਬਾਰ ਪੜ੍ਹਦਾ, ਕੀ ਵੇਖਦਾਂ ਕਿ ਇਸ ਵਿਆਹ ਦੀ ਹਰ ਪਾਸਿਓਂ ਸ਼ਲਾਘਾ ਹੋ ਰਹੀ ਸੀ।

## ‘ਜੋ ਦਿਖਾ, ਸੋ ਲਿਖਾ’

# ਪੰਜਾਬ ਵਿਚ ਚੱਲ ਰਿਹੈ ਰਾਜਨੀਤਿਕ ਭੰਬਲਭੂਸਾ

## ਕਿਸੇ ਵੀ ਪਾਰਟੀ ਕੋਲ ਨਹੀਂ ਕੋਈ ਚਮਤਕਾਰੀ ਲੀਡਰ




**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)


ਅਗਲੇ ਸਾਲ ਦੇ ਸ਼ੁਰੂ ਵਿਚ 18ਵੀਂ ਲੋਕ ਸਭਾ ਚੋਣਾਂ ਹੋਣੀਆਂ ਨੇ ਅਤੇ ਸਾਰੀਆਂ ਪਾਰਟੀਆਂ ਨੇ ਚੋਣ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਨੇ। ਪੰਜਾਬ ਅੰਦਰ ਇਸ ਸਮੇਂ ਸਾਰੀਆਂ ਰਾਜਨੀਤਿਕ ਪਾਰਟੀਆਂ ਭਾਰੀ ਉਥਲ-ਪੁਥਲ ਵਿਚੋਂ ਗੁਜ਼ਰ ਰਹੀਆਂ ਨੇ। ਕਾਂਗਰਸ ਅਤੇ ਅਕਾਲੀ ਦਲ ਅੰਦਰੂਨੀ ਕਲੇਸ਼ ਦਾ ਸ਼ਿਕਾਰ ਨੇ ਅਤੇ ਬੀ.ਜੇ.ਪੀ. ਆਧਾਰ ਸਥਾਪਤ ਕਰਨ ਦੀ ਪ੍ਰੀਕ੍ਰਿਆ ਵਿਚ ਹੈ। ਆਮ ਆਦਮੀ ਪਾਰਟੀ 92 ਵਿਧਾਇਕਾਂ ਦੇ ਬਾਵਜੂਦ ਵੀ ਜਥੇਬੰਦਕ ਤੌਰ ’ਤੇ ਵਿਖਰੀ-ਵਿਖਰੀ ਦਿੱਸਦੀ ਹੈ ਅਤੇ ਮਾੜੀ ਕਾਰਗੁਜ਼ਾਰੀ ਕਾਰਨ ਜਨਤਾ ਦੇ ਦਿਲੋਂ ਉਤਰਦੀ ਜਾ ਰਹੀ ਹੈ। ਇਸ ਤਰ੍ਹਾਂ ਸੂਬੇ ਵਿਚ ਰਾਜਨੀਤਿਕ ਭੰਬਲਭੂਸੇ ਵਾਲੀ ਸਥਿਤੀ ਬਣੀ ਦਿਖਾਈ ਦਿੰਦੀ ਹੈ।

### ‘ਆਪ’ ਦਾ ਗ੍ਰਾਫ ਨੀਚੇ

ਬਦਲਾਅ ਦੀ ਹਨੇਰੀ ਨਾਲ ਆਈ ‘ਆਪ’ ਸਰਕਾਰ ਦਾ ਅਕਸ ਦਿਨੋਂ-ਦਿਨ ਧੁੰਦਲਾ ਹੁੰਦਾ ਜਾ ਰਿਹੈ। ਚੋਣਾਂ ਦੌਰਾਨ ਕੀਤੇ ਵੱਡੇ ਵਾਅਦੇ ਪੂਰੇ ਨਾ ਹੋਣ ਕਾਰਨ ਜਨਤਾ ਵਿਚ ਰੋਸ ਵਧ ਰਿਹਾ ਹੈ। ਅਜੇ ਤੱਕ ਪਾਰਟੀ ਹੇਠਾਂ ਤੱਕ ਆਪਣਾ ਜਥੇਬੰਦਕ ਢਾਂਚਾ ਤਿਆਰ ਨਹੀਂ ਕਰ ਸਕੀ। ਹੁਣ ਪਾਰਟੀ ਪ੍ਰਧਾਨ ਦੇ ਨਾਲ ਪ੍ਰਿੰਸੀਪਲ ਬੁੱਧ ਰਾਮ ਨੂੰ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਬੇਸ਼ੱਕ ਸਰਕਾਰ ਵੱਲੋਂ ਮੁਫ਼ਤ ਬਿਜਲੀ ਅਤੇ ਆਮ ਆਦਮੀ ਕਲੀਨਿਕ ਦੀ ਸਹੂਲਤ ਦਿੱਤੀ ਗਈ ਹੈ ਪਰ ਅਜੇ ਵੀ ਬਹੁਤ ਸਾਰੇ ਵਾਅਦੇ ਪੂਰੇ ਕਰਨੇ ਬਾਕੀ ਨੇ, ਜਿਸ ਕਾਰਨ ਜਨਤਾ ਵਿਚ ਬੇਚੈਨੀ ਵਧ ਰਹੀ ਹੈ। ਸਰਕਾਰ ਵੱਲੋਂ ਭ੍ਰਿਸ਼ਟਾਚਾਰ ਖਤਮ ਕਰਨ ਦੇ ਦਾਅਵੇ ਤਾਂ ਹੋ ਰਹੇ ਨੇ, ਪਰ ਅਸਲ ਵਿਚ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਬਹੁਤ ਵਧ ਚੁੱਕਾ ਹੈ। ਸੂਬੇ ’ਤੇ 3 ਲੱਖ ਕਰੋੜ ਤੋਂ ਵਧੇਰੇ ਕਰਜ਼ਾ ਹੋਣ ਕਾਰਨ ਵਿਕਾਸ ਕਾਰਜ ਪੂਰੀ ਤਰ੍ਹਾਂ ਰੁਕੇ ਹੋਏ ਨੇ। ਜਲੰਧਰ ਜ਼ਿਮਨੀ ਚੋਣ ਵਿਚ ਜਿੱਤ ਨਾਲ ਪਾਰਟੀ ਵਿਚ ਕੁਝ ਉਤਸ਼ਾਹ ਵਧਿਆ ਜ਼ਰੂਰ ਨਜ਼ਰ ਆ ਰਿਹੈ। ਕੇਂਦਰ ਸਰਕਾਰ ਵੱਲੋਂ 6000 ਕਰੋੜ ਤੋਂ ਵਧੇਰੇ ਫੰਡ ਰੋਕੇ ਜਾਣ ਕਾਰਨ ਕੇਂਦਰ ਨਾਲ ਸਬੰਧ ਕਾਫੀ ਵਿਗੜ ਚੁੱਕੇ ਨੇ। ਸਰਕਾਰ ਵਲੋਂ ਇਕ ਸਾਲ ਦੌਰਾਨ 35000 ਕਰੋੜ ਦਾ ਨਵਾਂ ਕਰਜ਼ ਚੁੱਕਣ ਨਾਲ ਵਿੱਤੀ ਹਾਲਤ ਖਸਤਾ ਹੋ ਚੁੱਕੀ ਹੈ। ਬੇਸ਼ੱਕ ਸੜਕਾਂ ਉਪਰ 10 ਟੋਲ ਪਲਾਜ਼ੇ ਬੰਦ ਕਰਨ ਅਤੇ ਕੁਝ ਭ੍ਰਿਸ਼ਟ ਨੇਤਾਵਾਂ ਖ਼ਿਲਾਫ ਕਾਰਵਾਈ ਨਾਲ ਮੁੱਖ ਮੰਤਰੀ ਉਤਸ਼ਾਹਿਤ ਦਿੱਸਦੇ ਨੇ, ਪਰ ਅਜੇ ਵੀ ਸੂਬਾ ਸਰਕਾਰ ਨੂੰ ਦਿੱਲੀ ਵੱਲੋਂ ਚਲਾਏ ਜਾਣ ਦਾ ਪ੍ਰਭਾਵ ਖਤਮ ਨਹੀਂ ਹੋ ਸਕਿਆ ਅਤੇ ਮੁੱਖ ਮੰਤਰੀ ਕੇਜਰੀਵਾਲ ਦੇ ਨਾਲ ਦੂਜੇ ਸੂਬਿਆਂ ਅੰਦਰ ਪ੍ਰਚਾਰ ਵਿਚ ਮਸ਼ਰੂਫ ਨੇ। ਹੁਣੇ ਪਈ ਹੜ੍ਹਾਂ ਦੀ ਮਾਰ ਨੇ ਸਰਕਾਰ ਦੇ ਅਵੇਸਲੇਪਣ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।



### ਦਿਸ਼ਾ ਤੋਂ ਭਟਕੀ ਬੀ.ਜੇ.ਪੀ.

ਸੂਬੇ ਅੰਦਰ ਬੀ.ਜੇ.ਪੀ. ਦੀ ਸਥਿਤੀ ਕਾਫੀ ਕਮਜ਼ੋਰ ਚੱਲ ਰਹੀ ਹੈ। ਇਸ ਨੂੰ ਸੂਬਾ ਪ੍ਰਧਾਨ ਅਸਵਣੀ ਸ਼ਰਮਾ ਸਮੇਤ ਕਿਸੇ ਵੀ ਲੀਡਰ ਵਿਚ ਦਮ ਨਹੀਂ ਦਿਸਿਆ। ਇਸੇ ਲਈ ਪੁਰਾਣੇ ਕਾਂਗਰਸ ਆਗੂ ਸੁਨੀਲ ਜਾਖੜ ਨੂੰ ਸੂਬੇ ’ਚ ਪਾਰਟੀ ਪ੍ਰਧਾਨ ਨਿਯੁਕਤ ਕਰਨਾ ਪਿਐ। ਜਾਖੜ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਆਗੂ ਵੀ ਰਹੇ ਹਨ ਅਤੇ ਪੁਰਾਣੇ ਹੰਢੇ ਹੋਏ ਸਿਆਣੇ ਆਗੂ ਮੰਨੇ ਜਾਂਦੇ ਨੇ। ਪਰ ਉਹ ਹਮੇਸ਼ਾਂ ਬੀ.ਜੇ.ਪੀ. ਖਿਲਾਫ ਖੁੱਲ੍ਹ ਕੇ ਬੋਲਦੇ ਰਹੇ ਨੇ। ਜਾਖੜ ਅਤੇ ਹੋਰ ਸੀਨੀਅਰ ਆਗੂਆਂ ਨੇ ਫ਼ਿਲਹਾਲ ਸੂਬੇ ਦੀਆਂ 13 ਲੋਕ ਸਭਾ ਸੀਟਾਂ ’ਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਬੇਸ਼ੱਕ ਸੰਗਰੂਰ ਅਤੇ ਜਲੰਧਰ ਜ਼ਿਮਨੀ ਚੋਣਾਂ ਵਿਚ ਬੀ.ਜੇ.ਪੀ. ਨੂੰ ਕੁਝ ਹੁੰਗਾਰਾ ਮਿਲਿਆ ਹੈ, ਪਰ ਅਜੇ ਵੀ ਉਸਦੇ ਪੰਜਾਬ ਵਿਚ ਪੈਰ ਨਹੀਂ ਲੱਗ ਰਹੇ। ਬੀ.ਜੇ.ਪੀ. ਸਿਰਫ ਸ਼ਹਿਰਾਂ ਤੱਕ ਹੀ ਸੀਮਤ ਹੈ, ਦਿਹਾਤੀ ਖੇਤਰ ਵਿਚ ਜਥੇਬੰਦਕ ਢਾਂਚਾ ਬਹੁਤ ਕਮਜ਼ੋਰ ਹੈ। ਪਿੰਡਾਂ ਵਿਚ ਆਧਾਰ ਕਾਇਮ ਕਰਨ ਲਈ ਕਾਂਗਰਸ ਸਮੇਤ ਦੂਸਰੀਆਂ ਪਾਰਟੀਆਂ ਵਿਚੋਂ ਵੱਡੇ ਚਿਹਰੇ ਲਿਆਂਦੇ ਹਨ। ਪਰ ਇਸ ਨਾਲ ਬੀ.ਜੇ.ਪੀ. ਦੇ ਪੁਰਾਣੇ ਵਰਕਰ ਕਾਫੀ ਨਿਰਾਸ਼ ਵੀ ਦਿਸਦੇ ਨੇ।

### ਕਾਂਗਰਸ ਦੀ ਆਪੋ ਧਾਪ

ਪਿਛਲੇ ਪੰਜ ਸਾਲ ਸੂਬੇ ’ਚ ਕਾਂਗਰਸ ਸਰਕਾਰ ਦੀ ਨਾਕਸ ਕਾਰਗੁਜ਼ਾਰੀ ਅਤੇ ਅੰਦਰੂਨੀ ਫੁੱਟ ਕਾਰਨ ਪਾਰਟੀ ਜਨਤਾ ਦੇ ਮਨੋਂ ਉਤਰ ਚੁੱਕੀ ਹੈ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਸਮੇਤ ਬਹੁਤੇ ਮੰਤਰੀ ਅਤੇ ਵਿਧਾਇਕ ਪਹਿਲਾਂ ਹੀ ਬੀ.ਜੇ.ਪੀ. ਦਾ ਪੱਲਾ ਫੜ ਚੁੱਕੇ ਨੇ। ਸੰਗਰੂਰ ਅਤੇ ਜਲੰਧਰ ਜ਼ਿਮਨੀ ਚੋਣਾਂ ਵਿਕ ਹਾਰਾਂ ਦੇ ਬਾਵਜੂਦ, ਅਜੇ ਵੀ ਪਾਰਟੀ ਦੇ ਵੱਡੇ ਲੀਡਰ ਜਨਤਕ ਮੁੱਦੇ ਉਠਾਉਣ ਦੀ ਬਜਾਏ ਇਕ ਦੂਜੇ ਦੀਆਂ ਟੰਗਾਂ ਖਿੱਚਣ ਵਿਚ ਹੀ ਲੱਗੇ ਨੇ। ਸੂਬੇ ’ਚ ਵਿਗੜਦੀ ਅਮਨ-ਕਾਨੂੰਨ ਦੀ ਹਾਲਤ ਅਤੇ ਸੂਬੇ ਦੇ ਮੁੱਦਿਆਂ ’ਤੇ ਕੋਈ ਵੱਡਾ ਅੰਦੋਲਨ ਖੜ੍ਹਾ ਕਰਨ ਦੀ ਬਜਾਏ ਪਾਰਟੀ ਫੋਕੀ ਬਿਆਨਬਾਜ਼ੀ ਉਲਝੀ ਪਈ ਹੈ। ਸੂਬੇ ਪ੍ਰਧਾਨ ਰਾਜਾ ਵੜਿੰਗ, ਵਿਰੋਧੀ ਧਿਰ ਨੇਤਾ ਪ੍ਰਤਾਪ ਬਾਜਵਾ, ਚਰਨਜੀਤ ਚੰਨੀ ਅਤੇ ਨਵਜੋਤ ਸਿੱਧੂ ਵੱਖਰੇ-ਵੱਖਰੇ ਰਾਗ ਅਲਾਪ ਰਹੇ ਹਨ। ਇਸ ਸਮੇਂ ਕੋਈ ਵੀ ਅਜਿਹਾ ਪ੍ਰਭਾਵਸ਼ਾਲੀ ਲੀਡਰ ਦਿਖਾਈ ਨਹੀਂ ਦਿੰਦਾ, ਜੋ ਪਾਰਟੀ ਦੀ ਬੇੜੀ ਪਾਰ ਲਗਾ ਸਕੇ। ਕਾਂਗਰਸ ਕੇਡਰ ਨੂੰ ਹਿਮਾਚਲ ਅਤੇ ਕਰਨਾਟਕ ਵਿਚ ਮਿਲੀ ਜਿੱਤ ਤੋਂ ਆਕਸੀਜ਼ਨ ਜ਼ਰੂਰ ਮਿਲੀ ਹੈ। ਇਸ ਸਮੇਂ ਪਾਰਟੀ ਚੋਣਾਂ ਦੌਰਾਨ ਅਗਵਾਈ ਕਰਨ ਵਾਲੇ ਕ੍ਰਿਸ਼ਮਈ ਲੀਡਰ ਦੀ ਤਲਾਸ਼ ਵਿਚ ਜ਼ਰੂਰ ਨਜ਼ਰ ਆਉਂਦੀ ਹੈ।





### ਅਕਾਲੀ ਲੀਡਰਸ਼ਿਪ ਦਾ ਵਿਰੋਧ

ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀ ਅਗਵਾਈ ’ਚ ਲਗਾਤਾਰ ਪੰਜ ਚੋਣਾਂ ਹਾਰਨ ਨਾਲ ਸੂਬੇ ਵਿਚ ਪਾਰਟੀ ਦਾ ਆਧਾਰ ਪੂਰੀ ਤਰ੍ਹਾਂ ਖਿਸਕ ਚੁੱਕਾ ਹੈ। ਬੇਅਦਬੀ ਮਾਮਲੇ ਉਪਰੰਤ ਲੱਗੇ ਬਹਿਬਲ ਕਲਾਂ ਦੇ ਮੋਰਚੇ ਨੇ ਅਕਾਲੀ ਦਲ ਦੀਆਂ ਜੜ੍ਹਾਂ ਹਿਲਾਈਆਂ। ਕੇਂਦਰੀ ਖੇਤੀ ਕਾਨੂੰਨਾਂ ਦੀ ਹਮਾਇਤ ਕਰਨ ’ਤੇ ਕਿਸਾਨੀ ਵੀ ਪਾਰਟੀ ਤੋਂ ਲਾਂਭੇ ਜਾ ਚੁੱਕੀ ਹੈ। 2022 ਦੀਆਂ ਚੋਣਾਂ ’ਚ ਪਾਰਟੀ ਦੀ ਹਾਰ ਦੀ ਸਮੀਖਿਆ ਲਈ ਬਣਾਈ ਝੂੰਦਾ ਕਮੇਟੀ ਦੀ ਰਿਪੋਰਟ ਵਿਚ ਵੀ ਪਾਰਟੀ ਲੀਡਰਸ਼ਿਪ ਵਿਚ ਤਬਦੀਲੀ ਦੀ ਸਿਫ਼ਾਰਿਸ਼ ਕੀਤੀ ਗਈ ਸੀ। ਸੁਖਬੀਰ ਬਾਦਲ ਦੇ ਤਾਨਾਸ਼ਾਹੀ ਰਵੱਈਏ ਤੋਂ ਪ੍ਰੇਸ਼ਾਨ ਬਹੁਤ ਸਾਰੇ ਸੀਨੀਅਰ ਆਗੂ ਪਾਰਟੀ ਤੋਂ ਕਿਨਾਰਾ ਵੀ ਕਰ ਚੁੱਕੇ ਨੇ ਅਤੇ ਕੁੱਝ ਨੇ ਵੱਖਰੀਆਂ ਪਾਰਟੀਆਂ ਵੀ ਬਣਾ ਲਈਆਂ ਨੇ। ਸੰਗਰੂਰ ਅਤੇ ਜਲੰਧਰ ਲੋਕ ਸਭਾ ਜ਼ਿਮਨੀ ਚੋਣਾਂ ਵਿਚ ਬੀ.ਐੱਸ.ਪੀ. ਨਾਲ ਗਠਬੰਧਨ ਦੇ ਬਾਵਜੂਦ ਕਾਰਗੁਜ਼ਾਰੀ ਹੋਰ ਵੀ ਮਾੜੀ ਹੋ ਗਈ। ਪਿਛਲੇ ਦਿਨੀਂ ‘ਆਪ’ ਸਰਕਾਰ ਵੱਲੋਂ ਗੁਰਦੁਆਰਾ ਐਕਟ ਵਿਚ ਸੋਧ ਕਰਨ ਸਮੇਂ ਸੁਖਬੀਰ ਬਾਦਲ ਦੀ ਦੇਸ਼ ਵਿਚੋਂ ਗੈਰ ਹਾਜ਼ਰੀ ਨਾਲ ਪਾਰਟੀ ਦੀ ਕਾਫੀ ਕਿਰਕਿਰੀ ਹੋਈ ਅਤੇ ਮੁੜ ਸੰਭਲਣ ਦਾ ਇਕ ਹੋਰ ਮੌਕਾ ਪਾਰਟੀ ਨੇ ਗਵਾ ਲਿਆ। ਸੁਖਬੀਰ ਬਾਦਲ ਕਿਸੇ ਹੋਰ ਸੀਨੀਅਰ ਆਗੂ ਨੂੰ ਪ੍ਰਧਾਨਗੀ ਸੌਂਪਣ ਲਈ ਤਿਆਰ ਨਹੀਂ, ਸਗੋਂ ਕੋਰ ਕਮੇਟੀ ਦੀ ਮੀਟਿੰਗ ਕਰਕੇ ‘ਇਕਸਾਰ ਸਿਵਲ ਕੋਡ’ ਦੇ ਅਧਿਐਨ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕਰਕੇ ਡੰਗ ਟਪਾ ਦਿੱਤਾ। ਇਸ ਮਾਮਲੇ ’ਤੇ ਸ਼੍ਰੋਮਣੀ ਕਮੇਟੀ ਵੱਲੋਂ ‘ਇਕਸਾਰ ਸਿਵਲ ਕੋਡ’ ਵਿਰੁੱਧ ਸਟੈਂਡ ਲੈ ਕੇ ਪਾਰਟੀ ਦੇ ਬੀ.ਜੇ.ਪੀ. ਨਾਲ ਮੁੜ ਗਠਬੰਧਨ ਵਿਚ ਰੋੜਾ ਖੜ੍ਹਾ ਕਰ ਦਿੱਤਾ ਹੈ। ਇਸ ਸਮੇਂ ਪਾਰਟੀ ਪਾਸ ਸੁਖਬੀਰ ਬਾਦਲ ਦੇ ਪੱਧਰ ਦਾ ਕੋਈ ਹੋਰ ਆਗੂ ਵੀ ਦਿਖਾਈ ਨਹੀਂ ਦੇ ਰਿਹਾ, ਜੋ ਪਾਰਟੀ ਨੂੰ ਔਖੇ ਸਮੇਂ ਵਿਚੋਂ ਉਭਾਰ ਸਕੇ। ਪ੍ਰੰਤੂ ਲੋਕਾਂ ਵਿਚ ਸੁਖਬੀਰ ਖਿਲਾਫ ਕਾਫੀ ਗੁੱਸਾ ਹੈ। ਇਹੋ ਕਾਰਨ ਹੈ ਕਿ ਪਾਰਟੀ ਲਗਾਤਾਰ ਪਛੜ ਰਹੀ ਹੈ। ਉਂਝ ਪਾਰਟੀ ਪਾਸ ਜ਼ਮੀਨੀ ਪੱਧਰ ’ਤੇ ਇਕ ਮਜ਼ਬੂਤ ਜਥੇਬੰਦਕ ਢਾਂਚਾ ਮੌਜੂਦ ਹੈ।

### ਬੀ.ਜੇ.ਪੀ.-ਅਕਾਲੀ ਗਠਜੋੜ ਦੇ ਆਸਾਰ

ਮੀਡੀਆ ਵਿਚ ਆਮ ਚਰਚਾ ਹੈ ਕਿ ਅੰਦਰ ਖਾਤੇ ਦੋਵੇਂ ਪਾਰਟੀਆਂ ਦੇ ਵਿਚ ਗਠਬੰਧਨ ਲਈ ਫੈਸਲਾ ਹੋ ਚੁੱਕਾ ਹੈ। ਚਰਚਾ ਹੈ ਕਿ ਲੋਕ ਸਭਾ ਦੀਆਂ 13 ਵਿਚੋਂ ਪੰਜ ਸੀਟਾਂ ’ਤੇ ਬੀ.ਜੇ.ਪੀ., ਸੱਤ ’ਤੇ ਅਕਾਲੀ ਦਲ ਅਤੇ ਇੱਕ ਸੀਟ ’ਤੇ ਬੀ.ਐੱਸ.ਪੀ. ਚੋਣਾਂ ਲੜੇਗੀ। ਇਸੇ ਤਰ੍ਹਾਂ 2027 ਦੀਆਂ ਵਿਧਾਨ ਸਭਾ ਚੋਣਾਂ ’ਚ 46 ਸੀਟਾਂ ਬੀ.ਜੇ.ਪੀ. ਨੂੰ ਜਾਣਗੀਆਂ ਅਤੇ ਬਾਕੀ ਸੀਟਾਂ ’ਤੇ ਅਕਾਲੀ ਦਲ ਅਤੇ ਬੀ.ਐੱਸ.ਪੀ. ਚੋਣ ਲੜਨਗੇ। ਪਰ ਅਜੇ ਦੋਵੇਂ ਪਾਰਟੀਆਂ ਦੀ ਸੀਨੀਅਰ ਲੀਡਰਸ਼ਿਪ ਕਿਸੇ ਦੀ ਅਜਿਹੇ ਗਠਜੋੜ ਤੋਂ ਇਨਕਾਰ ਕਰ ਰਹੀ ਹੈ ਅਤੇ ਸੌਦੇਬਾਜ਼ੀ ਵਿਚ ਵਧੇਰੇ ਹਿੱਸਾ ਲੈਣ ਦੇ ਯਤਨ ਵਿਚ ਨੇ। ਮੌਜੂਦਾ ਹਾਲਾਤ ਵਿਚ ਬੀ.ਜੇ.ਪੀ. ਵੀ ਆਪਣੇ ਆਪ ਨੂੰ ਵਧੇਰੇ ਮਜ਼ਬੂਤ ਨਹੀਂ ਸਮਝਦੀ ਅਤੇ ਉਸ ਨੇ 18 ਜੁਲਾਈ ਨੂੰ ਐੱਨ.ਡੀ.ਏ. ਦੇ ਪੁਰਾਣੇ ਭਾਈਵਾਲਾਂ ਦੀ ਇੱਕ ਮੀਟਿੰਗ ਬੁਲਾਈ ਹੈ, ਜਿਸ ਵਿਚ ਸੁਖਬੀਰ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਨੂੰ ਵੀ ਸੱਦਾ ਦਿੱਤਾ ਗਿਆ ਹੈ। ਅਕਾਲੀ ਸਫਾਂ ਦਾ ਮੰਨਣਾ ਹੈ ਕਿ ਜੇਕਰ ਸੁਖਬੀਰ ਬਾਦਲ ਦਾ ਰਵੱਈਆ ਇਸੇ ਤਰ੍ਹਾਂ ਅੜੀਅਲ ਰਿਹਾ, ਤਾਂ ਪਾਰਟੀ ਦਾ ਮੁੜ ਉਭਰਨਾ ਮੁਸ਼ਕਿਲ ਹੋਵੇਗਾ।

ਜੇਕਰ ਕੁੱਲ ਮਿਲਾਕੇ ਦੇਖਿਆ ਜਾਵੇ, ਤਾਂ ਇਸ ਸਮੇਂ ਪੰਜਾਬ ਵਿਚ ਕਿਸੇ ਵੀ ਪਾਰਟੀ ਪਾਸ ਵੋਟਾਂ ਖਿੱਚਣ ਵਾਲਾ ਕੋਈ ਵੱਡਾ ਚਮਤਕਾਰੀ ਲੀਡਰ ਮੌਜੂਦ ਨਹੀਂ ਹੈ ਅਤੇ ਸਥਿਤੀ ਪੂਰੀ ਤਰ੍ਹਾਂ ਭੰਬਲਭੂਸੇ ਵਾਲੀ ਬਣੀ ਹੋਈ ਹੈ।

# ਧਰਮ ਸਥਾਨ ਦੇ ਅੰਦਰ ਅਤੇ ਬਾਹਰ ਦੇ ਵਿਹਾਰ ਵਿਚ ਅੰਤਰ





ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)


ਤਕਰੀਬਨ 90% ਲੋਕਾਂ ਦਾ ਧਰਮ ਅਸਥਾਨਾਂ ਦੇ ਅੰਦਰ ਵਿਹਾਰ ਹੋਰ ਹੁੰਦਾ ਹੈ ਤੇ ਬਾਹਰ ਹੋਰ। ਇਹ ਵੇਖ ਕੇ ਬੇਹੱਦ ਹੈਰਾਨੀ ਹੁੰਦੀ ਹੈ, ਜਿਹੜਾ ਵਿਅਕਤੀ ਅੱਧਾ ਘੰਟਾ ਪਹਿਲਾਂ ਧਰਮ ਸਥਾਨ ਦੇ ਅੰਦਰ ਅੱਧ ਮੀਟੀਆਂ ਅੱਖਾਂ ਨਾਲ ਕਥਾ ਕੀਰਤਨ ਸੁਣਨ ਸਮੇਂ ਸ਼ਾਂਤੀ ਅਤੇ ਇਮਾਨਦਾਰੀ ਦਾ ਸਰੂਪ ਬਣ ਕੇ ਪ੍ਰਮਾਤਮਾ ਨਾਲ ਇੱਕ-ਮਿੱਕ ਹੋਇਆ ਜਾਪਦਾ ਸੀ, ਉਹ ਬਾਹਰ ਆ ਕੇ ਕਿਸੇ ਗਰੀਬ ਰਿਕਸ਼ੇ ਵਾਲੇ ਨਾਲ ਦਸਾਂ ਰੁਪਿਆਂ ਪਿੱਛੇ ਝਗੜ ਰਿਹਾ ਹੈ। ਮਾਝੇ ਦਾ ਇੱਕ ਪ੍ਰਸਿੱਧ ਡੇਰਾ ਹੈ, ਜਿੱਥੇ ਲੋਕ ਇੱਕ ਦੂਸਰੇ ਨੂੰ ਮਿਲਣ ਸਮੇਂ ਧਾਰਮਿਕ ਜੈਕਾਰਾ ਲਗਾ ਕੇ ਕਮਾਨ ਵਾਂਗ ਦੂਹਰੇ ਹੋ ਕੇ ਇੱਕ ਦੂਸਰੇ ਦੇ ਪੈਰਾਂ ਨੂੰ ਹੱਥ ਲਗਾਉਣ ਤੱਕ ਜਾਂਦੇ ਹਨ ਤੇ ਕਥਿਤ ਨਿਰਮਾਣਤਾ ਵਿਚ ਇੱਕ ਦੂਸਰੇ ਨੂੰ ਪਛਾੜਨ ਦੀ ਕੋਸ਼ਿਸ਼ ਕਰਦੇ ਹਨ। ਪਰ ਸਮਾਗਮ ਖਤਮ ਹੋਣ ਤੋਂ ਬਾਅਦ ਉਨ੍ਹਾਂ ਲੋਕਾਂ ਦਾ ਵਰਤਾਰਾ ਬੱਸ ਅੱਡੇ 'ਤੇ ਵੇਖਣ ਵਾਲਾ ਹੁੰਦਾ ਹੈ, ਕਿਵੇਂ ਬੱਸ ਦੀ ਸੀਟ ਮੱਲਣ ਪਿੱਛੇ ਫੰਡਿਉਂ-ਫੰਡੀ ਹੋਣ ਤੱਕ ਜਾਂਦੇ ਹਨ।

ਮੈਂ ਕੁਝ ਦਿਨ ਪਹਿਲਾਂ ਅਨੰਦਪੁਰ ਸਾਹਿਬ ਵਿਖੇ ਇੱਕ ਧਰਮ ਸਥਾਨ 'ਤੇ ਪਰਿਵਾਰ ਸਮੇਤ ਮੱਥਾ ਟੇਕਣ ਲਈ ਗਿਆ ਸੀ। ਐਤਵਾਰ ਦਾ ਦਿਨ ਸੀ ਤੇ ਭੀੜ-ਭੜੱਕਾ ਹੋਣ ਕਾਰਨ ਉਥੇ ਵੀ ਅਜਿਹਾ ਹੀ ਮਾਹੌਲ ਸੀ। ਧਰਮ ਸਥਾਨ ਦੇ ਅੰਦਰ ਲੋਕ ਹੱਥ ਜੋੜ ਕੇ ਬੇਹੱਦ ਅਨੁਸ਼ਾਸ਼ਨ ਨਾਲ ਮੱਥਾ ਟੇਕਣ ਲਈ ਆਪਣੀ ਵਾਰੀ ਦੀ ਉਡੀਕ ਵਿਚ ਆਰਾਮ ਨਾਲ ਖੜ੍ਹੇ ਸਨ। ਪਰ ਉਹ ਹੀ ਲੋਕ ਬਾਹਰ ਆ ਕੇ ਜੋੜਾਂ ਘਰ ਤੋਂ ਜੁੱਤੀਆਂ ਲੈਣ ਲਈ ਇੱਕ ਦੂਸਰੇ ਨਾਲ ਧੱਕਮ-ਧੱਕਾ ਹੋ ਰਹੇ ਸਨ, ਜਿਵੇਂ ਕਿਸੇ ਨੇ ਉਨ੍ਹਾਂ ਦੀ ਜੁੱਤੀ ਚੋਰੀ ਕਰ ਲੈਣੀ ਹੋਵੇ। ਕੁਝ ਲੋਕ ਤਾਂ ਧਾਰਮਿਕ ਮੇਲਿਆਂ ਵਿਚ ਸਿਰਫ ਔਰਤਾਂ ਨਾਲ ਛੇੜਛਾੜ ਕਰਨ ਵਾਸਤੇ ਹੀ ਜਾਂਦੇ ਹਨ। ਮੇਰੇ ਇੱਕ ਵਾਕਫ ਬੰਦੇ ਗੁਰਬੰਸ (ਕਾਲਪਨਿਕ ਨਾਮ) ਦੇ ਸਹੁਰੇ ਪਰਿਵਾਰ ਵਾਲੇ ਹਰਿਆਣੇ ਦੇ ਇੱਕ ਡੇਰੇ ਨੂੰ ਮੰਨਦੇ ਹਨ। ਪਰ ਉਸ ਦਾ ਇੱਕ ਸਾਲਾ ਜੈਲਾ (ਕਾਲਪਨਿਕ ਨਾਮ) ਥੋੜ੍ਹਾ ਜਿਹਾ ਤਰਕਸ਼ੀਲ ਵਿਚਾਰਾਂ ਵਾਲਾ ਅਗਾਂਹਵਧੂ ਕਿਸਮ ਦਾ ਇਨਸਾਨ ਹੈ। ਉਹ ਪਰਿਵਾਰ ਦੇ ਕਹਿਣ 'ਤੇ ਡੇਰੇ ਚਲਾ ਤਾਂ ਜਾਂਦਾ ਹੈ ਪਰ ਅੰਦਰੋਂ-ਅੰਦਰੀਂ ਖਿਝਦਾ-ਕ੍ਰਿਝਦਾ ਰਹਿੰਦਾ ਹੈ। ਗੁਰਬੰਸ ਦੀ ਸੱਸ ਤਾਰੋ (ਕਾਲਪਨਿਕ ਨਾਮ) ਥੋੜ੍ਹੀ ਕੰਮਚੋਰ ਕਿਸਮ ਦੀ ਔਰਤ ਹੈ। ਸਾਰਾ ਦਿਨ ਲੱਕ ਪੀੜ ਦਾ ਬਹਾਨਾ ਬਣਾ ਕੇ ਮੰਝੇ 'ਤੇ ਲੰਮੀ ਪਈ ਰਹਿੰਦੀ ਹੈ ਤੇ ਪਾਣੀ ਵੀ ਨੂੰਹਾਂ ਕੋਲੋਂ ਮੰਗਵਾ ਕੇ ਪੀਂਦੀ ਹੈ।

ਇੱਕ ਵਾਰ ਸਾਰਾ ਪਰਿਵਾਰ ਡੇਰੇ ਗਿਆ ਤੇ ਖਿੱਚ-ਧੂਹ ਕੇ ਜੈਲੇ ਨੂੰ ਵੀ ਨਾਲ ਲੈ ਗਏ। ਡੇਰੇ ਵਿਚ ਦੋ-ਤਿੰਨ ਘੰਟੇ ਪ੍ਰਵਚਨ ਚੱਲਿਆ ਤੇ ਬਾਅਦ ਵਿਚ ਐਲਾਨ ਕੀਤਾ ਗਿਆ ਕਿ ਜਿਸ ਭਗਤ ਨੇ ਸਫਾਈ ਦੀ ਸੇਵਾ ਕਰਨੀ ਹੋਵੇ, ਉਹ ਝਾੜੂ ਲੈ ਲਵੇ। ਸਾਰਾ ਦਿਨ ਹਾਏ-ਹਾਏ ਕਰਨ ਵਾਲੀ ਤਾਰੋ ਸਭ ਤੋਂ ਪਹਿਲਾਂ ਝਾੜੂ ਲੈਣ ਲਈ ਭੱਜ ਗਈ। ਜਦੋਂ ਜੈਲੇ ਨੇ ਆਪਣੀ ਮਾਂ ਨੂੰ ਮਸ਼ੀਨ ਵਾਂਗ ਝਾੜੂ ਫੇਰਦੇ ਹੋਏ ਵੇਖਿਆ, ਤਾਂ ਉਸ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਉਸ ਨੇ ਤਾਰੋ ਕੋਲੋਂ ਝਾੜੂ ਖੋਹ ਪਰ੍ਹਾਂ ਵਗਾਹ ਮਾਰਿਆ ਤੇ ਬੋਲਿਆ ਕਿ ਘਰ ਤਾਂ ਕਦੇ ਤੂੰ ਮੇਜ਼ 'ਤੇ ਕੱਪੜਾ ਨਹੀਂ ਮਾਰਿਆ, ਹੁਣ ਕਿੱਥੇ ਗਈ ਤੇਰੀ ਬਿਮਾਰੀ? ਜਦੋਂ ਵੀ ਕੋਈ ਸ਼ਰਧਾਲੂ ਕਿਸੇ ਧਰਮ ਸਥਾਨ ਦੇ ਦਰਸ਼ਨ ਕਰਨ ਜਾਂਦਾ ਹੈ, ਤਾਂ ਉਸ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਥੋਂ ਕੋਈ ਧਾਰਮਿਕ ਵਸਤੂ ਨਿਸ਼ਾਨੀ ਦੇ ਤੌਰ 'ਤੇ ਖਰੀਦ ਲਈ ਜਾਵੇ। ਪਰ ਇਹ ਵੇਖਿਆ ਗਿਆ ਹੈ ਕਿ ਧਰਮ ਸਥਾਨਾਂ ਦੇ ਨਜ਼ਦੀਕ ਦੁਕਾਨਾਂ ਕਰਨ ਵਾਲੇ ਦੁਕਾਨਦਾਰ ਸਭ ਨਾਲੋਂ ਵੱਧ ਬੇਦਰਦੀ ਨਾਲ ਸ਼ਰਧਾਲੂਆਂ ਅਤੇ ਖਾਸ ਤੌਰ 'ਤੇ ਟੂਰਿਸਟਾਂ ਨੂੰ ਲੁੱਟਦੇ ਹਨ। ਤੜਕੇ 4 ਵਜੇ ਇਹ ਹੀ ਲੋਕ ਉਸ ਧਰਮ ਸਥਾਨ ਅੰਦਰ ਪੂਰੀ ਸ਼ਰਧਾ ਨਾਲ ਮੱਥਾ ਟੇਕ ਰਹੇ ਹੁੰਦੇ ਹਨ ਤੇ ਕੁਝ ਕੁ ਮਿੰਟਾਂ ਲਈ ਇਮਾਨਦਾਰੀ ਦੀ ਮੂਰਤ ਲੱਗਦੇ ਹਨ। ਜੇ ਇਨ੍ਹਾਂ ਨੂੰ ਧਰਮ ਸਥਾਨ ਦੀ ਹਦੂਦ ਅੰਦਰ ਕੋਈ ਪੈਸਾ ਟਕਾ ਡਿੱਗਿਆ ਹੋਇਆ ਮਿਲ ਜਾਵੇ, ਤਾਂ ਬਹੁਤ ਹੀ ਸ਼ਰਧਾ ਨਾਲ ਗੋਲਕ ਵਿਚ ਪਾ ਦਿੰਦੇ ਹਨ ਪਰ ਦੁਕਾਨ ਦਾ ਸ਼ਟਰ ਚੁੱਕਦਿਆਂ ਸਾਰ ਇਮਾਨਦਾਰੀ ਤੇ ਧਰਮ ਕਰਮ ਹਵਾ ਹੋ ਜਾਂਦੇ ਹਨ।

ਸਾਡੇ ਸਮਾਜ ਵਿਚ ਸਭ ਤੋਂ ਪਵਿੱਤਰ ਸਥਾਨ ਸ਼ਮਸ਼ਾਨ ਘਾਟ ਨੂੰ ਮੰਨਿਆਂ ਜਾਂਦਾ ਕਿਉਂਕਿ ਇਥੇ ਆ ਕੇ ਹਰ ਇਨਸਾਨ ਦੀ ਜ਼ਿੰਦਗੀ ਦਾ ਸਫਰ ਪੂਰਾ ਹੋ ਜਾਂਦਾ ਹੈ। ਕੋਈ ਵਿਅਕਤੀ ਚਾਹੇ ਆਪਣੀ ਜ਼ਿੰਦਗੀ ਵਿਚ ਕਿਸੇ ਧਰਮ ਸਥਾਨ 'ਤੇ ਗਿਆ ਹੋਵੇ ਜਾਂ ਨਾ, ਪਰ ਆਖਰ ਹਰ ਕਿਸੇ ਨੂੰ ਇਥੇ ਆਉਣਾ ਹੀ ਪੈਂਦਾ ਹੈ। ਹਿੰਦੂ ਧਰਮ ਵਿਚ ਇਸ ਨੂੰ ਸ਼ਿਵ ਜੀ ਦਾ ਸਥਾਨ ਮੰਨ ਕੇ ਸ਼ਿਵਪੁਰੀ ਕਿਹਾ ਜਾਂਦਾ ਹੈ। ਕੁਝ ਮਹੀਨੇ ਪਹਿਲਾਂ ਮੈਨੂੰ ਕਿਸੇ ਬਜ਼ੁਰਗ ਦੇ ਦਾਹ-ਸੰਸਕਾਰ 'ਤੇ ਜਾਣਾ ਪਿਆ। ਮੇਰਾ ਇੱਕ ਸਾਥੀ ਉਸ ਬਜ਼ੁਰਗ ਦਾ ਅੰਤਿਮ ਸੰਸਕਾਰ ਹੁੰਦਾ ਵੇਖ ਕੇ ਕੁਝ ਜ਼ਿਆਦਾ ਹੀ ਭਾਵੁਕ ਹੋਇਆ ਪਿਆ ਸੀ। ਹਾਉਕਾ ਭਰ ਕੇ ਕਹਿਣ ਲੱਗਾ, "ਲਉ ਜੀ, ਆਹ ਹੀ ਆ ਬੰਦੇ ਦਾ ਅਖੀਰ। ਇਨਸਾਨ ਸਾਰੀ ਉਮਰ ਲੋਭ-ਲਾਲਚ ਵਿਚ ਪੈ ਕੇ ਪਾਪ ਕਰੀ ਜਾਂਦਾ, ਆਖਰ ਸਵਾਹ ਦੀ ਮੁੱਠ ਹੀ ਬਣ ਜਾਣਾ ਸਭ ਨੇ। ਸਭ ਕੁਝ ਐਥੇ ਹੀ ਰਹਿ ਜਾਣਾ, ਕੁਝ ਨਹੀਂ ਜਾਣਾ ਨਾਲ। ਐਵੇਂ ਮੇਰੀ ਮੇਰੀ ਕਰੀ ਜਾਂਦਾ ਬੰਦਾ।" ਸਾਰੇ ਉਸ ਦੇ ਵੈਰਾਗਮਈ ਪ੍ਰਵਚਨ ਸੁਣ ਕੇ ਸਹਿਮਤੀ ਨਾਲ ਸਿਰ ਹਿਲਾ ਰਹੇ ਸਨ।

ਜਦੋਂ ਸਾਰਾ ਕਿਰਿਆ ਕਰਮ ਨਿੱਬੜ ਗਿਆ, ਤਾਂ ਵਾਪਸ ਜਾਣ ਲਈ ਉਹ ਮੇਰੀ ਗੱਡੀ ਵਿਚ ਬੈਠ ਗਿਆ ਕਿਉਂਕਿ ਮੇਰੇ ਨਾਲ ਹੀ ਆਇਆ ਸੀ। ਦਾਹ ਸੰਸਕਾਰ ਵੇਲੇ ਸ਼ਾਇਦ ਉਸ ਨੇ ਆਪਣਾ ਮੋਬਾਇਲ ਫੋਨ ਸਾਈਲੈਂਟ 'ਤੇ ਲਗਾਇਆ ਹੋਇਆ ਸੀ। ਉਸ ਨੇ ਫਟਾਫਟ ਮਿੱਸ ਕਾਲਾਂ ਵੇਖੀਆਂ ਤੇ ਇੱਕ ਨੰਬਰ 'ਤੇ ਫੋਨ ਲਗਾ ਲਿਆ। ਕੁਝ ਦੇਰ ਪਹਿਲਾਂ ਦੁਨੀਆਂ ਤੋਂ ਲਗਭਗ ਸੰਨਿਆਸ ਲੈਣ ਦੀ ਅਵਸਥਾ ਵਿਚ ਪਹੁੰਚਿਆ ਹੋਇਆ ਉਹ ਬੰਦਾ ਨੰਬਰ ਲੱਗਦਿਆਂ ਸਾਰ ਹੀ ਪਟਰ-ਪਟਰ ਬੋਲਣ ਲੱਗਾ, "ਹੈਂ ਕਿੰਨੇ ਨੂੰ? ਜਾ ਆਪਣਾ ਕੰਮ ਕਰ ਜਾ ਕੇ। 25000 ਤੋਂ ਇੱਕ ਰੁਪਈਆ ਘੱਟ ਨਹੀਂ ਲੈਣਾ ਗਜ਼ ਦਾ। ਪਲਾਟ ਤਾਂ ਵੇਖ ਕਿੰਨੇ ਟਿਕਾਣੇ 'ਤੇ ਆ। ਤੇਰੇ ਹੱਥ ਤੰਗ ਤੋਂ ਮੈਂ ਕੀ ਲੈਣਾ? ਮਹਿੰਗਾ ਲੱਗਦਾ ਆ ਤਾਂ ਕਿਸੇ ਹੋਰ ਕੋਲੋਂ ਲੈ ਲਾ ਜਾ ਕੇ ਸਸਤਾ।" ਉਸ ਨੇ ਅੱਧੇ-ਪੌਣੇ ਘੰਟੇ ਦੇ ਸਫਰ ਦੌਰਾਨ ਅੱਠ-ਦਸ ਫੋਨ ਲਗਾਏ, ਜੋ ਸਾਰੇ ਹੀ ਲੋਭ ਲਾਲਚ ਅਤੇ ਮੋਹ ਮਾਇਆ ਦੇ ਮਾਮਲਿਆਂ ਸਬੰਧੀ ਸਨ।

# ਕੁਦਰਤ ਦਾ ਕਹਿਰ


ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)





ਤਕਰੀਬਨ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਬਾਰਿਸ਼ ਹੋ ਰਹੀ ਹੈ। ਪੰਜਾਬ ਦਾ ਪੁਆਧੀ ਖੇਤਰ ਹੜ੍ਹਾਂ ਦੀ ਗ੍ਰਿਫ਼ਤ ਵਿਚ ਹੈ। ਘੱਗਰ ਨਦੀ ਵਿਚ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਹਨ। ਸਤਲੁਜ, ਬਿਆਸ ਦਰਿਆ ਵੀ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਵੱਗ ਰਹੇ ਹਨ। ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਰਿਹਾ ਹੈ। ਪ੍ਰਸ਼ਾਸਨ ਤੇ ਮੌਜੂਦਾ ਐੱਮ.ਐੱਲ.ਏ. ਆਪਣੀ ਜ਼ਿੰਮੇਵਾਰੀ ਨੂੰ ਬਹੁਤ ਵਧੀਆ ਤਰੀਕੇ ਨਾਲ ਨਿਭਾਅ ਰਹੇ ਹਨ। ਸਮਾਜ ਸੇਵੀ ਸੰਸਥਾਵਾਂ ਵੱਲੋਂ ਅੱਗੇ ਆ ਕੇ ਲੋਕਾਂ ਦੀ ਮਦਦ ਵੀ ਕੀਤੀ ਜਾ ਰਹੀ ਹੈ। ਦਰਅਸਲ ਮੋਹਾਲੀ ਅਤੇ ਇਸ ਦੇ ਆਸ-ਪਾਸ ਦੇ ਖੇਤਰਾਂ ਵਿਚ 20 ਤੋਂ 25 ਮੰਜ਼ਿਲੇ ਫਲੈਟ ਉਸਾਰ ਦਿੱਤੇ ਗਏ। ਨਦੀਆਂ-ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ। ਸਥਾਨਕ ਸਰਕਾਰ ਵਿਭਾਗਾਂ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਬਿਲਡਰਾਂ ਨੇ ਖੁੰਬਾਂ ਦੀ ਤਰ੍ਹਾਂ ਕਲੋਨੀਆਂ ਉਸਾਰ ਦਿੱਤੀਆਂ। ਕੁਝ ਹੀ ਦਿਨਾਂ ਵਿਚ ਬਿਲਡਰਾਂ ਨੇ ਫਲੈਟ ਖੜ੍ਹੇ ਕਰ ਦਿੱਤੇ। ਇਹ ਨਹੀਂ ਦੇਖਿਆ ਕਿ ਇੱਥੇ ਰਹਿਣ ਵਾਲਿਆਂ ਦਾ ਬਰਸਾਤ ਵਿਚ ਕੀ ਹਾਲ ਹੋਵੇਗਾ। ਕੋਈ ਉਨ੍ਹਾਂ ਨੂੰ ਸਮੱਸਿਆ ਤਾਂ ਨਹੀਂ ਆਵੇਗੀ। ਪੈਸੇ ਦੀ ਹੋੜ ਲੱਗੀ ਹੋਈ ਹੈ। ਅੱਜ ਕੁਦਰਤ ਨੇ ਵੀ ਆਪਣੇ ਰੰਗ ਦਿਖਾ ਦਿੱਤੇ ਹਨ। ਚੇਤੇ ਕਰਵਾ ਦੇਈਏ ਕਿ ਜਦੋਂ ਵੀਹ ਕੁ ਸਾਲ ਪਹਿਲਾਂ ਬਰਸਾਤਾਂ ਹੁੰਦੀਆਂ ਸਨ, ਤਾਂ ਦੱਸ-ਦੱਸ ਦਿਨਾਂ ਦੀਆਂ ਬਰਸਾਤਾਂ ਲਗਾਤਾਰ ਹੁੰਦੀਆਂ ਸਨ, ਜਿਸਨੂੰ ਝੜੀ ਕਹਿੰਦੇ ਸਨ। ਨਦੀਆਂ, ਨਾਲੇ ਖੁੱਲ੍ਹੇ ਹੁੰਦੇ ਸਨ। ਪਾਣੀ ਨਿਕਲ ਜਾਂਦਾ ਸੀ। ਹੁਣ ਨਦੀਆਂ, ਨਾਲਿਆਂ ਨੂੰ ਤੰਗ ਕਰਕੇ ਉਨ੍ਹਾਂ 'ਤੇ ਫਲੈਟ ਉਸਾਰ ਦਿੱਤੇ। ਪਾਣੀ ਨੇ ਤਾਂ ਹੁਣ ਲੰਘਣਾ ਹੀ ਹੈ। ਨਿੱਜੀ ਸੁਆਰਥ ਖਾਤਰ ਮਨੁੱਖ ਲਗਾਤਾਰ ਕੁਦਰਤ ਨਾਲ ਛੇੜਛਾੜ ਕਰ ਰਿਹਾ ਹੈ। ਚਾਰ ਕੁ ਮਹੀਨੇ ਪਹਿਲਾਂ ਉਤਰਾਖੰਡ ਦੇ ਪ੍ਰਮੁੱਖ ਤੀਰਥ ਅਸਥਾਨ ਜੋਸ਼ੀਮੱਠ 'ਚ ਕਈ ਥਾਵਾਂ ਤੋਂ ਜ਼ਮੀਨ ਖਿਸਕਣ ਨਾਲ ਵੱਡੀ ਗਿਣਤੀ ਵਿਚ ਲੋਕਾਂ ਨੂੰ ਬੇਘਰ ਹੋਣਾ ਪਿਆ ਸੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਖ਼ੇਤਰ ਨੂੰ ਆਫ਼ਤ ਗ੍ਰਸਤ ਖੇਤਰ ਐਲਾਨਿਆ ਗਿਆ ਸੀ। ਹੈਰਾਨੀਜਨਕ ਤਸਵੀਰਾਂ ਦੱਸ ਰਹੀਆਂ ਹਨ ਕਿ ਇਸ ਖੇਤਰ ਵਿਚ ਥਾਂ-ਥਾਂ 'ਤੇ ਜ਼ਮੀਨ ਵਿਚ ਦਰਾਰਾਂ ਪੈ ਗਈਆਂ ਸਨ। ਇੱਕ ਇਨਸਾਨ ਇੰਨੀ ਮਿਹਨਤ ਕਰਕੇ ਆਪਣਾ ਘਰ ਬਣਾਉਂਦਾ ਹੈ। ਆਪਣੀ ਛੱਤ ਹੁੰਦੀ ਹੈ। ਕਿੰਨਾ ਉਸ ਨੂੰ ਫ਼ਕਰ ਹੁੰਦਾ ਹੈ। ਕਿੰਨੇ ਅਰਮਾਨ ਹੁੰਦੇ ਹਨ ਕਿ ਮੇਰਾ ਘਰ ਬਣ ਗਿਆ। ਬੇਵੱਸ ਹੋ ਕੇ ਹੀ ਇਨਸਾਨ ਨੂੰ ਅਜਿਹੇ ਹਲਾਤਾਂ ਵਿਚ ਫਿਰ ਆਪਣੀ ਜਾਨ ਦੀ ਰਾਖੀ ਲਈ ਘਰ-ਬਾਰ ਛੱਡਣੇ ਪੈਂਦੇ ਹਨ। ਚਾਹੇ ਇਨ੍ਹਾਂ ਬੇਘਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਗਿਆ ਹੈ, ਪਰ ਇਨ੍ਹਾਂ ਦਾ ਦਿਲ ਘਰ ਛੱਡਣ ਨੂੰ ਮਜਬੂਰ ਨਹੀਂ ਕਰ ਰਿਹਾ ਸੀ। ਚੇਤੇ ਕਰਵਾ ਦੇਈਏ ਕਿ 2012 'ਚ ਉਤਰਾਖੰਡ ਖੇਤਰ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਬਹੁਤ ਨੁਕਸਾਨ ਹੋਇਆ ਸੀ। ਨਦੀਆਂ, ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ ਹੈ। ਨਿਕਾਸੀ ਬਿਲਕੁੱਲ ਵੀ ਨਹੀਂ ਰਹੀ। ਗੱਡੀਆਂ ਦੀ ਗੱਡੀਆਂ ਹੜ੍ਹਾਂ ਵਿਚ ਰੁੜ ਗਈਆਂ ਸਨ। ਇਨਸਾਨ ਫ਼ਿਰ ਵੀ ਨਹੀਂ ਸੰਭਲਿਆ। ਮਨੁੱਖ ਦੀ ਦਖ਼ਲਅੰਦਾਜ਼ੀ ਲਗਾਤਾਰ ਵੱਧਦੀ ਜਾ ਰਹੀ ਹੈ। ਪੈਸੇ ਦੀ ਹੋੜ ਲਗਾਤਾਰ ਵੱਧ ਰਹੀ ਹੈ। ਪਹਾੜੀ ਖੇਤਰਾਂ ਨੂੰ ਕੱਟ ਕੇ ਵੱਡੇ-ਵੱਡੇ ਹੋਟਲ ਬਣਾਏ ਜਾ ਰਹੇ ਹਨ। ਆਬਾਦੀ ਵੱਧ ਗਈ ਹੈ। ਨਿੱਜੀ ਸੁਆਰਥਾਂ ਖ਼ਾਤਰ ਪਹਾੜਾਂ ਅਤੇ ਦਰੱਖਤਾਂ ਦੀ ਕਟਾਈ 'ਤੇ ਲਗਾਤਾਰ ਉਸਾਰੇ ਜਾ ਰਹੇ ਵੱਡੇ ਹੋਟਲ, ਚੌੜੀਆਂ ਸੜਕਾਂ, ਰੇਲਵੇ ਲਾਈਨਾਂ ਦਾ ਵਿਸਥਾਰ ਜ਼ਮੀਨ ਧੱਸਣ ਦਾ ਮੁੱਖ ਕਾਰਨ ਹਨ। ਸੀਵਰੇਜ ਦਾ ਢੁੱਕਵਾਂ ਪ੍ਰਬੰਧ ਨਾ ਹੋਣ ਕਾਰਨ ਧਰਤੀ ਹੇਠਾਂ ਰਿੱਸਣ ਵਾਲੇ ਪਾਣੀ ਨੇ ਇਸ ਖੇਤਰ 'ਚ ਇਸ ਸਮੱਸਿਆ ਨੂੰ ਵਧਾਇਆ ਹੈ। ਦਿਨ-ਪ੍ਰਤੀ-ਦਿਨ ਹਾਲਾਤ ਚਿੰਤਾ ਵਾਲੇ ਹੁੰਦੇ ਜਾ ਰਹੇ ਹਨ। ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਠਹਿਰਾਇਆ ਜਾ ਰਿਹਾ ਹੈ। ਕੁੱਝ ਹੀ ਦਿਨਾਂ ਪਹਿਲੇ ਹਿਮਾਚਲ ਪ੍ਰਦੇਸ਼ ਦੇ ਮੈਕਲੋਡਗੰਜ ਵਿਚ ਵੀ ਕੁੱਝ ਹਿੱਸਾ ਖਿਸਕ ਗਿਆ ਸੀ। ਚੇਤੇ ਕਰਵਾ ਦੇਈਏ ਕਿ ਜਿੰਨੇ ਵੀ ਪਹਾੜੀ ਖੇਤਰ ਹਨ, ਵੱਡੇ ਪੈਮਾਨੇ 'ਤੇ ਨਾਜਾਇਜ਼ ਉਸਾਰੀਆਂ ਹੋ ਰਹੀਆਂ ਹਨ। ਮਾਈਨਿੰਗ ਵੱਧ ਗਈ ਹੈ। ਅਫਸਰਾਂ, ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਇਹ ਗੋਰਖ ਧੰਦੇ ਚੱਲ ਰਹੇ ਹਨ। ਭ੍ਰਿਸ਼ਟਾਚਾਰ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਅਜੇ ਵੀ ਸੰਭਲਣ ਦਾ ਵੇਲਾ ਹੈ। ਗਰਮੀਆਂ ਵਿਚ ਸੈਲਾਨੀ ਪਹਾੜੀ ਖੇਤਰਾਂ ਵਿਚ ਸੈਰ-ਸਪਾਟੇ ਲਈ ਜਾਂਦੇ ਹਨ। ਸਰਕਾਰ ਦੀ ਅਹਿਮ ਜ਼ਿੰਮੇਵਾਰੀ ਬਣਦੀ ਹੈ ਕਿ ਕੁਦਰਤੀ ਸੋਮਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਕੁਦਰਤ ਨੂੰ ਢਹਿ-ਢੇਰੀ ਹੋਣ ਤੋਂ ਬਚਾਇਆ ਜਾ ਸਕੇ। ਕੁਦਰਤ ਹੀ ਰੱਬ ਹੈ।

# ਜੰਗਲ, ਜੰਗਲ ਦੇ ਲੋਕਾਂ ਦਾ, ਨਹੀਂ ਧਾੜਵੀ ਜੋਕਾਂ ਦਾ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)





1855-56 ਦਰਮਿਆਨ, 1857 ਦੇ ਪਹਿਲੇ ਆਜ਼ਾਦੀ ਸੰਗਰਾਮ ਤੋਂ ਪਹਿਲਾਂ, ਸੰਥਾਲ ਆਜ਼ਾਦੀ ਘੁਲਾਟੀਏ, ਦੋ ਭੈਣਾਂ ਫੂਲੋ ਮੁਰਮੂ ਅਤੇ ਝਾਨੋ ਮੁਰਮੂ ਦੀ ਅਗਵਾਈ ਵਿਚ ਜੰਗਲ, ਜਲ, ਜ਼ਮੀਨ ਨੂੰ ਬਚਾਉਣ ਲਈ ਸੀਸ ਤਲੀ 'ਤੇ ਧਰਕੇ ਲੜੇ। ਕੋਈ 25,000 ਆਦਿਵਾਸੀ ਇਸ ਸੰਗਰਾਮ 'ਚ ਸ਼ਹੀਦੀ ਜਾਮ ਪੀ ਗਏ। ਇਹ ਲੋਕ ਵਿਦਰੋਹ ਜੰਗਲ ਦੀ ਰਾਖੀ ਲਈ ਸੀ। ਜੰਗਲ ਦਾ ਖਿੱਤਾ "ਜੀਵਾਂਗੇ ਜਾਂ ਮਰਾਂਗੇ, ਜੰਗਲ ਦੀ ਰਾਖੀ ਕਰਾਂਗੇ" ਨਾਲ ਉਸ ਵੇਲੇ ਗੂੰਜ ਉਠਿਆ ਸੀ, ਜਦੋਂ ਅੰਗਰੇਜ਼ ਹਕੂਮਤ ਨੇ ਸਥਾਨਕ ਰਜਵਾੜਿਆਂ, ਜਾਗਰੀਦਾਰਾਂ ਨੂੰ ਜੰਗਲ ਅੰਦਰ ਜ਼ਮੀਨ ਜਾਇਦਾਦ ਖਰੀਦਣ ਦੀ ਖੁੱਲ੍ਹ ਦੇ ਦਿੱਤੀ ਸੀ। ਇੰਜ ਦੇਸ਼ ਦੇ ਬਹੁ-ਕੀਮਤੀ ਕੁਦਰਤੀ ਧੰਨ ਦੀ ਲੁੱਟ-ਖਸੁੱਟ ਆਰੰਭ ਹੋ ਗਈ।

ਅੰਗਰੇਜ਼ਾਂ ਵਲੋਂ ਅੰਦੋਲਨ ਕੁਚਲਣ ਉਪਰੰਤ ਜੰਗਲਾਂ ਦਾ ਵੱਢ-ਵੱਢਾਂਗਾ ਵੱਡੀ ਪੱਧਰ 'ਤੇ ਹੋਇਆ ਅਤੇ ਨਿਰੰਤਰ ਜਾਰੀ ਰਿਹਾ। ਜੰਗਲ ਜਗੀਰਦਾਰਾਂ, ਰਜਵਾੜਿਆਂ ਦੀ ਜਾਗੀਰ ਬਣਾ ਦਿੱਤੇ ਗਏ। ਇਹ ਜੰਗਲਾਂ ਦੀ ਕਟਾਈ ਦਾ ਵਰਤਾਰਾ ਆਜ਼ਾਦੀ ਤੋਂ ਬਾਅਦ ਵੀ ਠੱਲਿਆ ਨਹੀਂ ਗਿਆ। ਭਾਰਤੀ ਜੰਗਲਾਂ ਸਬੰਧੀ ਇੱਕ ਸਰਵੇਖਣ ਰਿਪੋਰਟ ਦੱਸਦੀ ਹੈ ਕਿ ਜੰਗਲਾਂ ਦਾ ਖੇਤਰਫਲ ਲਗਾਤਾਰ ਘੱਟ ਰਿਹਾ ਹੈ। 1999 'ਚ ਇਹ ਜੰਗਲ ਭਾਰਤ ਵਿਚ 11.48 ਫ਼ੀਸਦੀ ਸੀ, ਜੋ 2015 ਵਿਚ ਘਟਕੇ 2.61 ਫ਼ੀਸਦੀ ਰਹਿ ਗਏ। ਜੰਗਲਾਂ ਦੇ ਸੰਘਣੇ ਖੇਤਰਫਲ ਦਾ ਦਾਇਰਾ ਸਿਮਟਣ ਨਾਲ ਜੰਗਲ ਜੀਵ ਸ਼ਹਿਰਾਂ, ਕਸਬਿਆਂ ਵੱਲ ਰੁਖ ਕਰਨ ਲੱਗੇ ਅਤੇ ਕਈ ਹਾਲਤਾਂ ਵਿਚ ਜੰਗਲੀ ਜੀਵਾਂ ਅਤੇ ਇਨਸਾਨਾਂ ਦੀ ਮੁਠਭੇੜ ਵੇਖਣ ਨੂੰ ਮਿਲੀ। ਭਾਰਤ ਦੀ ਹਾਲਤ ਜੰਗਲਾਂ ਦੇ ਮਾਮਲੇ 'ਚ ਇੰਨੀ ਭਿਅੰਕਰ ਇਸ ਕਰਕੇ ਵੀ ਹੈ ਕਿ ਇੱਕ ਪਾਸੇ ਜੰਗਲਾਂ ਦੀ ਕਟਾਈ ਵੱਡੀ ਪੱਧਰ 'ਤੇ ਹੈ, ਪਰ ਦਰੱਖਤਾਂ ਦੀ ਲੁਆਈ ਪ੍ਰਤੀ ਉਦਾਸੀਨਤਾ ਅਤੇ ਲਾਪ੍ਰਵਾਹੀ ਹੈ।

ਜੰਗਲਾਂ ਦੀ ਘਾਟ ਕਾਰਨ ਹਵਾ ਪ੍ਰਦੂਸ਼ਣ ਵਧਿਆ ਹੈ, ਪਾਣੀ ਪ੍ਰਦੂਸ਼ਣ ਵਧਿਆ ਹੈ ਅਤੇ ਭੂਮੀ ਨੂੰ ਖੋਰਾ ਲੱਗਣ ਲੱਗਾ ਹੈ। ਸਾਫ-ਸੁਥਰੇ ਵਾਤਾਵਰਨ ਦੀ ਘਾਟ ਕਾਰਨ ਮਨੁੱਖ ਭਿਅੰਕਰ ਬੀਮਾਰੀਆਂ ਦੇ ਜਾਲ 'ਚ ਫਸ ਰਿਹਾ ਹੈ, ਉਸਦੀ ਪ੍ਰਜਨਣ ਸਮਰੱਥਾ ਉਤੇ ਪ੍ਰਭਾਵ ਪੈਣ ਲੱਗਾ ਹੈ, ਉਸਦੀ ਕੰਮ ਕਰਨ ਦੀ ਸ਼ਕਤੀ ਨਿਰੰਤਰ ਘੱਟਣ ਲੱਗੀ ਹੈ। ਮੌਸਮੀ ਚੱਕਰ ਤੇਜ਼ੀ ਨਾਲ ਵਧਣ ਲੱਗਾ ਹੈ। ਜਲਵਾਯੂ ਸੰਕਟ ਗਹਿਰਾ ਹੁੰਦਾ ਜਾ ਰਿਹਾ ਹੈ। ਵੱਧ ਰਹੀ ਅੰਤਾਂ ਦੀ ਗਰਮੀ ਅਤੇ ਹੜ੍ਹ ਇਸੇ ਦੇ ਸਿੱਟਾ ਹੀ ਤਾਂ ਹਨ।

ਅੱਜ ਦੇਸ਼ 'ਚ ਮੌਨਸੂਨ ਆ ਰਹੀ ਹੈ, ਬੱਦਲਾਂ ਦਾ ਪਾਣੀ ਸੰਭਾਲਿਆ ਨਹੀਂ ਜਾ ਰਿਹਾ ਹੈ। ਹੜ੍ਹਾਂ ਵਰਗੀ ਸਥਿਤੀ ਬਣੀ ਹੋਈ ਹੈ। ਆਮ ਮਨੁੱਖ ਇਸ ਬਣਦੀ ਜਾ ਰਹੀ ਭਿਅੰਕਰ ਸਥਿਤੀ ਤੋਂ ਡਰਿਆ ਹੋਇਆ ਹੈ।

ਮਨੁੱਖੀ ਜੀਵਨ ਵਿਚ ਜੰਗਲਾਂ ਦੀ ਬਹੁਤ ਹੀ ਮਹੱਤਤਾ ਹੈ। ਵਾਤਾਵਰਨ ਮਾਹਿਰਾਂ ਅਨੁਸਾਰ ਇਸ ਸਮੇਂ ਪੂਰੀ ਦੁਨੀਆਂ ਵਿਚ ਧਰਤੀ ਉਤੇ ਕੇਵਲ ਤੀਹ ਫੀਸਦੀ ਹਿੱਸੇ ਵਿਚ ਹੀ ਜੰਗਲ ਬਚੇ ਹਨ ਅਤੇ ਉਨ੍ਹਾਂ ਵਿਚੋਂ ਵੀ ਹਰ ਵਰ੍ਹੇ ਇੰਗਲੈਂਡ ਦੇ ਖੇਤਰਫਲ ਆਕਾਰ ਦੇ ਬਰਾਬਰ ਜੰਗਲ ਨਸ਼ਟ ਹੋ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਸੇ ਤਰ੍ਹਾਂ ਜੰਗਲਾਂ ਦੀ ਕਟਾਈ ਜਾਰੀ ਰਹੀ ਤਾਂ ਅਗਲੇ 100 ਸਾਲਾਂ ਬਾਅਦ ਦੁਨੀਆਂ ਭਰ 'ਚ "ਰੇਨ ਫਾਰੈਸਟ" ਪੂਰੀ ਤਰ੍ਹਾਂ ਖ਼ਤਮ ਹੋ ਜਾਣਗੇ।

ਦੁਨੀਆ ਦੇ ਕੁਲ 20 ਦੇਸ਼ ਹੀ ਇਹੋ ਜਿਹੇ ਹਨ, ਜਿਥੇ 94 ਫ਼ੀਸਦੀ ਜੰਗਲ ਹੈ। ਇਨ੍ਹਾਂ ਵਿਚ ਰੂਸ, ਕੈਨੇਡਾ, ਅਸਟਰੇਲੀਆ, ਅਮਰੀਕਾ, ਬ੍ਰਾਜ਼ੀਲ, ਫ੍ਰਾਂਸ, ਚੀਨ, ਨਿਊਜ਼ੀਲੈਂਡ, ਅਲਜੀਰੀਆ, ਲੀਬੀਆ, ਡੈਨਮਾਰਕ, ਨਾਈਜਰ, ਮਾਰੀਸ਼ਸ਼ ਆਦਿ ਸ਼ਾਮਲ ਹਨ। ਭਾਰਤ ਦਾ ਕੁੱਲ ਖੇਤਰਫਲ ਲਗਭਗ 32 ਲੱਖ ਵਰਗ ਕਿਲੋਮੀਟਰ ਹੈ ਅਤੇ ਜੰਗਲਾਂ ਦੇ ਲਗਾਤਾਰ ਘੱਟਣ ਨਾਲ ਭਾਰਤ 'ਚ ਚਿੰਤਾਜਨਕ ਸਥਿਤੀ ਬਣੀ ਹੋਈ ਹੈ। ਫਾਰੈਸਟ ਸਰਵੇ ਆਫ ਇੰਡੀਆ ਅਨੁਸਾਰ ਭਾਰਤ ਵਿਚ ਜੰਗਲਾਂ ਦਾ ਖੇਤਰ 8,02,088 ਵਰਗ ਕਿਲੋਮੀਟਰ ਹੈ, ਜੋ ਭਾਰਤ ਦੇ ਕੁੱਲ ਖੇਤਰਫਲ ਦਾ 24.39 ਫ਼ੀਸਦੀ ਬਣਦਾ ਹੈ। ਪਰ ਹੁਣ ਦੀ ਤਾਜ਼ਾ ਰਿਪੋਰਟ ਅਨੁਸਾਰ ਇਹ ਖੇਤਰਫਲ 21.72 ਫ਼ੀਸਦੀ ਤੱਕ ਸਿਮਟ ਗਿਆ ਹੈ। ਇਸਦਾ ਮੁੱਖ ਕਾਰਨ ਵਿਕਾਸ ਕਾਰਜਾਂ 'ਚ ਤੇਜ਼ੀ, ਖੇਤੀ ਖੇਤਰ 'ਚ ਵਾਧਾ, ਖਨਣ ਪ੍ਰਕਿਰਿਆ ਵਿਚ ਵਾਧਾ ਹੈ।

ਭਾਰਤ ਵਿਚ ਹਰ ਸਾਲ ਵਾਤਾਵਰਨ ਸੁਰੱਖਿਆ ਲਈ ਵਣ-ਮਹਾਂਉਤਸਵ ਮਨਾਇਆ ਜਾਂਦਾ ਹੈ, ਜਿਸ ਦਾ ਅਰਥ ਹੈ ਦਰੱਖ਼ਤ ਲਗਾਉਣ ਦਾ ਤਿਉਹਾਰ। ਪਰ ਇਹ ਤਿਉਹਾਰ ਹੁਣ ਬਾਕੀ ਸਰਕਾਰੀ ਮਿਸ਼ਨਾਂ ਸਕੀਮਾਂ ਵਾਂਗਰ ਹੀ ਅਫ਼ਸਰਸ਼ਾਹੀ ਦੀ ਭੇਟ ਚੜ੍ਹ ਚੁੱਕਾ ਹੈ। ਹਰ ਮਹੀਨੇ ਜੁਲਾਈ 'ਚ ਇਹ ਉਤਸਵ ਮਨਾਉਣਾ ਆਰੰਭਿਆ ਗਿਆ ਸੀ ਅਤੇ ਇਸਦੀ ਸ਼ੁਰੂਆਤ ਜੁਲਾਈ 1947 ਵਿਚ ਹੀ ਹੋ ਗਈ ਸੀ, ਪਰ ਆਜ਼ਾਦ ਭਾਰਤ 'ਚ ਜੁਲਾਈ 1950 'ਚ ਇਹ ਤਿਉਹਾਰ ਰਿਵਾਇਤੀ ਰੰਗਾਂ 'ਚ ਮਨਾਇਆ ਜਾਣ ਲੱਗਾ ਸੀ, ਕਿਉਂਕਿ ਆਜ਼ਾਦ ਭਾਰਤ 'ਚ ਇਹ ਮਹਿਸੂਸ ਕੀਤਾ ਜਾਣ ਲੱਗਾ ਸੀ ਕਿ ਜੰਗਲ ਕੇਵਲ ਜੀਵ ਜੰਤੂਆਂ, ਹਜ਼ਾਰਾਂ-ਲੱਖਾਂ ਕੁਦਰਤੀ ਪ੍ਰਜਾਤੀਆਂ ਲਈ ਵਿਸ਼ੇਸ਼ ਮਹੱਤਵਪੂਰਨ ਨਹੀਂ ਹਨ, ਸਗੋਂ ਮਨੁੱਖੀ ਜੀਵਨ ਵਿਚ ਹੀ ਜੰਗਲਾਂ ਦੀ ਵਿਸ਼ੇਸ਼ ਭੂਮਿਕਾ ਹੈ।

ਬਿਨ੍ਹਾਂ ਸ਼ੱਕ ਹੁਣ ਵੀ ਸਰਕਾਰੀ ਨੀਤੀ ਇਹ ਹੈ ਕਿ ਪਹਾੜੀ ਖੇਤਰਾਂ 'ਚ ਜੰਗਲ 66 ਫ਼ੀਸਦੀ ਹੋਣ, ਪਰ ਅਸਲ ਅੰਕੜੇ ਵੇਖੇ ਜਾਣ ਤਾਂ ਦੇਸ਼ ਦੇ 16 ਪਹਾੜੀ ਰਾਜਾਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਵਿਚ ਫੈਲੇ 127 ਜ਼ਿਲ੍ਹਿਆਂ 'ਚ ਜੰਗਲਾਂ ਦਾ ਖੇਤਰਫਲ ਸਿਰਫ 40 ਫ਼ੀਸਦੀ ਰਹਿ ਗਿਆ ਹੈ।

ਦੇਸ਼ ਦੇ ਦੂਜੇ ਰਾਜਾਂ ਲੱਦਾਖ, ਹਰਿਆਣਾ, ਪੰਜਾਬ, ਰਾਜਸਥਾਨ, ਉੱਤਰਪ੍ਰਦੇਸ਼, ਗੁਜਰਾਤ, ਬਿਹਾਰ ਦਾ 10 ਫ਼ੀਸਦੀ ਤੋਂ ਘੱਟ ਖੇਤਰਫਲ ਉਤੇ ਹੀ ਜੰਗਲ ਹੈ। ਪੰਜਾਬ ਦੇ ਵਿਚ 3.67 ਫੀਸਦੀ, ਹਰਿਆਣਾ 'ਚ 3.63 ਫੀਸਦੀ ਅਤੇ ਲੱਦਾਖ 'ਚ ਸਿਰਫ 1.35 ਫੀਸਦੀ ਜੰਗਲ ਖੇਤਰ ਹੈ ।

ਭਾਰਤ ਵਿਚ 2020-21 ਦੌਰਾਨ ਬੁਨਿਆਦੀ ਢਾਂਚੇ ਦੀ ਉਸਾਰੀ ਲਈ 31 ਲੱਖ ਦਰੱਖਤ ਕੱਟੇ ਗਏ। ਲੋਕ ਸਭਾ ਵਿਚ ਸਬੰਧਤ ਮੰਤਰੀ ਵਲੋਂ ਦੱਸਿਆ ਗਿਆ ਕਿ ਨਵੇਂ 3.6 ਕਰੋੜ ਪੌਦੇ ਬੀਜੇ ਗਏ ਅਤੇ ਸਰਕਾਰ ਨੇ 358.87 ਕਰੋੜ ਰੁਪਏ ਖਰਚੇ। ਪਰ ਵਾਤਾਵਰਨ ਦਾ ਜੋ ਨੁਕਸਾਨ 31 ਲੱਖ ਦਰੱਖਤਾਂ ਦੇ ਕੱਟਣ ਨਾਲ ਹੋਇਆ, ਕੀ ਉਸਦੀ ਭਰਪਾਈ ਹੋ ਸਕੇਗੀ? ਕਿਸੇ ਵੀ ਵਿਕਾਸ ਯੋਜਨਾ ਦੇ ਨਾਮ ਉਤੇ ਜਦੋਂ ਦਰੱਖਤ ਕੱਟੇ ਜਾਂਦੇ ਹਨ, ਤਾਂ ਵਿਰੋਧ ਹੁੰਦਾ ਹੈ। ਸਰਕਾਰੀ ਏਜੰਸੀਆਂ ਤਰਕ ਦਿੰਦੀਆਂ ਹਨ ਕਿ ਜਿੰਨੇ ਦਰੱਖਤ ਕੱਟੇ ਜਾਣਗੇ, ਉਸਦੇ ਬਦਲੇ ਦਸ ਗੁਣਾ ਦਰੱਖਤ ਲਗਾਏ ਜਾਣਗੇ, ਪਰ ਲਗਾਏ ਗਏ ਦਰੱਖਤਾਂ ਦੀ ਦੇਖਭਾਲ ਦੇ ਮਾਮਲੇ 'ਚ ਸਰਕਾਰ ਫਾਡੀ ਹੈ। ਹਵਾ ਪ੍ਰਦੂਸ਼ਣ ਹੋਵੇ ਜਾਂ ਪਾਣੀ ਪ੍ਰਦੂਸ਼ਣ ਜਾਂ ਭੂਮੀ ਖੋਰਾ, ਉਸਦਾ ਇਲਾਜ ਸਿਰਫ ਤੇ ਸਿਰਫ ਦਰੱਖਤ ਹੀ ਹਨ।

ਇਕ ਅੰਦਾਜ਼ੇ ਅਨੁਸਾਰ ਦੇਸ਼ 'ਚ 5 ਲੱਖ ਹੈਕਟੇਅਰ ਜੰਗਲ ਖੇਤੀਬਾੜੀ ਲਈ ਹਰ ਵਰ੍ਹੇ ਤਿਆਰ ਕੀਤਾ ਜਾ ਰਿਹਾ ਹੈ । ਇਮਾਰਤੀ ਲੱਕੜੀ ਲਈ ਜੰਗਲਾਂ ਦੀ ਕਟਾਈ ਹੁੰਦੀ ਹੈ। ਸ਼ਹਿਰੀਕਰਨ ਅਤੇ ਉਦਯੋਗੀਕਰਨ ਦੇ ਨਾਂਅ ਉੱਤੇ ਦਰੱਖਤਾਂ ਦੀ ਕਟਾਈ ਹੁੰਦੀ ਹੈ ਅਤੇ ਦੇਸ਼ ਦਾ ਕੁਦਰਤੀ ਖਜ਼ਾਨਾ ਧੰਨ ਕੁਬੇਰਾਂ ਦੇ ਹੱਥ ਸੌਂਪ ਕੇ ਨਿੱਜੀਕਰਨ ਪਾਲਿਸੀਆਂ ਰਾਹੀਂ ਦੇਸ਼ ਦੇ ਜੰਗਲ ਦਾ ਘਾਣ ਕੀਤਾ ਜਾ ਰਿਹਾ ਹੈ। ਪਿਛਲੇ 30 ਸਾਲਾਂ 'ਚ 23,716 ਨਵੇਂ ਉਦਯੋਗ ਲਗਾਉਣ ਲਈ ਜੰਗਲ ਤਬਾਹ ਕੀਤੇ ਗਏ।

ਜੰਗਲਾਂ ਦੀ ਤਬਾਹੀ ਰੋਕਣ ਲਈ, ਧੰਨ ਕੁਬੇਰਾਂ ਹੱਥ ਜੰਗਲ ਸੌਂਪਣ ਤੋਂ ਰੋਕਣ ਲਈ, ਭੂਮੀ ਮਾਫੀਏ ਹੱਥ ਮਾਈਨਿੰਗ ਲਈ ਜ਼ਮੀਨਾਂ ਹੜੱਪਣੋ ਰੋਕਣ ਲਈ ਪਿੰਡਾਂ 'ਚ ਰਹਿੰਦੇ ਆਮ ਲੋਕਾਂ ਨੇ ਵੱਡਾ ਵਿਰੋਧ ਕੀਤਾ ਹੈ। ਪਰ ਕੋਈ ਵੱਡੀ ਲਹਿਰ ਦੇਸ਼ ਦੇ ਕਿਸੇ ਵੀ ਹਿੱਸੇ 'ਚ ਉਸਾਰੀ ਨਹੀਂ ਜਾ ਸਕੀ, ਕਿਉਂਕਿ ਦੇਸ਼ ਇਸ ਵੇਲੇ ਕਾਰਪੋਰੇਟ ਸੈਕਟਰ ਦੇ ਹੱਥ ਆਇਆ ਹੋਇਆ ਹੈ ਅਤੇ ਉਸ ਵਲੋਂ ਹਰ ਹਰਬਾ ਵਰਤਕੇ ਕੁਦਰਤੀ ਸਾਧਨਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

1973 'ਚ ਚਿਪਕੋ ਅੰਦੋਲਨ ਨੇ ਦੇਸ਼ ਵਾਸੀਆਂ ਦਾ ਧਿਆਨ ਖਿੱਚਿਆ ਸੀ। ਇਹ ਅੰਦੋਲਨ ਉਤਰਾਖੰਡ ਤੋਂ ਆਰੰਭ ਹੋਇਆ ਅਤੇ ਭਾਰਤੀ ਹਿਮਾਲਾ ਖੇਤਰ 'ਚ ਪਸਰਿਆ। ਔਰਤਾਂ, ਦਰੱਖਤਾਂ ਦੀ ਕਟਾਈ ਸਮੇਂ, ਦਰਖ਼ਤਾਂ ਨਾਲ ਚੁੰਬੜ ਗਈਆਂ। 1980ਵਿਆਂ 'ਚ ਟੀਹਰੀ ਡੈਮ, ਜੋ ਭਾਗੀਰਥ ਦਰਿਆ 'ਤੇ ਉਸਾਰਿਆ ਜਾਣਾ ਸੀ, ਉਸ ਵਿਰੁੱਧ ਵੀ ਲੋਕ ਲਾਮਬੰਦ ਹੋਏ। ਪ੍ਰਸਿੱਧ ਵਾਤਵਾਰਨ ਪ੍ਰੇਮੀ ਸੁੰਦਰਲਾਲ ਬਹੁਗੁਣਾ ਨੇ 1981-83 'ਚ ਪਿੰਡ-ਪਿੰਡ ਘੁੰਮਕੇ ਹਿਮਾਲਾ ਖੇਤਰ ਦੇ 5000 ਕਿਲੋਮੀਟਰ 'ਚ ਦਰੱਖ਼ਤਾਂ ਦੇ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ।

ਅੱਜ ਵੀ ਚਿਪਕੋ ਅੰਦੋਲਨ ਦੀਆਂ ਤਿੰਨ ਔਰਤਾਂ ਗੌਰੀ ਦੇਵੀ, ਸੁਦੇਸ਼ਾਂ ਦੇਵੀ ਅਤੇ ਬਚਨੀ ਦੇਵੀ ਅਤੇ ਚਾਂਦੀ ਪ੍ਰਸ਼ਾਦ ਭੱਟ ਨੂੰ ਲੋਕ ਯਾਦ ਕਰਦੇ ਹਨ, ਜਿਨ੍ਹਾਂ ਨੇ ਜੰਗਲਾਂ ਦੀ ਸੁਰੱਖਿਆ ਲਈ ਸ਼ਾਂਤੀਪੂਰਵਕ ਅੰਦੋਲਨ ਆਰੰਭਿਆ। ਭਾਵੇਂ ਕਿ ਇੱਕਾ-ਦੁੱਕਾ ਅੰਦੋਲਨ ਦੇਸ਼ 'ਚ ਸਮੇਂ-ਸਮੇਂ ਹੁੰਦੇ ਰਹੇ, ਉਨ੍ਹਾਂ ਅੰਦੋਲਨਾਂ ਨਾਲ ਸਮੇਂ ਦੇ ਹਾਕਮਾਂ ਵਿਚ ਡਰ ਵੀ ਪੈਦਾ ਹੋਇਆ, ਪਰ ਜੰਗਲਾਂ ਦਾ ਵਢਾਂਗਾ, ਖਣਨ ਦੀਆਂ ਪ੍ਰਕਿਰਿਆਵਾਂ ਬੰਦ ਨਹੀਂ ਹੋਈਆਂ। ਸਿੱਟੇ ਵਜੋਂ ਹਰਿਆ-ਭਰਿਆ ਦੇਸ਼ ਦਰੱਖਤਾਂ ਦੀ ਕਟਾਈ ਕਾਰਨ ਪ੍ਰਦੂਸ਼ਿਤ ਹੁੰਦਾ ਗਿਆ। ਅੱਜ ਸਥਿਤੀ ਇਹ ਹੈ ਕਿ ਭਾਰਤ ਦੇਸ਼ ਜੰਗਲਾਂ ਦੇ ਖੇਤਰ 'ਚ ਦੁਨੀਆਂ ਭਰ 'ਚ ਦਸਵੇਂ ਥਾਂ 'ਤੇ ਖਿਸਕ ਗਿਆ ਹੈ।

ਦੇਸ਼ 'ਚ ਗਰੀਬ, ਅਮੀਰ ਦਾ ਵੱਧ ਰਿਹਾ ਪਾੜਾ, ਕੁਦਰਤੀ ਸਾਧਨ ਹਵਾ-ਪਾਣੀ ਦੇ ਵਿਕਣ ਦੀ ਸਥਿਤੀ ਵੱਲ ਵਧਣਾ, ਆਰਥਿਕ ਲੁੱਟ-ਖਸੁੱਟ ਆਮ ਆਦਮੀ ਦੇ ਮੁੱਢਲੇ ਕੁਦਰਤੀ ਹੱਕਾਂ ਉਤੇ ਧੰਨ-ਕੁਬੇਰਾਂ ਦਾ ਵੱਡਾ ਹਮਲਾ ਹੈ। ਇਹ ਹਮਲੇ ਦਾ ਟਾਕਰਾ ਆਮ ਆਦਮੀ ਦੇ ਜਾਗਰੂਕ ਹੋਣ ਨਾਲ ਹੀ ਹੋ ਸਕਦਾ ਹੈ। ਅੱਜ ਵੀ ਦੇਸ਼ ਦੇ ਜੰਗਲਾਂ ਦੀ ਲੁੱਟ ਅਤੇ ਦੇਸ਼ ਦੀ ਕੁਦਰਤੀ ਧੰਨ-ਦੌਲਤ ਦੀ ਲੁੱਟ ਵਿਰੁੱਧ ਚਿਪਕੋ ਜਿਹੇ ਅੰਦੋਲਨਾਂ ਦੀ ਲੋੜ ਹੈ।

# ਜਦੋਂ ਮੈਂ ਹੜ੍ਹ ਵਿਚ ਘਿਰਿਆ

ਪ੍ਰੋ. ਨਵ ਸੰਗੀਤ ਸਿੰਘ
# ਅਕਾਲ ਯੂਨੀਵਰਸਿਟੀ, ਬਠਿੰਡਾ
94176-92015.
(Punjab Mail USA)





ਇਨ੍ਹੀਂ ਦਿਨੀਂ ਪੂਰਾ ਉੱਤਰੀ ਭਾਰਤ ਮੀਂਹ ਦੀ ਆਫ਼ਤ ਨਾਲ ਗ੍ਰਸਿਆ ਹੋਇਆ ਹੈ। ਪੰਜਾਬ ਵਿਚ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਹਨ। 3 ਰਾਜਾਂ ਵਿਚ 18 ਮੌਤਾਂ ਹੋ ਚੁੱਕੀਆਂ ਹਨ, ਹਿਮਾਚਲ ਵਿਚ ਵੀ ਭਾਰੀ ਤਬਾਹੀ ਮਚੀ ਹੋਈ ਹੈ, ਦਿੱਲੀ ਵਿਚ ਪਿਛਲੇ 41 ਸਾਲਾਂ ਦਾ ਰਿਕਾਰਡ ਟੁੱਟ ਗਿਆ ਹੈ। ਸਕੂਲਾਂ, ਕਾਲਜਾਂ ਵਿਚ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ। ਸਰਕਾਰ ਵੱਲੋਂ ਪਹਿਲਾਂ 'ਯੈਲੋ' ਤੇ ਹੁਣ 'ਰੈੱਡ' ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਪਾਣੀ ਦੇ ਤੇਜ਼ ਵਹਾਅ ਕਾਰਨ ਫੌਜ ਦੇ ਜਵਾਨ ਤੱਕ ਰੁੜ੍ਹ ਗਏ ਹਨ। ਕਿਸੇ-ਕਿਸੇ ਇਲਾਕੇ ਵਿਚ ਪਾਣੀ 11 ਫੁੱਟ ਤੱਕ ਪਹੁੰਚ ਗਿਆ ਹੈ। ਦਰਿਆਵਾਂ ਤੇ ਝੀਲਾਂ ਦੇ ਫਲੱਡ ਗੇਟ ਖੋਲ੍ਹ ਦਿੱਤੇ ਗਏ ਹਨ। ਦਰਿਆਵਾਂ ਦੇ ਕਿਨਾਰੇ ਵੱਸੇ ਹੋਏ ਲੋਕ ਖ਼ੌਫ਼ਜ਼ਦਾ ਹਨ।

ਅਸਲ ਵਿਚ ਇਹ ਮਨੁੱਖ ਵੱਲੋਂ ਪ੍ਰਕਿਰਤੀ ਨਾਲ ਕੀਤੀ ਛੇੜਛਾੜ ਦਾ ਨਤੀਜਾ ਹੈ। ਪਰ ਜਦੋਂ ਵੀ ਹੜ੍ਹਾਂ ਦੀਆਂ ਖ਼ਬਰਾਂ ਆਉਂਦੀਆਂ ਹਨ, ਮੇਰੇ ਸਾਹਮਣੇ 1993 ਦਾ ਭਿਆਨਕ ਮੰਜ਼ਰ ਆਉਂਦਾ ਹੈ। ਹੜ੍ਹਾਂ ਬਾਰੇ ਮੇਰੀ ਸਤਹੀ ਕਿਸਮ ਦੀ ਜਾਣਕਾਰੀ ਤਾਂ ਇੰਨੀ ਕੁ ਸੀ ਕਿ ਇਸ ਵਿਚ ਘਿਰਿਆ ਵਿਅਕਤੀ ਕਈ ਵਾਰੀ ਬੜੀ ਮੁਸ਼ਕਲ ਨਾਲ ਆਪਣੀ ਜਾਨ ਬਚਾ ਸਕਦਾ ਹੈ ਪਰ ਹੜ੍ਹਾਂ ਨਾਲ ਦੋ-ਚਾਰ ਹੋਣ ਵਾਲਾ ਬੰਦਾ ਹੀ ਇਸਦੀ ਹਕੀਕਤ ਸਮਝਦਾ ਹੈ। 1 ਜੁਲਾਈ, 1993 ਨੂੰ ਪਟਿਆਲੇ ਵਿਚ ਆਏ ਹੜ੍ਹਾਂ ਦੌਰਾਨ ਮੇਰਾ ਵਾਹ ਵੀ ਇਸ ਨਾਲ ਪਿਆ। ਇਸ ਸਮੇਂ ਮੈਂ ਮੌਤ ਨੂੰ ਕਾਫੀ ਨੇੜੇ ਤੋਂ ਵੇਖਿਆ। ਉਦੋਂ ਮੈਂ ਆਪਣੇ ਮਾਪਿਆਂ ਨਾਲ ਪਟਿਆਲੇ ਦੇ ਅਰਬਨ ਅਸਟੇਟ ਵਿਚ ਰਹਿੰਦਾ ਸੀ।

ਰਾਤੀ ਕਰੀਬ ਢਾਈ-ਤਿੰਨ ਵਜੇ ਕਾਲੋਨੀ ਦੇ ਗੁਰਦੁਆਰੇ ਤੋਂ ਹੜ੍ਹ ਦੀ ਸੂਚਨਾ ਦਿੱਤੀ ਗਈ। ਅਚਾਨਕ ਇਹ ਐਲਾਨ ਸੁਣ ਕੇ ਮੇਰੇ ਬਜ਼ੁਰਗ ਮਾਤਾ-ਪਿਤਾ ਘਬਰਾ ਗਏ ਤੇ ਉਨ੍ਹਾਂ ਨੇ ਮੈਨੂੰ ਵੀ ਸੁਚੇਤ ਹੋਣ ਲਈ ਪ੍ਰੇਰਿਆ। ਮਾਤਾ-ਪਿਤਾ ਨੂੰ ਮੈਂ ਇਹ ਕਹਿ ਕੇ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ ਕਿ ਪਾਣੀ ਹੀ ਤਾਂ ਹੈ, ਆ ਕੇ ਚਲਾ ਜਾਵੇਗਾ। ਮੈਂ ਅਗਲੇ ਦਿਨ ਕਿਤੇ ਨੌਕਰੀ ਲਈ ਇੰਟਰਵਿਊ 'ਤੇ ਜਾਣਾ ਸੀ। ਇਸ ਲਈ ਮੈਂ ਆਪਣੇ ਸਰਟੀਫਿਕਟ, ਪੁਸਤਕਾਂ ਤੇ ਹੋਰ ਪ੍ਰਕਾਸ਼ਿਤ ਸਮੱਗਰੀ ਆਪਣੇ ਨੇੜੇ ਰੱਖ ਲਈਆਂ ਸਨ। ਮੈਂ ਆਪਣੇ ਮਾਪਿਆਂ ਨੂੰ ਉਨ੍ਹਾਂ ਦੀ ਪ੍ਰੇਸ਼ਾਨੀ ਵੇਖ ਕੇ ਗੁਆਂਢ ਦੇ ਇਕ ਘਰ, ਜਿਨ੍ਹਾਂ ਦੇ ਚੁਬਾਰਾ ਬਣਿਆ ਹੋਇਆ ਸੀ, ਭੇਜ ਦਿੱਤਾ।

ਮੈਂ ਇਹ ਸੋਚ ਕੇ ਘਰ ਹੀ ਰਿਹਾ ਕਿ ਪਾਣੀ ਹੀ ਹੈ, ਆ ਕੇ ਚਲਾ ਜਾਵੇਗਾ, ਨਾਲੇ ਕਿੰਨਾ ਕੁ ਪਾਣੀ ਆਵੇਗਾ! ਸ਼ਾਇਦ ਪ੍ਰਮਾਤਮਾ ਨੇ ਮੈਨੂੰ ਪਾਣੀ ਦੀ ਸ਼ਕਤੀ ਤੇ ਸਮਰੱਥਾ ਦਾ ਬੋਧ ਕਰਵਾਉਣਾ ਸੀ। ਪਾਣੀ ਹੌਲੀ-ਹੌਲੀ ਘਰ ਵਿਚ ਦਾਖਲ ਹੋਣਾ ਸ਼ੁਰੂ ਹੋਇਆ। ਮੇਰੇ ਵਿੰਹਦੇ-ਵਿੰਹਦੇ ਪਾਣੀ ਨੇ ਬੈੱਡ, ਸੋਫਾ, ਟੀ.ਵੀ., ਮੇਜ਼, ਫਰਿੱਜ ਆਦਿ ਵੱਡੀਆਂ ਤੇ ਭਾਰੀ ਚੀਜ਼ਾਂ ਨੂੰ ਮੂਧੇ-ਮੂੰਹ ਉਲਟਾ ਦਿੱਤਾ। ਮੈਂ ਉਨ੍ਹਾਂ ਚੀਜ਼ਾਂ ਨੂੰ ਵਾਰ-ਵਾਰ ਸੰਭਾਲਦਾ, ਸੈੱਟ ਕਰਦਾ, ਪਰ ਪਾਣੀ ਸਾਹਮਣੇ ਮੇਰੀ ਕੋਈ ਪੇਸ਼ ਨਹੀਂ ਸੀ ਜਾ ਰਹੀ।

ਹਾਰ ਕੇ ਮੈਂ ਚੀਜ਼ਾਂ ਨੂੰ ਸੰਭਲਣਾ ਛੱਡ ਕੇ ਆਪਣੇ ਆਪ ਨੂੰ ਬਚਾਉਣ ਦਾ ਆਹਰ ਕਰਨ ਲੱਗਾ। ਮੈਂ ਇਕ ਮੇਜ਼ 'ਤੇ ਸਟੂਲ ਰੱਖਿਆ ਅਤੇ ਉਹਦੇ 'ਤੇ ਖੜ੍ਹੇ ਹੋ ਕੇ ਛੱਤ ਵਾਲੇ ਪੱਖ ਨੂੰ ਹੱਥ ਪਾ ਲਿਆ ਕਿ ਪਾਣੀ ਇੱਥੋਂ ਤੱਕ ਤਾਂ ਨਹੀਂ ਪਹੁੰਚ ਸਕੇਗਾ। ਮੈਂ ਅਜੇ ਪੂਰੀ ਤਰਾਂ ਪੱਖੇ ਨੂੰ ਸੰਭਾਲਿਆ ਵੀ ਨਹੀਂ ਸੀ ਕਿ ਪਾਣੀ ਨੇ ਆਪਣਾ ਜ਼ੋਰ ਵਿਖਾਇਆ। ਮੇਰੇ ਹੇਠੋਂ ਸਟੂਲ ਅਤੇ ਮੇਜ਼ ਨਿਕਲ ਕੇ ਪਾਣੀ ਵਿਚ ਜਾ ਡਿੱਗੇ ਅਤੇ ਮੈਂ ਪੱਖੇ ਨਾਲ ਲਟਕ ਗਿਆ। ਮੇਰਾ ਕਮਰ ਤੋਂ ਹੇਠਲਾ ਸਰੀਰ ਪਾਣੀ ਵਿਚ ਸੀ ਅਤੇ ਜੁਲਾਈ ਦੇ ਗਰਮ ਮਹੀਨੇ ਵਿਚ ਪਾਣੀ ਇੰਨਾ ਠੰਡਾ ਸੀ ਕਿ ਬੰਦਾ ਯਖ਼ ਹੋ ਜਾਏ। ਇੰਨਾ ਸ਼ੁਕਰ ਸੀ ਕਿ ਬਿਜਲੀ ਵਿਭਾਗ ਵਲੋਂ ਬਿਜਲੀ ਬੰਦ ਕਰ ਦਿੱਤੀ ਗਈ ਸੀ, ਨਹੀਂ ਤਾਂ ਕੰਧਾਂ ਵਿਚ ਕਰੰਟ ਆਉਣ ਦਾ ਪੂਰਾ ਖ਼ਤਰਾ ਸੀ।

ਮੇਰੇ ਬਜ਼ੁਰਗ ਮਾਪਿਆਂ ਨੂੰ ਮੇਰੇ ਅਜੇ ਤੱਕ ਬਾਹਰ ਨਾ ਆਉਣ ਦੀ ਚਿੰਤਾ ਸੀ। ਉਨ੍ਹਾਂ ਨੇ ਦੋ ਤੈਰਨ ਵਾਲੇ ਮੁੰਡਿਆਂ ਨੂੰ ਆਪਣੀ ਚਿੰਤਾ ਦੱਸੀ, ਜਿਸ ਕਰਕੇ ਦੋਵੇਂ ਮੁੰਡੇ ਛੱਤਾਂ ਰਾਹੀਂ ਸਾਡੇ ਘਰ ਦੀ ਛੱਤ ਤੋਂ ਹੀ ਮੈਨੂੰ ਅਵਾਜ਼ਾਂ ਮਾਰਨ ਲੱਗੇ। ਮੈਂ ਉਨ੍ਹਾਂ ਨੂੰ ਅੰਦਰੋਂ ਹੀ ਉੱਚੀ ਆਵਾਜ਼ ਵਿਚ ਕਹਿ ਕੇ ਸੁਣਾਇਆ ਕਿ ਮੈਂ ਪੱਖੇ ਨੂੰ ਫੜੀ ਲਟਕ ਰਿਹਾ ਹਾਂ। ਉਨ੍ਹਾਂ ਨੇ ਕਿਹਾ ਕਿ ਹੇਠਾਂ ਪਾਣੀ ਵਿਚ ਛਾਲ ਮਾਰ ਕੇ ਬਾਹਰ ਵਿਹੜੇ ਵਿਚ ਆ ਜਾਓ, ਜਿਥੋਂ ਉਹ ਮੈਨੂੰ ਕੋਠੇ 'ਤੇ ਲਿਜਾ ਸਕਣਗੇ। ਪਰ ਮੈਂ ਅਜਿਹਾ ਕਰਨ ਤੋਂ ਅਸਮਰੱਥਤਾ ਪ੍ਰਗਟ ਕੀਤੀ। ਖ਼ੈਰ ਉਨ੍ਹਾਂ ਨੇ ਜਿਵੇਂ-ਕਿਵੇਂ ਕੋਠੇ ਤੋਂ ਹੀ ਹੇਠਾਂ ਪਾਣੀ ਵਿਚ ਛਾਲਾਂ ਮਾਰੀਆਂ ਤੇ ਤੈਰਦੇ ਹੋਏ ਉਸ ਕਮਰੇ ਵਿਚ ਆ ਗਏ, ਜਿਥੇ ਮੈਂ ਲਟਕਿਆ ਹੋਇਆ ਸਾਂ। ਉਨ੍ਹਾਂ ਨੇ ਮੈਨੂੰ ਹੱਥ ਛੱਡਣ ਲਈ ਕਿਹਾ ਤਾਂ ਮੈਂ ਡਰਦੇ-ਡਰਦੇ ਪਾਣੀ ਵਿਚ ਛਾਲ ਮਾਰੀ। ਉਨ੍ਹਾਂ ਮੁੰਡਿਆਂ ਦੀ ਮਦਦ ਨਾਲ ਮੈਂ ਵੀ ਕੋਠੇ 'ਤੇ ਚੜ੍ਹ ਗਿਆ ਅਤੇ ਮੌਤ ਤੋਂ ਮੁਕਤੀ ਪ੍ਰਾਪਤ ਕੀਤੀ। ਅਗਲੇ ਤਿੰਨ ਦਿਨਾਂ ਤੱਕ ਹੜ੍ਹ ਦਾ ਪਾਣੀ ਕਾਲੋਨੀ ਦੇ ਘਰਾਂ ਵਿਚ ਉਵੇਂ ਹੀ ਘਰ ਬਣਾਈ ਬੈਠਾ ਰਿਹਾ।

ਅਸੀਂ ਕਾਫੀ ਪਰਿਵਾਰ ਤਿੰਨੇ ਦਿਨ ਇੱਕੋ ਚੁਬਾਰੇ ਵਿਚ ਤਰਸਯੋਗ ਹਾਲਤ ਵਿਚ ਰਹੇ। ਔਰਤਾਂ ਤਾਂ ਮਾੜਾ-ਮੋਟਾ ਆਰਾਮ ਕਰ ਲੈਂਦੀਆਂ ਪਰ ਮਰਦ ਤੇ ਬੱਚੇ ਛੱਤਾਂ 'ਤੇ ਘੁੰਮਦੇ ਰਹਿੰਦੇ। ਪਾਣੀ ਦੇ ਘਟਣ ਪਿੱਛੋਂ ਆਸਪਾਸ ਦੇ ਪਿੰਡਾਂ ਤੋਂ ਲੋਕੀ ਭੋਜਨ, ਦੁੱਧ ਤੇ ਖਾਣ-ਪੀਣ ਦੀਆਂ ਹੋਰ ਚੀਜ਼ਾਂ ਰੇੜ੍ਹਿਆਂ 'ਤੇ ਲੈ ਕੇ ਆਉਂਦੇ ਰਹੇ ਤੇ ਉਪਰ ਬੈਠੇ ਬੇਸਹਾਰਾ ਲੋਕਾਂ ਨੂੰ ਦਿੰਦੇ ਰਹੇ। ਫਿਰ ਇਕ ਦਿਨ ਸਰਕਾਰੀ ਹੈਲੀਕਾਪਟਰ ਵੀ ਆਇਆ। ਜਿਸ ਵੱਲੋਂ ਬਹੁਤ ਸਾਰੇ ਖਾਣੇ ਦੇ ਪੈਕੇਟ ਤੇ ਦਵਾਈਆਂ ਹੇਠਾਂ ਸੁੱਟੀਆਂ ਗਈਆਂ।

ਸੁੱਟੀਆਂ ਗਈਆਂ ਵਧੇਰੇ ਚੀਜ਼ਾਂ ਤਾਂ ਪਾਣੀ ਵਿਚ ਹੀ ਡਿੱਗ ਗਈਆਂ, ਕੁਝ ਕੁ ਹੀ ਹੜ੍ਹ ਮਾਰੇ ਲੋਕਾਂ ਦੇ ਹੱਥ ਲੱਗੀਆਂ । ਹੈਲੀਕਾਪਟਰ ਦਾ ਹੋਰ ਨੁਕਸਾਨ ਇਹ ਹੋਇਆ ਕਿ ਇਸਦੇ ਤੇਜ਼ ਚੱਲਣ ਵਾਲੇ ਖੰਭਾਂ ਨਾਲ ਬਹੁਤ ਸਾਰੀਆਂ ਸੁੱਕੀਆਂ ਹੋਈਆਂ ਚੀਜ਼ਾਂ, ਜਿਨ੍ਹਾਂ ਵਿਚ ਰਜਾਈਆਂ ਵਗੈਰਾ ਵੀ ਸਨ, ਫਿਰ ਤੋਂ ਹੇਠਾਂ ਪਾਣੀ ਵਿਚ ਡਿੱਗ ਪਈਆਂ।

ਇਸ ਹੜ੍ਹ ਵਿਚ ਮੇਰੀਆਂ ਕਰੀਬ ਲੱਖ-ਡੇਢ ਲੱਖ (ਉਸ ਸਮੇਂ ਦੀ ਰਕਮ) ਮੁੱਲ ਦੀਆਂ ਬਹੁਮੁੱਲੀਆਂ ਪੁਸਤਕਾਂ ਪਾਣੀ ਦੀ ਭੇਟ ਚੜ੍ਹ ਗਈਆਂ। ਅੱਜ ਵੀ ਜਦੋਂ ਕਿਧਰੇ ਹੜ੍ਹਾਂ ਦੀ ਖਬਰ ਸੁਣਦਾ ਹਾਂ, ਤਾਂ ਮੈਨੂੰ ਆਪਣੇ ਨਾਲ ਵਾਪਰੇ ਘਟਨਾਕ੍ਰਮ ਦਾ ਚੇਤਾ ਆ ਜਾਂਦਾ ਹੈ। ਇਸ ਘਟਨਾ ਤੋਂ ਕਰੀਬ ਛੇ ਸਾਲ ਬਾਅਦ ਮੈਂ ਗ੍ਰਹਿਸਥੀ ਧਾਰਨ ਕੀਤੀ ਅਤੇ ਆਪਣੀ ਸੁਪਤਨੀ ਨੂੰ ਹੜ੍ਹਾਂ ਦੀ ਇਹ ਦੁਖਦਾਈ ਹੱਡਬੀਤੀ ਸੁਣਾਈ, ਤਾਂ ਪਤਨੀ ਨੇ ਹੱਥ ਜੋੜ ਕੇ ਪ੍ਰਮਾਤਮਾ ਦਾ ਸ਼ੁਕਰ ਕਰਦਿਆਂ ਕਿਹਾ "ਤੁਸੀਂ ਜੁ ਮੇਰੇ ਲੜ ਲਗਣਾ ਸੀ, ਇਸੇ ਲਈ 'ਉਸਨੇ' ਤੁਹਾਨੂੰ ਬਚਾ ਲਿਆ।"


# ਤੇਰਵਾਂ ਮਹੀਨਾ


ਸਰਵਜੀਤ ਸਿੰਘ
ਸੈਕਰਾਮੈਂਟੋ
(Punjab Mail USA)




ਅਕਾਲ ਪੁਰਖ ਦੇ ਬਣਾਏ ਹੋਏ ਨਿਯਮ ਮੁਤਾਬਕ, ਚੰਦ ਧਰਤੀ ਦੁਆਲੇ ਅਤੇ ਧਰਤੀ ਸੂਰਜ ਦੁਆਲੇ, ਇਕ ਖਾਸ ਗਤੀ ਨਾਲ ਘੁੰਮਦੀ ਹੈ। ਇਸ ਗਤੀ ਨੂੰ ਕਾਬੂ ਕਰਨਾ ਇਨਸਾਨ ਦੇ ਵੱਸ ਦਾ ਰੋਗ ਨਹੀ ਹੈ। ਹਾਂ! ਇਸ ਗਤੀ ਨੂੰ ਸਮਝ ਕੇ, ਇਸ ਦੀ ਵਰਤੋਂ ਕਰਨੀ ਇਨਸਾਨ ਨੇ ਜ਼ਰੂਰ ਸਿੱਖ ਲਈ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਜਦੋਂ ਇਸ ਧਰਤੀ 'ਤੇ ਇਨਸਾਨ ਨੇ ਹੋਸ਼ ਸੰਭਾਲੀ, ਤਾਂ ਚੰਦ ਦੇ ਚਾਨਣੇ ਪੱਖ ਅਤੇ ਹਨੇਰੇ ਪੱਖ ਨੂੰ ਮੁੱਖ ਰੱਖ ਕੇ ਹੀ ਕੈਲੰਡਰ ਬਣਾਏ ਗਏ ਸਨ। ਜਿਵੇਂ-ਜਿਵੇਂ ਇਨਸਾਨ ਦੀ ਜਾਣਕਾਰੀ 'ਚ ਵਾਧਾ ਹੁੰਦਾ ਗਿਆ, ਤਾਂ ਕੈਲੰਡਰ 'ਚ ਸੋਧਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਮਨੁੱਖ ਨੇ ਆਪਣੀ ਸਹੂਲਤ ਲਈ ਚੰਦ, ਧਰਤੀ ਅਤੇ ਸੂਰਜ ਦੇ ਆਪਸੀ ਰਿਸ਼ਤੇ ਨੂੰ ਸਮਝ ਕੇ ਅਤੇ ਇਨ੍ਹਾਂ ਦੀ ਚਾਲ ਦੀ ਗਿਣਤੀ-ਮਿਣਤੀ ਕਰਕੇ ਵੱਖ-ਵੱਖ ਕੈਲੰਡਰ ਬਣਾਏ ਹਨ। ਜਿਵੇਂ ਹਿਜਰੀ ਕੈਲੰਡਰ, ਇਹ ਚੰਦ ਆਧਾਰਿਤ ਕੈਲੰਡਰ ਹੈ। ਅੰਗਰੇਜ਼ੀ ਕੈਲੰਡਰ, ਸੂਰਜੀ ਕੈਲੰਡਰ ਹੈ। ਬਿਕ੍ਰਮੀ ਕੈਲੰਡਰ, ਚੰਦ ਅਤੇ ਸੂਰਜੀ ਕੈਲੰਡਰ ਦਾ ਸੁਮੇਲ ਹੈ। ਨਾਨਕਸ਼ਾਹੀ ਕੈਲੰਡਰ, ਸੂਰਜੀ ਕੈਲੰਡਰ ਹੈ।

ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ, ਜਿਸ ਕਾਰਨ ਦਿਨ ਅਤੇ ਰਾਤ ਬਣਦੇ ਹਨ। ਇਹ ਚੱਕਰ 24 ਘੰਟੇ ਵਿਚ ਪੂਰਾ ਹੁੰਦਾ ਹੈ। ਚੰਦ, ਧਰਤੀ ਦੁਆਲੇ ਘੁੰਮਦਾ ਹੈ। ਇਹ ਚੱਕਰ 29.53 ਦਿਨਾਂ 'ਚ ਪੂਰਾ ਕਰਦਾ ਹੈ। ਇਹ ਚੰਦ ਦਾ ਇਕ ਮਹੀਨਾ ਗਿਣਿਆ ਜਾਂਦਾ ਹੈ। ਚੰਦ ਦੇ ਕੈਲੰਡਰ ਵਿਚ 12 ਮਹੀਨੇ (ਚੇਤ ਤੋਂ ਫੱਗਣ) ਅਤੇ ਸਾਲ ਵਿਚ 354.37 ਦਿਨ ਹੁੰਦੇ ਹਨ। ਧਰਤੀ ਸੂਰਜ ਦੁਆਲੇ ਆਪਣਾ ਇਕ ਚੱਕਰ 365.2422 ਦਿਨਾਂ 'ਚ ਪੂਰਾ ਕਰਦੀ ਹੈ, ਇਸ ਨੂੰ ਰੁੱਤੀ ਸਾਲ (Tropical Year) ਕਹਿੰਦੇ ਹਨ। ਧਰਤੀ ਉੱਪਰ ਰੁੱਤਾਂ ਇਸੇ ਲੰਬਾਈ ਮੁਤਾਬਕ ਬਦਲਦੀਆਂ ਹਨ। ਬਿਕ੍ਰਮੀ ਕੈਲੰਡਰ ਵਿਚ ਸੂਰਜੀ ਸਾਲ ਦੀ ਲੰਬਾਈ ਤਾਰਿਆਂ 'ਤੇ ਆਧਾਰਿਤ (Sidereal year), 365.2563 ਦਿਨ ਮੰਨੀ ਜਾਂਦੀ ਹੈ। ਰੁੱਤੀ ਸਾਲ ਤੋਂ ਇਹ ਲੰਬਾਈ ਲਗਭਗ 20 ਮਿੰਟ ਵੱਧ ਹੈ। ਇਸ ਕਾਰਨ ਬਿਕ੍ਰਮੀ ਕੈਲੰਡਰ ਵਿਚ ਰੁੱਤਾਂ ਸਥਿਰ ਨਹੀਂ ਹਨ। ਚੰਦ ਦਾ ਇਕ ਸਾਲ ਸੂਰਜੀ ਸਾਲ ਤੋਂ ਲਗਭਗ 11 ਦਿਨ ਛੋਟਾ ਹੁੰਦਾ ਹੈ। ਇਸਲਾਮ ਧਰਮ ਵਿਚ ਪ੍ਰਚਲਿਤ ਹਿਜਰੀ ਕੈਲੰਡਰ ਚੰਦ ਆਧਾਰਿਤ ਕੈਲੰਡਰ ਹੈ। ਇਸ ਕਾਰਨ ਇਸਲਾਮ ਧਰਮ ਦੇ ਪਵਿੱਤਰ ਦਿਹਾੜੇ ਹਰ ਸਾਲ (ਸੂਰਜੀ ਕੈਲੰਡਰ ਮੁਤਾਬਕ) ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਆਉਂਦੇ ਹਨ। ਪਰ, ਬਿਕ੍ਰਮੀ ਕੈਲੰਡਰ ਵਿਚ ਅਜਿਹਾ ਨਹੀਂ ਹੁੰਦਾ।




ਚੰਦ ਦਾ ਸਾਲ, ਇਕ ਸੂਰਜੀ ਸਾਲ ਵਿਚ 11 ਦਿਨ, ਦੋ ਸਾਲਾਂ ਵਿਚ 22 ਦਿਨ ਅਤੇ ਤੀਜੇ ਸਾਲ 33 ਦਿਨ ਪਿੱਛੇ ਰਹਿ ਜਾਵੇਗਾ। ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਇਸ ਵਿਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਭਾਵ ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਕਰ ਦਿੱਤੇ ਜਾਂਦੇ ਹਨ। ਇਸ ਵਾਧੂ ਮਹੀਨੇ ਨੂੰ ਮਲ ਮਾਸ ਭਾਵ ਅਸ਼ੁਭ ਮਹੀਨਾ ਮੰਨਿਆ ਜਾਂਦਾ ਹੈ, ਇਸ ਵਿਚ ਕੋਈ ਸ਼ੁੱਭ ਕੰਮ ਨਹੀਂ ਕੀਤਾ ਜਾਂਦਾ। ਚੰਦ ਦੇ ਸਾਧਾਰਨ ਸਾਲ ਵਿਚ 354 ਦਿਨ ਹੁੰਦੇ ਹਨ, ਉਹ ਤੇਰਵਾਂ ਮਹੀਨਾ ਭਾਵ ਮਲ ਮਾਸ ਆਉਣ ਕਾਰਨ 384-85 ਦਿਨ ਹੋ ਜਾਂਦੇ ਹਨ। ਅਜਿਹਾ 19 ਸਾਲਾਂ ਵਿਚ 7 ਵਾਰ ਕੀਤਾ ਜਾਂਦਾ ਹੈ। ਜਦੋਂ ਮੱਸਿਆ ਤੋਂ ਮੱਸਿਆ ਦੇ ਦਰਮਿਆਨ ਸੂਰਜ ਰਾਸ਼ੀ ਨਾ ਬਦਲੇ, ਭਾਵ ਸੰਗਰਾਂਦ ਨਾ ਆਵੇ ਤਾਂ ਉਹ ਮਹੀਨਾ ਦੁਬਾਰਾ ਆ ਜਾਂਦਾ ਹੈ। ਇਸ ਸਾਲ ਸਾਵਣ ਦਾ ਆਰੰਭ (ਸਾਵਣ ਵਦੀ ਏਕਮ) 4 ਜੁਲਾਈ ਨੂੰ ਹੋਇਆ ਹੈ। ਸੂਰਜ ਕਰਕ ਰਾਸ਼ੀ (ਸਾਵਣ ਦੀ ਸੰਗਰਾਂਦ) ਵਿਚ 16 ਜੁਲਾਈ ਨੂੰ ਪ੍ਰਵੇਸ਼ ਕਰੇਗਾ। ਸਾਵਣ ਦੀ ਮੱਸਿਆ 17 ਜੁਲਾਈ ਨੂੰ ਹੋਵੇਗੀ। ਹੁਣ ਅਗਲੀ ਮੱਸਿਆ 16 ਅਗਸਤ ਨੂੰ ਆਵੇਗੀ ਪਰ ਸੂਰਜ 17 ਅਗਸਤ ਨੂੰ ਸਿੰਘ ਰਾਸ਼ੀ (ਭਾਦੋਂ ਦੀ ਸੰਗਰਾਂਦ) ਵਿਚ ਪ੍ਰਵੇਸ਼ ਕਰੇਗਾ। ਇਸ ਲਈ ਸੰਮਤ 2080 ਬਿਕ੍ਰਮੀ (2023-24 ਈ:) ਵਿਚ ਸਾਵਣ ਦਾ ਮਹੀਨਾ ਮੁੜ ਗਿਣਿਆ ਜਾਵੇਗਾ। ਸੰਮਤ 2083 ਵਿਚ ਜੇਠ ਦਾ ਮਹੀਨਾ, ਸੰਮਤ 2086 ਵਿਚ ਚੇਤ ਦਾ ਮਹੀਨਾ, ਸੰਮਤ 2088 ਵਿਚ ਭਾਦੋਂ ਦਾ ਮਹੀਨਾ ਅਤੇ ਸੰਮਤ 2091 ਬਿਕ੍ਰਮੀ ਵਿਚ ਹਾੜ ਦਾ ਮਹੀਨਾ ਤੇਰਵਾਂ ਮਹੀਨਾ ਭਾਵ ਮਲ ਮਾਸ ਹੋਵੇਗਾ।

ਇਸ ਸਾਲ (ਸੰਮਤ 2080 ਬਿਕ੍ਰਮੀ/2023-24 ਈ:) ਚੰਦ ਦੇ ਸਾਲ ਦੇ ਤੇਰਾਂ ਮਹੀਨੇ ਹਨ। ਇਕ ਸ਼ੁਭ ਸਾਵਣ ਅਤੇ ਦੂਜਾ ਅਸ਼ੁਭ ਸਾਵਣ। ਸਾਵਣ ਮਹੀਨੇ ਦਾ ਆਰੰਭ 4 ਜੁਲਾਈ ਨੂੰ ਹੋਇਆ ਹੈ। ਪਹਿਲੇ ਸਾਵਣ ਦਾ ਪਹਿਲਾ ਪੱਖ (ਸ਼ੁਭ ਵਦੀ ਪੱਖ) 4 ਜੁਲਾਈ ਤੋਂ 17 ਜੁਲਾਈ ਤੱਕ ਹੋਵੇਗਾ। ਪਹਿਲੇ ਸਾਵਣ ਦਾ ਦੂਜਾ ਪੱਖ (ਅਸ਼ੁਭ ਸੁਦੀ ਪੱਖ) 18 ਜੁਲਾਈ ਤੋਂ 1 ਅਗਸਤ ਤੀਕ ਹੋਵੇਗਾ। ਦੂਜੇ ਸਾਵਣ ਦਾ ਪਹਿਲਾ ਪੱਖ (ਅਸ਼ੁਭ ਵਦੀ ਪੱਖ) 2 ਅਗਸਤ ਤੋਂ 16 ਅਗਸਤ ਤੀਕ ਹੋਵੇਗਾ। ਦੂਜੇ ਸਾਵਣ ਦਾ ਦੂਜਾ ਪੱਖ (ਸ਼ੁਭ ਸੁਦੀ ਪੱਖ) 17 ਅਗਸਤ ਤੋਂ 31 ਅਗਸਤ ਤੀਕ ਹੋਵੇਗਾ। ਪਹਿਲੇ ਸਾਵਣ ਦਾ ਪਹਿਲਾ ਪੱਖ ਸ਼ੁਭ, ਪਹਿਲੇ ਸਾਵਣ ਦਾ ਦੂਜਾ ਪੱਖ ਅਸ਼ੁਭ, ਦੂਜੇ ਸਾਵਣ ਦਾ ਪਹਿਲਾ ਪੱਖ ਅਸ਼ੁਭ ਅਤੇ ਦੂਜੇ ਸਾਵਣ ਦਾ ਦੂਜਾ ਪੱਖ ਸ਼ੁਭ ਹੋਵੇਗਾ। 18 ਜੁਲਾਈ ਤੋਂ 16 ਅਗਸਤ ਤਾਂਈ ਅਸ਼ੁਭ ਪੱਖ ਭਾਵ ਮਲ ਮਾਸ ਹੋਵੇਗਾ।

ਚੰਦ ਦਾ ਸਾਲ, ਸੂਰਜੀ ਸਾਲ ਤੋਂ 11 ਦਿਨ ਛੋਟਾ ਹੋਣ ਕਾਰਨ ਆਮ ਤੌਰ 'ਤੇ ਇਤਿਹਾਸਿਕ ਦਿਹਾੜੇ ਪਿਛਲੇ ਸਾਲ ਤੋਂ 11 ਦਿਨ ਪਹਿਲਾ ਆ ਜਾਂਦੇ ਹਨ। ਪਰ ਮਲ ਮਾਸ ਆਉਣ ਕਰਕੇ, ਉਸ ਤੋਂ ਪਿਛੋਂ ਆਉਣ ਵਾਲੇ ਦਿਹਾੜੇ ਪਿਛਲੇ ਸਾਲ ਤੋਂ 18-19 ਦਿਨ ਪਛੜ ਕੇ ਆਉਂਦੇ ਹਨ। ਜਿਵੇਂ; ਪੋਹ ਸੁਦੀ 7 ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ, ਸਾਲ 2022 ਈ: ਵਿਚ 9 ਜਨਵਰੀ ਨੂੰ ਆਇਆ ਸੀ। ਇਸ ਤੋਂ ਅਗਲਾ ਗੁਰਪੁਰਬ, ਇਸ ਤੋਂ 11 ਦਿਨ ਪਹਿਲਾ ਭਾਵ 29 ਦਸੰਬਰ 2022 ਈ: ਨੂੰ ਆਇਆ ਸੀ। ਇਸ ਹਿਸਾਬ ਨਾਲ ਤਾਂ 2023 ਵਿਚ ਇਹ ਗੁਰਪੁਰਬ 18 ਦਸੰਬਰ 2023 ਨੂੰ ਆਉਣਾ ਚਾਹੀਦਾ ਸੀ ਪਰ ਨਹੀਂ! ਇਸ ਸਾਲ ਚੰਦ ਦੇ ਕੈਲੰਡਰ ਵਿਚ ਮਲ ਮਾਸ ਹੋਣ ਕਾਰਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 17 ਜਨਵਰੀ 2024 ਈ: ਵਿਚ ਆਵੇਗਾ। ਇਸ ਤੋਂ ਅਗਲਾ ਗੁਰਪੁਰਬ 6 ਜਨਵਰੀ 2025 ਈ: ਨੂੰ ਆਵੇਗਾ।

ਬਿਕ੍ਰਮੀ ਕੈਲੰਡਰ, ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਬਹੁਤ ਪਹਿਲਾਂ ਦਾ ਪ੍ਰਚੱਲਤ ਹੈ। ਗੁਰੂ ਨਾਨਕ ਜੀ ਦਾ ਪ੍ਰਕਾਸ਼ ਸੰਮਤ 1526 ਬਿਕ੍ਰਮੀ ਵਿਚ ਹੋਇਆ ਸੀ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ, ਜੋ ਗੁਰੂ ਕਾਲ ਵੇਲੇ ਲਾਗੂ ਸੀ, ਉਸ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਸੀ। ਨਵੰਬਰ 1964 ਈ: ਵਿੱਚ ਹਿੰਦੂ ਵਿਦਵਾਨਾਂ ਵੱਲੋਂ ਸੋਧ ਕਰਕੇ, ਸਾਲ ਦੀ ਲੰਬਾਈ 365.2563 ਦਿਨ ਮੰਨ ਲਈ ਗਈ ਸੀ। ਹੁਣ ਇਸ ਨੂੰ ਦ੍ਰਿਕਗਣਿਤ ਸਿਧਾਂਤ ਕਹਿੰਦੇ ਹਨ। ਇਸ ਸੋਧ ਨੂੰ ਸ਼੍ਰੋਮਣੀ ਕਮੇਟੀ ਸਮੇਤ ਅਖੌਤੀ ਬ੍ਰਹਮ ਗਿਆਨੀਆਂ ਵੱਲੋਂ ਬਿਨਾ ਕਿਸੇ ਹੀਲ-ਹੁੱਜਤ ਦੇ ਪ੍ਰਵਾਨ ਕਰ ਲਿਆ ਗਿਆ ਸੀ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਕੈਲੰਡਰ ਵਿਚ ਹਿੰਦੂ ਵਿਦਵਾਨਾਂ ਵੱਲੋਂ 1964 ਈ: ਵਿਚ ਕੀਤੀ ਗਈ ਸੋਧ ਤਾਂ ਪ੍ਰਵਾਨ ਹੈ ਪਰ ਸਿੱਖ ਵਿਦਵਾਨਾਂ ਵੱਲੋਂ ਇਕ ਦਹਾਕੇ ਦੀ ਵਿਚਾਰ-ਚਰਚਾ ਉਪਰੰਤ ਸਾਲ ਦੀ ਲੰਬਾਈ ਵਿਚ ਕੀਤੀ ਗਈ ਸੋਧ ਪ੍ਰਵਾਨ ਨਹੀਂ। ਖਾਲਸਾ ਜੀ ਜ਼ਰਾ ਸੋਚੋ! ਕੀ ਕੋਈ ਦਿਨ ਅਸ਼ੁਭ ਵੀ ਹੋ ਸਕਦਾ ਹੈ? ਕਿਸੇ ਦਿਨ ਦਾ ਸ਼ੁਭ-ਅਸ਼ੁਭ ਹੋਣਾ ਜਾਂ ਪੂਰਾ ਮਹੀਨਾ ਹੀ ਅਸ਼ੁਭ ਭਾਵ ਮਲ ਮਾਸ, ਕੀ ਇਹ ਗੁਰਮਤਿ ਵਿਚ ਪ੍ਰਵਾਨ ਹੈ?


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ‘ਪੰਜਾਬੀ ਲੋਕ ਢਾਡੀ ਕਲਾ’ ਹਰਦਿਆਲ ਥੂਹੀ ਦੀ ਕਿਤਾਬ ਇਕ ਮਹੱਤਵਪੂਰਨ ਦਸਤਾਵੇਜ਼






-ਦਿਲਜੀਤ ਸਿੰਘ ਬੇਦੀ
(Punjab Mail USA)

ਕਿਸੇ ਵੀ ਕੌਮ ਦੀ ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਉਸਦੀ ਮਜ਼ਬੂਤ ਸਥਾਨਕਤਾ ਨਾਲ ਜੁੜੀ ਹੁੰਦੀ ਹੈ। ਸਮੇਂ-ਸਮੇਂ ਪੈਂਦੇ ਚੰਗੇ-ਮੰਦੇ ਪ੍ਰਭਾਵ ਕੌਮਾਂ ਦੀ ਪਛਾਣ ਨੂੰ ਵੀ ਪ੍ਰਭਾਵਿਤ ਕਰਦੇ ਹਨ। ਸਾਡਾ ਵਰਤਮਾਨ ਅਤੇ ਭਵਿੱਖ ਪੂੰਜੀ ਤੇ ਮੰਡੀ ਦਾ ਅਨੁਸਾਰੀ ਬਣ ਚੁੱਕਿਆ ਹੈ। ਵਿਕਾਸ ਦੇ ਵੱਖ-ਵੱਖ ਪੜਾਵਾਂ ਵਿਚ ਅਸੀਂ ਆਪਣੀ ਖੰਡੇ ਦੀ ਧਾਰ ’ਤੇ ਨੱਚਣ ਵਾਲੀ ਵਿਰਾਸਤ ਨੂੰ ਨਾ ਤਾਂ ਆਧੁਨਿਕਤਾ ਨਾਲ ਇਕਸੁਰ ਕਰਕੇ ਕੁੱਝ ਨਵਾਂ ਸਿਰਜ ਸਕੇ ਹਾਂ ਤੇ ਨਾ ਹੀ ਪੰਜਾਬੀ ਲੋਕ ਕਲਾਵਾਂ ਦੇ ਉਸਾਰੂ ਪੱਖਾਂ ਦੀ ਉੱਚਿਤ ਦਸਤਾਵੇਜ਼ੀ ਕਰ ਸਕੇ ਹਾਂ। ਪੰਜਾਬ ਦੀ ਲੋਕ ਢਾਡੀ ਕਲਾ ਪੰਜਾਬੀ ਲੋਕ ਸੰਗੀਤ ਦੀ ਅਜਿਹੀ ਸਿਰਮੌਰ ਵੰਨਗੀ ਹੈ, ਜੋ ਯੋਧਿਆਂ ਦੀਆਂ ਵਾਰਾਂ ਦੇ ਬੀਰ ਰਸ, ਅਧਿਆਤਮਕ ਵਾਰਾਂ ਦੇ ਸ਼ਾਂਤ-ਰਸ ਪ੍ਰੀਤ ਤੇ ਸਦਾਚਾਰਕ ਕਥਾਵਾਂ ਦੇ ਮੁੱਖ ਰਸ ਸ਼ਿੰਗਾਰ ਅਤੇ ਕਰੁਣਾ ਰਾਹੀਂ ਪੰਜਾਬੀ ਲੋਕ-ਮਨ ਨੂੰ ਸੇਧ ਦੇਣ ਦੇ ਨਾਲ ਲੋਕ ਮਨੋਰੰਜਨ ਦਾ ਕੇਂਦਰ ਬਿੰਦੂ ਵੀ ਰਹੀ ਹੈ। ਸੱਭਿਆਚਾਰਕ ਪਰਿਵਰਤਨ ਕਾਰਨ ਆਖ਼ਰੀ ਸਾਹਾਂ ’ਤੇ ਪੁੱਜੀ ਲੋਕ ਢਾਡੀ ਗਾਇਕੀ ਉੱਪਰ ਸ. ਹਰਦਿਆਲ ਸਿੰਘ ਥੂਹੀ ਨੇ ਨਿੱਠ ਕੇ ਖੋਜ ਕੀਤੀ ਹੈ।

ਲੇਖਕ ਨੇ ਹੱਥਲੀ ਕਿਤਾਬ ਨੂੰ ਛੇ ਭਾਗਾਂ ਵਿਚ ਵੰਡਿਆ, ਪਹਿਲੇ ਭਾਗ ਵਿਚ ਸੁਆਗਤ, ਧੰਨਵਾਦ, ਪਹਿਲੇ ਦੂਜੇ ਸੰਸਕਰਣ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪ੍ਰੀਤਮ ਸਿੰਘ ਰੁਪਾਲ, ਸਕੱਤਰ ਪੰਜਾਬ ਪੰਜਾਬ ਸੰਗੀਤ ਨਾਟਕ ਅਕਾਦਮੀ, ਸ਼੍ਰੀ ਰਾਜਪਾਲ ਸਿੰਘ ਸਕੱਤਰ ਪੰਜਾਬ ਆਰਟ ਕੌਂਸਲ, ਚੰਡੀਗੜ੍ਹ ਅਤੇ ਪ੍ਰੋ. ਬਲਦੇਵ ਸਿੰਘ ਬੁੱਟਰ ਹੁਰਾਂ ਨੇ ਲੇਖਕ ਨੂੰ ਥਾਪੜਾ ਦਿੱਤਾ ਹੈ। ਸੁਆਗਤ, ਧੰਨਵਾਦ, ਦੂਜੇ ਸੰਸਕਰਣ ਦੀ ਆਦਿਕਾ, ਪਹਿਲੇ ਸੰਸਕਰਣ ਦੀ ਭੂਮਿਕਾ, ਅੰਦਰਲੀ ਭੁੱਖ ਅੰਕਿਤ ਕੀਤਾ ਹੈ। ਦੂਜੇ ਭਾਗ ਵਿਚ “ਪੰਜਾਬੀ ਲੋਕ ਢਾਡੀ ਕਲਾ: ਨਿਕਾਸ, ਪਰੰਪਰਾ ਤੇ ਪਰਿਵਰਤਨ” ਵਿਚ ਪਿਛੋਕੜ, ਅਧਿਆਤਮਕ ਵਾਰਾਂ, ਗੁਰੂ ਹਰਗੋਬਿੰਦ ਸਾਹਿਬ ਜੀ ਦਾ ਯੋਗਦਾਨ, ਕਿੱਸਾ ਕਾਵਿ ਵਿਚ ਢਾਡੀਆਂ ਦਾ ਜ਼ਿਕਰ, ਲੋਕ ਢਾਡੀ ਕਲਾ, ਸੂਫ਼ੀ ਢਾਡੀ ਗਲਤ ਨਾਮਕਰਨ, ਲੋਕ ਢਾਡੀ ਗਾਇਕੀ ਇਤਿਹਾਸਕ ਪੱਖ, ਔਰਤ ਢਾਡੀ ਗਾਇਕਾਵਾਂ, ਲੋਕ ਢਾਡੀ ਗਾਇਕੀ ਦੀ ਰਿਕਾਰਡਿੰਗ, ਲਾਊਡ ਸਪੀਕਰ ਦਾ ਮਹੱਤਵ, ਢਾਡੀ ਕਲਾ ਦਾ ਵਿਸ਼ਾ-ਵਸਤੂ, ਮੁੱਖ ਖੇਤਰ ਮਾਲਵਾ, ਮਲਵਈ ਲੋਕਾਂ ਦੀ ਆਸਥਾ, ਢਾਡੀ ਗਾਇਕੀ ਦੀ ਪੇਸ਼ਕਾਰੀ, ਲੋਕ ਢਾਡੀ ਕਲਾ ਦੇ ਰੂਪ, ਢਾਡੀ ਕਲਾ ਰੂਪ ਦੇ ਅੰਗ, ਢਾਡੀ ਗਾਇਕੀ ਦੀ ਅਖਾੜਾ ਪਰੰਪਰਾ, ਮੇਲਿਆਂ ਦੇ ਅਖਾੜੇ, ਸਾਂਈ ਵਾਲੇ ਅਖਾੜੇ, ਲੋਕ ਢਾਡੀਆਂ ਦਾ ਸਖ਼ਤ ਰਿਆਜ਼, ਲੋਕ ਢਾਡੀਆਂ ਦਾ ਪਹਿਰਾਵਾ, ਧਰਮ ਨਿਰਪੇਖ ਸੁਭਾਅ, ਲੋਕ ਢਾਡੀ ਕਲਾ ਤੇ ਪੰਥਕ ਢਾਡੀ ਕਲਾ ਅੰਤਰ-ਸੰਬੰਧ, ਸੰਖੇਪ ਵਿਚਾਰ, ਦੂਸਰੇ ਭਾਗ ਵਿਚ ਲੋਕ ਢਾਡੀ ਕਲਾ ਦਾ ਇਤਿਹਾਸਕ ਵਿਕਾਸ ’ਚ ਰਿਕਾਰਡ ਹੋਏ ਲੋਕ ਢਾਡੀ, ਮੇਹਰ ਸਿੰਘ, ਦੀਦਾਰ ਸਿੰਘ ਰਟੈਂਡਾ, ਨਿਰੰਜਨ ਸਿੰਘ ਜਮਸ਼ੇਰ, ਨਾਜ਼ਰ ਸਿੰਘ ਦੁਆਬੀਆ, ਭੂਰਾ ਸਿੰਘ ਚਿੱਟੀ, ਅਮਰ ਸਿੰਘ ਸ਼ੌਕੀ, ਮੋਹਣ ਸਿੰਘ ਡਰੋਲਚਿ, ਉਦੇ ਸਿੰਘ ਮੁੰਡੀਆਂ, ਦਲੀਪ ਸਿੰਘ ਸਮਰਾਏ, ਸੋਹਣ ਸਿੰਘ ਰੁੜਕਾ, ਮੱਸਾ ਸਿੰਘ ਮੌਜੀ, ਪਾਲ ਸਿੰਘ ਪੰਛੀ, ਮਲਕੀਤ ਸਿੰਘ ਪੰਧੇਰ, ਭਗਤ ਸਿੰਘ ਰੁੜਕਾ ਤੇ ਗੁਰਬਖ਼ਸ਼ ਸਿੰਘ ਬਿਲਗਾ, ਬਿੱਕਰ ਸਿੰਘ ਪ੍ਰਦੇਸੀ, ਗੰਗਾ ਸਿੰਘ, ਬਖਤਾਵਰ ਸਿੰਘ, ਚੈਨ ਸਿੰਘ ਤੇ ਸਤਨਾਮ ਸਿੰਘ, ਦਿਲਾਵਰ ਸਿੰਘ, ਨਛੱਤਰ ਸਿੰਘ ਕਲੇਰਾਂ, ਸੰਖੇਪ ਵਿਚਾਰ, ਤੀਸਰੇ ਭਾਗ ਵਿਚ ਕਾਲੇ ਤਵਿਆਂ ਵਿਚ ਰਿਕਾਰਡ ਨਾ ਹੋਏ ਪਰ ਆਮ ਲੋਕਾਂ ਵਿਚ ਪ੍ਰਚੱਲਤ ਰਹੇ ਲੋਕ ਢਾਡੀ, ਮੋਦਨ ਸਿੰਘ ਲੋਹਾ ਖੇੜਾ, ਕਾਂਸ਼ੀ ਰਾਮ ਡੋਹਲੋਂ, ਬਾਬਾ ਬੂਜਾ ਦੋਦੇ ਵਾਲਾ, ਵਧਾਵਾ ਮਰਾਸੀ ਢੱਡਿਆਂ ਵਾਲਾ, ਗੁਰਮਾਂ ਵਾਲੇ ਢਾਡੀ, ਖਿੱਦੂ ਮੋਚੀ ਗੁੰਮਟੀ ਵਾਲਾ, ਮੁਨਸ਼ੀ ਤੇ ਸੰਤਾ ਸ਼ੇਰੋਂ ਵਾਲੇ, ਈਦੂ ਖ਼ਾਨ ਲਲੋਢਾ, ਪਰਤਾਪ ਸਿੰਘ ਹਸਨਪੁਰੀਆ, ਗੁੱਜਰ ਸਿੰਘ ਰਾਈਆਂ ਭੈਣੀ, ਧਨੌਲੇ ਵਾਲੇ ਢਾਡੀ, ਜੰਗੀਰ ਸਿੰਘ ਮੂੰਗੋ, ਹਰੀ ਸਿੰਘ ਤਿਲੋਕੇ ਵਾਲਾ, ਡੋਗਰ ਛਪਾਰ ਵਾਲਾ, ਰਹਿਮਾ ਗੱਜੂਮਾਜਰੇ ਵਾਲਾ, ਮੁਨਸ਼ੀ ਰਾਮ ਜੱਖਲਾਂ ਵਾਲਾ, ਬੀਰੂ ਅਤੇ ਘੀਚਰ ਦਿਆਗੜ੍ਹੀਏ, ਜਲਾਲ ਖਾਂ ਤੇ ਕੀੜੇ ਖਾਂ ਤੇ ਸ਼ੌਕੀਨ, ਬਾਬੂ ਸਿੰਘ ਰੌਣੀ, ਕੇਸਰ ਸਿੰਘ ਚੱਠੇ, ਕਿਰਪਾ ਸਿੰਘ ਹਸਨਪੁਰੀਆ, ਮੱਘਰ ਸ਼ੇਖ ਬਰਨਾਲਾ, ਨਿਰੰਜਣ ਸਿੰਘ ਘਨੌਰ, ਵਲਾਇਤ ਖ਼ਾਨ ਗਸਲਾ, ਮੋਦਨ ਸਿੰਘ ਮਰਾਜ, ਭਗਵਾਨ ਸਿੰਘ ਪਾਇਲ, ਨਗੀਨਾ ਸਿੰਘ ਈਸੜੂ, ਪੂਰਨ ਸਿੰਘ ਫਿੱਡਿਆ ਵਾਲਾ, ਪੰਜ ਗਰਾਈਆਂ ਵਾਲੇ ਢਾਡੀ, ਪ੍ਰੀਤਮ ਸਿੰਘ ਉਟਾਲ, ਗੁਰਦੇਵ ਸਿੰਘ ਖਿਆਲਾ, ਜੁਗਰਾਜ ਸਿੰਘ ਦੋਦਾ, ਬਾਬੂ ਖਾਂ ਸ਼ੌਂਕੀ, ਜਾਗਰ ਸਿੰਘ ਭਮੱਦੀ, ਪੰਡਤ ਵਿਦਿਆ ਸਾਗਰ ਡੇਹਲੋਂ, ਬੰਤ ਸਿੰਘ ਮਧੀਰ, ਰੁਲਦੂ ਖ਼ਾਨ ਚੱਠਿਆਂ ਵਾਲਾ, ਸੁਦਾਗਰ ਸਿੰਘ ਗਾਲਬ ਕਲਾਂ, ਅਰਜਨ ਸਿੰਘ ਗੁਆਰਾ, ਰਾਜ ਮਾਨ ਦਿਆਗੜ੍ਹੀਆ, ਸ਼ਰੀਫ਼ ਈਦੂ ਲਲੌਢਾ, ਪੰਡਤ ਜਗਤ ਰਾਮ, ਗੁਰਮੇਲ ਪੰਧੇਰ ਅਜਨੌਦਾ, ਰਾਮ ਸਿੰਘ ਸਲਾਣਾ, ਰੰਗੀਆਂ ਵਾਲੇ ਸਾਜ਼ੀ, ਗੁਰਨਾਮ ਸਿੰਘ ਗੁਪਾਲਪੁਰ ਸਾਜ਼ੀ, ਚੰਦ ਸਿੰਘ ਬਨੇਰਾ ਸਾਜ਼ੀ, ਚੌਥੇ ਭਾਗ ਵਿਚ ਵਰਤਮਾਨ ਲੋਕ ਢਾਡੀ, ਦੇਸ ਰਾਜ ਲਚਕਾਣੀ, ਚਮਕੌਰ ਸਿੰਘ ਸੇਖੋਂ, ਗੁਰਦਿਆਲ ਸਿੰਘ ਲੱਡਾ, ਮੱਖਣ ਮਾਨ ਦਿਆਗੜ੍ਹ, ਨਵਜੋਤ ਸਿੰਘ ਮੰਡੇਰ (ਜਰਗ), ਨਾਜ਼ਰ ਪੰਧੇਰ ਅਜਨੌਦਾ, ਅਲਬਾਜ਼ ਖਾਂ ਗੋਸਲਾਂ।

ਪੰਜਵੇਂ ਭਾਗ ਵਿਚ ਲੋਕ ਢਾਡੀ ਰਚਨਾਵਾਂ ਦੇ ਪ੍ਰਮੁੱਖ ਰਚਨਾਕਾਰ, ਹਜ਼ੂਰਾ ਸਿੰਘ ਬੁਟਾਹਰੀ, ਕਰਮ ਸਿੰਘ ਟੂਸਿਆਂ ਵਾਲਾ, ਗੰਗਾ ਸਿੰਘ ਭੂੰਦੜ, ਬੰਸੀ ਰਾਮ ਨੌਹਰਾ, ਨੱਥਾ ਸਿੰਘ ਨਰੜੂ, ਦਿਲਾ ਰਾਮ ਭੂਦਨ, ਰਣ ਸਿੰਘ ਨਿਹਾਲੂਵਾਲਾ, ਸੰਖੇਪ ਵਿਚਾਰ ਚੋਣਵੀਆਂ ਰਚਨਾਵਾਂ, ਹੀਰ, ਮਿਰਜ਼ਾ, ਸੱਸੀ, ਪੂਰਨ, ਗੋਪੀ ਚੰਦ, ਕੌਲਾਂ, ਦੁੱਲਾ, ਜੈਮਲ ਫੱਤਾ-ਦਹੂਦ ਬਾਦਸ਼ਾਹ ਅਤੇ ਸਹਾਇਕ ਪੁਸਤਕਾਂ ਦੀ ਸੂਚੀ ਸ਼ਾਮਲ ਹੈ।

ਇਹ ਪੁਸਤਕ ਢਾਡੀਆਂ ਦੀ ਨਿੱਜੀ ਜ਼ਿੰਦਗੀ ਅਤੇ ਕਲਾ ਬਾਰੇ ਰੌਚਕ ਜਾਣਕਾਰੀ ਦਿੰਦੀ ਹੋਈ ਢਾਡੀ ਕਲਾ ਦੇ ਨਿਕਾਸ, ਵਿਕਾਸ, ਗਾਇਣ ਸ਼ੈਲੀਆਂ, ਸਿੱਖ ਗੁਰੂ ਸਾਹਿਬਾਨ ਅਤੇ ਪੰਜਾਬੀ ਰਿਆਸਤੀ ਰਾਜਿਆਂ ਦੇ ਦਰਬਾਰੀ ਢਾਡੀਆਂ, ਖੁੱਲ੍ਹੇ ਅਖਾੜਿਆਂ, ਢਾਡੀ ਗਾਇਕੀ ਦੀ ਰਿਕਾਰਡਿੰਗ ਦਾ ਇਤਿਹਾਸ, ਚੋਣਵਾਂ ਪਾਠ, ਦੁਰਲੱਭ ਤਸਵੀਰਾਂ ਅਤੇ ਪੰਜਾਬ ਦੀ ਨਾਬਰੀ ਵਾਲੀ ਸਥਾਨਕਤਾ ਨੂੰ ਪ੍ਰਗਟ ਕਰਦੀ ਉੱਚ ਮਿਆਰੀ ਹਵਾਲਾ ਖੋਜ ਪੁਸਤਕ ਹੈ, ਜਿਸਦੀ ਇਸ ਖੇਤਰ ਵਿਚ ਬਹੁਤ ਲੋੜ ਸੀ।

ਢਾਡੀ ਕਲਾ ਦਾ ਪੰਜਾਬੀ ਸੁਭਾਅ ਅਤੇ ਮਨੋਰੰਜਨ ਤੇ ਇਤਿਹਾਸ ਦੇ ਸਰੋਤਾਂ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ। ਸੰਗੀਤ ਬਾਰੇ ਭਾਵੇਂ ਇਹ ਕਿਹਾ ਜਾਂਦਾ ਹੈ ਕਿ ਮਨੁੱਖੀ ਜਨਮ ਦੇ ਨਾਲ ਹੀ ਸੰਗੀਤ ਪੈਦਾ ਹੋਇਆ। ਤਾਲਵੀ ਸਾਜ਼ਾਂ ਵਿਚ ਢੋਲ ਤੋਂ ਬਾਅਦ ਢੱਡ ਹੀ ਇੱਕ ਅਜਿਹਾ ਸਾਜ਼ ਹੈ, ਜੋ ਮਨੁੱਖ ਦੇ ਰੌਂਗਟੇ ਖੜ੍ਹੇ ਕਰ ਸਕਦੀ ਹੈ। ਇਹ ਸਾਜ਼ ਜਿਥੇ ਬੀਰ ਰਸ ਪੈਦਾ ਕਰਦਾ ਹੈ, ਉਥੇ ਸ਼ਿੰਗਾਰ ਰਸ ਰਾਹੀਂ ਮਨੁੱਖੀ ਮਨ ਦੇ ਅੰਦਰ ਉੱਸਲਵੱਟੇ ਲੈ ਰਹੀ ਮੁਹੱਬਤ ਦਾ ਵਿਵੇਚਣ ਕਰਦਾ ਹੈ। ਸ਼ਾਸਤਰੀ ਸੰਗੀਤ ਵਿਚ ਮਕਬੂਲੀਅਤ ਹਾਸਲ ਕਰਨ ਵਾਲੇ ਤੰਤੀ ਸਾਜ਼, “ਸਾਰੰਗੀ” ਨੂੰ ਸੁਰਬੱਧ ਕਰ ਲੈਣਾ ਵੀ ਲੋਕ ਸੰਗੀਤ ਦਾ ਨਿਆਰਾਪਣ ਅਤੇ ਸਮਰੱਥਾ ਦਾ ਲਖਾਇਕ ਹੈ।

ਹਰਦਿਆਲ ਥੂਹੀ ਪ੍ਰਾਪਤ ਸਰੋਤਾਂ ਦੀ ਥਾਂ ਖੁਦ ਨਵੇਂ ਸਰੋਤ ਲੱਭਦਾ ਹੈ। ਇਹ ਸਰੋਤ ਢਾਡੀਆਂ ਦੇ ਬੋਲਾਂ, ਵਾਰਾਂ, ਕਲੀਆਂ ਅਤੇ ਫੁਟਕਲ ਛੰਦਾਂ ਦੇ ਰੂਪ ਵਿਚ ਵੀ ਸਾਹਮਣੇ ਆਉਂਦੇ ਹਨ ਅਤੇ ਲੋਕ ਢਾਡੀਆਂ ਦੀ ਜੀਵਨ ਸ਼ੈਲੀ ਵਿਚੋਂ ਵੀ ਵਿਦਮਾਨ ਹੁੰਦੇ ਹਨ।

ਲੇਖਕ ਨੇ ਇਸ ਕਲਾ ਵੰਨਗੀ ਅਤੇ ਇਸ ਵਿਚਲੀ ਕਵਿਤਾ (ਵਿਸ਼ਾ ਵਸਤੂ) ਦੀ ਸਿਧਾਂਤਕਾਰੀ ਕਰਨ ਸਮੇਂ ਲੋਕਯਾਨਿਕ ਕਾਵਿ-ਸ਼ਾਸਤਰ ਨੂੰ ਆਪਣੀ ਖੋਜ ਦੀ ਕੁੰਜੀ ਬਣਾਇਆ ਹੈ, ਜੋ ਲੇਖਕ ਦੀ ਵੱਡੀ ਪ੍ਰਾਪਤੀ ਹੈ। ਇਕ ਪਾਸੇ ਵਾਰ, ਕਲੀ, ਪੂਰਨ, ਰਸਾਲੂ, ਕੌਲਾਂ, ਮਿਰਜ਼ਾ, ਦੁੱਲਾ ਆਦਿ ਸੰਗੀਤਕ ਪੱਖ ਤੋਂ ਢਾਡੀ ਰਾਗ ਬਣਦੇ ਹਨ ਅਤੇ ਇਨ੍ਹਾਂ ਦੀਆਂ ਪ੍ਰਮਾਣਿਕ ਤਰਜ਼ਾਂ ਲੋਕ ਮਨ ਦਾ ਹਿੱਸਾ ਬਣਦੀਆਂ ਹਨ, ਦੂਜੇ ਪਾਸੇ ਇਨ੍ਹਾਂ ਦੇ ਵਿਸ਼ਾ ਵਸਤੂ ਪੱਖ ਤੋਂ ਕਥਾ ਨਾਲ ਨਾਲ ਚੱਲਦੀ ਹੈ ਅਤੇ ਤੀਜਾ ਇਨ੍ਹਾਂ ਵਿਚੋਂ ਬਹੁਤੇ ਲੋਕ ਨਾਇਕ ਵਜੋਂ ਮਕਬੂਲ ਹੁੰਦੇ ਹਨ।

ਪੁਰਾਣੇ ਢਾਡੀਆਂ ਦੀਆਂ ਜੀਵਨ ਕਹਾਣੀਆਂ, ਉਨ੍ਹਾਂ ਦੇ ਬੋਲ ਅਤੇ ਪੰਜਾਬੀ ਸੱਭਿਆਚਾਰ ਉੱਪਰ ਇਸ ਵਿਧਾ ਦੀ ਅਮਿੱਟ ਛਾਪ ਨੂੰ ਹਰਦਿਆਲ ਥੂਹੀ ਨੇ ਬੇਬਾਕੀ ਅਤੇ ਪੂਰੇ ਦਾਅਵੇ ਨਾਲ ਪੇਸ਼ ਕੀਤਾ ਹੈ।

ਇਸ ਕਲਾ ਦੇ ਬਾਬਾ ਬੋਹੜ ਵਲਾਇਤ ਖਾਂ ਗੋਸਲਾਂ, ਵਿਦਿਆ ਸਾਗਰ ਡੇਹਲੋਂ, ਅਰਜਨ ਸਿੰਘ ਗੁਆਰਾ, ਗੁਰਨਾਮ ਸਿੰਘ ਗੁਪਾਲਪੁਰ, ਚੰਦ ਸਿੰਘ ਬਨੇਰਾ, ਰਾਜ ਮਾਨ ਦਿਆਗੜ੍ਹ, ਈਦੂ ਸ਼ਰੀਫ ਲਲੌਢਾ, ਲਾਲ ਮਾਨ ਦਿਆਗੜ੍ਹ, ਗੁਰਮੇਲ ਪੰਧੇਰ ਅਜਨੌਦਾ, ਬਨਾਰਸੀ ਗੁਪਾਲਪੁਰ ਏਥੋਂ ਰੁਖ਼ਸਤ ਹੋ ਗਏ।


ਮੁੱਢ ਕਦੀਮਾਂ ਤੋਂ ਪੰਜਾਬ ਦੀ ਧਰਤੀ ’ਤੇ ਵਸਦੇ ਲੋਕਾਂ ਨੇ ਵੀ ਇੱਕ ਵਿਲੱਖਣ, ਨਿਵੇਕਲਾ ਅਤੇ ਬਹੁਰੰਗੀ ਸੱਭਿਆਚਾਰ ਰਚਿਆ ਹੈ। ਪੰਜਾਬੀ ਅੱਜਕੱਲ੍ਹ ਦੁਨੀਆਂ ਭਰ ਵਿਚ ਫੈਲੇ ਹੋਏ ਹਨ। ਆਪਣੀ ਬੋਲੀ ਅਤੇ ਸੱਭਿਆਚਾਰ ਉਨ੍ਹਾਂ ਦੇ ਅੰਗ-ਸੰਗ ਹੈ ਪਰ ਅੱਜ ਦਾ ਸੰਸਾਰ ਪਹਿਲਾਂ ਵਾਲਾ ਨਹੀਂ ਰਿਹਾ, ਇਹ ਸਿਮਟ ਕੇ ਇਕ ਪਿੰਡ ਬਣ ਗਿਆ ਹੈ। ਇਸ ਵਿਚ ਆਪਣੀ ਬੋਲੀ ਅਤੇ ਸੱਭਿਆਚਾਰ ਦੀ ਹੋਂਦ ਕਾਇਮ ਰੱਖਣ ਲਈ ਹਰ ਇੱਕ ਨੂੰ ਚੇਤੰਨ ਯਤਨ ਕਰਨੇ ਪੈਣਗੇ। ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਬੜੀ ਹੀ ਸਮਰਪਿਤ ਭਾਵਨਾ ਨਾਲ ਨਿਭਾਉਣ ਵਾਲੇ ਦਾਨਸ਼ਵਰਾਂ ਵਿਚ ਹੀ ਹੱਥਲੀ ਕਿਤਾਬ ਦਾ ਨਾਮ ਆਉਂਦਾ ਹੈ। ਅੱਜ ਦੇ ਇਸ ਪਦਾਰਥਵਾਦੀ, ਤਜ਼ਾਰਤੀ ਅਤੇ ਖਪਤ ਪ੍ਰਧਾਨ ਯੁੱਗ ਵਿਚ ਆਪਣੇ ਜਾਤੀ ਵਸੀਲੇ ਵਰਤਕੇ ਪੰਜਾਬੀ ਸੱਭਿਆਚਾਰ ਦੀ ਅਮੀਰੀ ਨੂੰ ਸਾਂਭਣ ਅਤੇ ਇਸ ਤੋਂ ਹੋਰਾਂ ਨੂੰ ਜਾਣੂ ਕਰਵਾਉਣ ਦੇ ਕਾਰਜ ਵਿਚ ਲੱਗੇ ਲੇਖਕ ਦੀ ਹਿੰਮਤ ਅਤੇ ਸਿਦਕ ਨੂੰ ਸਲਾਮ ਹੈ। ਉਸਨੇ ਸਾਡੇ ਹੱਥਾਂ ਵਿਚੋਂ ਰੇਤ ਵਾਂਗ ਕਿਰ ਗਏ ਤੇ ਕਿਰਦੇ ਜਾ ਰਹੇ ਲੋਕ ਗਾਇਕੀ ਦੇ ਉਨ੍ਹਾਂ ਸਰੂਪਾਂ ਨੂੰ ਸੰਭਾਲਣ ਦਾ ਬੀੜਾ ਚੁੱਕਿਆ ਹੈ, ਜਿਨ੍ਹਾਂ ਦੇ ਹੁਣ ਨਕਸ਼ ਵੀ ਮਿਟਦੇ ਜਾ ਰਹੇ ਹਨ। ਅੱਜ ਤਕਨਾਲੋਜੀ ਦੇ ਵਿਕਸਤ ਸਾਧਨਾ ਨੇ ਸਾਡੇ ਮਨੋਰੰਜਨ ਅਤੇ ਵਿਹਲ ਨੂੰ ਵਰਤਣ ਦੇ ਸਾਰੇ ਤੌਰ ਤਰੀਕੇ ਬਦਲ ਦਿੱਤੇ ਹਨ। ਪਰ ਢਾਡੀਆਂ ਦੀ ਜਿਸ ਗਾਇਕੀ ਦਾ ਜ਼ਿਕਰ ਹਰਦਿਆਲ ਥੂਹੀ ਇਸ ਪੁਸਤਕ ਵਿਚ ਕਰ ਰਿਹਾ ਹੈ, ਉਹ ਪੰਜਾਬ ਦੇ ਸਦੀਵੀ ਸੱਭਿਆਚਾਰ ਦੀ ਬੜੀ ਹੀ ਰੌਚਕ ਤਸਵੀਰ ਪੇਸ਼ ਕਰਦੀ ਹੈ।

ਪਿਛਲੀ ਸਦੀ ਦੇ ਛੇਵੇਂ ਦਹਾਕੇ ਤੱਕ, ਪਿੰਡ-ਪਿੰਡ ਅਖਾੜੇ ਲਗਾ ਕੇ ਲੋਕਾਂ ਦੇ ਦਿਲਾਂ ਅਤੇ ਰੂਹ ਵਿਚ ਵਸਦੀਆਂ ਤਰਜ਼ਾਂ ਅਤੇ ਬੋਲਾਂ ਰਾਹੀਂ ਢੱਡ ਸਾਰੰਗੀ ਦੇ ਇਹ ਗਮੰਤਰੀ ਪੰਜਾਬੀ ਗਾਇਕੀ ਨੂੰ ਮਾਲਾਮਾਲ ਕਰਦੇ ਰਹੇ ਹਨ। ਪੰਜਾਬੀ ਲੋਕ ਨਾਇਕਾਂ ਬਾਰੇ ਗਾਉਂਦਿਆਂ ਇਹ ਗਾਇਕ ਪੰਜਾਬ ਦੇ ਜਨ ਮਾਨਸ ਲਈ ਪਿਆਰ, ਅਣਖ, ਬਹਾਦਰੀ, ਕੁਰਬਾਨੀ, ਦਿਆਲਤਾ, ਸੇਵਾ ਲਗਨ ਆਦਿ ਜਿਹੇ ਗੁਣਾਂ ਦੇ ਮਾਪਦੰਡ ਨਿਰਧਾਰਿਤ ਕਰਦੇ ਹਨ। ਆਸ਼ਕਾਂ ਸਾਦਕਾਂ ਦੇ ਕਿੱਸੇ ਗਾਉਂਦਿਆਂ ਇਹ ਆਪ ਵੀ ਲੋਕਾਂ ਦੇ ਦਿਲਾਂ ਵਿਚ ਉਤਰ ਜਾਂਦੇ ਅਤੇ ਸਮਾਜ ਵਿਚ ਲੋਕਾਂ ਦੇ ਨਾਇਕਾਂ ਵਜੋਂ ਵਿਚਰਦੇ ਹਨ। ਇਸ ਨੂੰ ਨਵਰੰਗ ਪਬਲੀਕੇਸ਼ਨ ਸਮਾਣਾ ਨੇ ਪ੍ਰਕਾਸ਼ਤ ਕੀਤਾ ਹੈ। ਥੂਹੀ ਇਸ ਕਾਰਜ ਲਈ ਵਧਾਈ ਦਾ ਪਾਤਰ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic



Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ ’ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਿੱਖ ਪੰਥ ਦੀਆਂ ਬਿਖਮ ਹੋ ਰਹੀਆਂ ਸਮਾਜਿਕ ਚੁਣੌਤੀਆਂ

-ਡਾ ਸਤਿੰਦਰ ਪਾਲ ਸਿੰਘ
ਲਖਨਊ
akaalpurkh.7@gmail.com
(Punjab Mail USA)



ਗੁਰੂ ਕਾਲ ਦੇ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਨੇ ਗੁਰਸਿੱਖ ਦੇ ਜੀਵਨ ਦੀ ਵਿਆਖਿਆ ਕਰਦਿਆਂ ਕਿਹਾ ਕਿ ਗੁਰਸਿੱਖ ਤੇ ਗੁਰੂ ਦਾ ਸਬੰਧ ਮੱਛੀ ਤੇ ਜਲ ਦਾ ਹੈ। ਮੱਛੀ ਜਿੱਥੇ ਵੀ ਜਾਵੇ, ਜਲ ਅੰਦਰ ਹੀ ਰਹਿੰਦੀ ਹੈ। ਗੁਰਸਿੱਖ ਦਾ ਜਿਉਣਾ ਗੁਰੂ ਦੇ ਹੁਕਮ 'ਚ ਹੀ ਹੈ। ਗੁਰ ਸ਼ਬਦ ਮਾਤਰ ਅਧਿਆਤਮਕ ਹੀ ਨਹੀਂ, ਜੀਵਨ ਦੇ ਹਰ ਖੇਤਰ ਵਿਚ ਗੁਰਸਿੱਖ ਲਈ ਅੰਮ੍ਰਿਤ ਹੈ, ਜੋ ਉਸ ਅੰਦਰ ਜਿਊਣ ਦੇ ਲੱਖਣ ਪ੍ਰਗਟ ਕਰਦਾ ਹੈ। ਅੱਜ ਪੰਥਕ ਪੱਧਰ 'ਤੇ ਮੁੱਖ ਚਿੰਤਾ ਧਾਰਮਿਕ ਸਵਾਲਾਂ ਨੂੰ ਲੈ ਕੇ ਨਜ਼ਰ ਆਉਂਦੀ ਹੈ। ਪ੍ਰਤੀਤ ਹੁੰਦਾ ਹੈ ਕਿ ਕੌਮ ਦੇ ਸਮਾਜਿਕ, ਆਰਥਿਕ ਮੁੱਦੇ ਮਹੱਤਵਹੀਨ ਮੰਨ ਲ਼ਏ ਗਏ ਹਨ। ਸ਼ਾਇਦ ਇਹ ਮੁੱਦੇ ਕੌਮ ਦੀਆਂ ਭਾਵਨਾਵਾਂ ਉਭਾਰ ਕੇ ਵੱਡਾ ਸੰਕਟ ਬਣਨ ਜੋਗ ਨਹੀਂ ਲੱਗਦੇ ਜਾਂ ਕਿਸੇ ਪੰਥਕ ਸੰਸਥਾ 'ਤੇ ਇਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਆਇਦ ਹੁੰਦੀ। ਜੇ ਅਜਿਹੀ ਸੋਚ ਹੈ, ਤਾਂ ਮੰਦਭਾਗੀ ਅਗਿਆਨਤਾ ਹੈ। ਗੁਰਸਿੱਖੀ ਨੂੰ ਸਮਝਿਆ ਹੀ ਨਹੀਂ ਗਿਆ ਹੈ। ਇਹ ਨੈਤਿਕ ਅਪਰਾਧ ਤੇ ਗੁਰੂ ਦੀ ਅਵੱਗਿਆ ਵੀ ਹੈ। ਸਿੱਖ ਪੰਥ ਧਰਮ ਤੱਕ ਹੀ ਸੀਮਤ ਨਹੀਂ ਹੈ। ਗੁਰਸਿੱਖ ਦਾ ਪੂਰਾ ਜੀਵਨ ਸਿੱਖ ਪੰਥ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਦਾ ਨਿਰਮਲ ਪੰਥ ਵੀ ਕਿਹਾ ਗਿਆ ਹੈ। ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਸਿੱਖ ਦੀ ਸੰਪੂਰਨ ਜੀਵਨ ਪੱਧਤੀ ਦੀ ਮਰਿਆਦਾ ਉਲੀਕੀ ਗਈ ਹੈ। ਇਹ ਨਿਰਾ ਚਿੰਤਨ ਨਹੀਂ, ਗੁਰਸਿੱਖ ਲਈ ਹੁਕਮ ਹੈ। ਗੁਰਸਿੱਖੀ ਦੇ ਮਾਇਨੇ ਧਰਮ, ਅਧਿਆਤਮ ਤੱਕ ਸੀਮਤ ਮੰਨ ਲਏ ਜਾਣ ਨੇ ਅਜਿਹੀਆਂ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ, ਜਿਸ ਨਾਲ ਧਾਰਮਿਕ ਵਿਸ਼ਵਾਸ ਨੂੰ ਵੀ ਖੋਰਾ ਲੱਗ ਰਿਹਾ ਹੈ। ਧਾਰਮਿਕ, ਸਮਾਜਿਕ, ਆਰਥਿਕ, ਰਾਜਸੀ, ਸਾਰੇ ਸਵਾਲ ਅੰਤਰ ਸਬੰਧਤ ਹਨ। ਸਾਰੇ ਸਵਾਲ ਜੋ ਗੁਰਸਿੱਖ ਦੇ ਜੀਵਨ ਨਾਲ ਜੁੜੇ ਹਨ, ਪੰਥਕ ਸਵਾਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਜੀਵਨ ਪੱਧਤੀ ਦੀ ਦ੍ਰਿਸ਼ਟੀ ਨੂੰ ਬਾਕਾਇਦਾ ਪ੍ਰਵਾਨ ਕੀਤੀ ਗਈ ਸਿੱਖ ਰਹਤ ਮਰਿਯਾਦਾ ਵਿਚ ਵੀ ਸਵੀਕਾਰ ਕੀਤਾ ਗਿਆ। ਸਿੱਖ ਪੰਥ ਦੀ ਤ੍ਰਾਸਦੀ ਹੈ ਕਿ ਨਾ ਤਾਂ ਗੁਰੂ ਦੇ ਹੁਕਮ ਨੂੰ ਮੰਨਿਆ ਜਾ ਰਿਹਾ ਹੈ, ਨਾ ਹੀ ਰਹਿਤ ਮਰਿਯਾਦਾ ਦੀ ਪ੍ਰਵਾਹ ਕੀਤੀ ਗਈ। ਇਸ ਦਾ ਨਤੀਜਾ ਅੱਜ ਸਿੱਖ ਸਮਾਜ ਦੇ ਵਿਗੜਦੇ ਜਾ ਰਹੇ ਸਵਰੂਪ ਵਿਚ ਸਾਹਮਣੇ ਹੈ।

ਸਿੱਖ ਸਮਾਜ ਅੱਜ ਜਿਸ ਸਥਿਤੀ 'ਚ ਪੁੱਜ ਗਿਆ ਹੈ, ਇਸ ਨੂੰ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦਾ ਸਮਾਜ ਕਹਿੰਦਿਆਂ ਸੰਕੋਚ ਹੁੰਦਾ ਹੈ ਤੇ ਲਾਜ ਆਉਂਦੀ ਹੈ। ਸਮਾਜ ਇੱਕ ਵਿਸ਼ਾਲ ਖੇਤਰ ਹੈ ਪਰ ਇਸ ਲੇਖ ਵਿਚ ਸਿਰਫ ਵਿਖਾਵਿਆਂ ਦੀ ਚਰਚਾ ਹੀ ਵਿਸ਼ੇ ਨੂੰ ਸਮਝਣ 'ਚ ਸਹਾਇਕ ਹੋਵੇਗੀ। ਗੁਰੂ ਨਾਨਕ ਸਾਹਿਬ ਦੇ ਜੀਵਨ ਫਲਸਫੇ ਤੋਂ ਪ੍ਰਭਾਵਿਤ ਹੋਣ ਵਾਲੇ ਲੋਗ ਪੁਰਾਤਨ ਪ੍ਰੰਪਰਾਵਾਂ, ਧਾਰਮਿਕ, ਸਮਾਜਿਕ ਬੰਧਨਾਂ ਨੂੰ ਤਿਆਗ ਕੇ ਹੀ ਉਨ੍ਹਾਂ ਦੇ ਅਨੁਆਈ ਬਣੇ। ਇਤਿਹਾਸਕ ਸ੍ਰੋਤ ਗਵਾਹ ਹਨ ਕਿ ਸਮਾਜ ਅੰਦਰ ਆਪਣੇ ਗੁਣਾਂ ਤੇ ਆਚਾਰ ਵਿਵਹਾਰ ਕਾਰਨ ਸਿੱਖਾਂ ਦੀ ਵੱਖ ਪਛਾਣ ਕਾਇਮ ਹੋ ਗਈ ਸੀ। ਅੱਜ ਸਿੱਖ ਦੀ ਪਛਾਣ ਪੂਰੀ ਤਰ੍ਹਾਂ ਬਦਲੀ ਵਿਖਾਈ ਦੇ ਰਹੀ ਹੈ। ਭੜਕੀਲੇ, ਚਮਕਦਾਰ ਰੰਗ, ਮਸਾਲੇਦਾਰ ਭੋਜਨ , ਆਲੀਸ਼ਾਨ ਮਕਾਨ, ਕੀਮਤੀ ਗੱਡਿਆਂ, ਮਹਿੰਗੀਆਂ ਦਾਵਤਾਂ, ਬੇਫਿਕਰੀ, ਸ਼ਾਹਖਰਚੀ ਆਦਿਕ ਸਿੱਖ ਦੇ ਨਾਲ ਜੁੜ ਗਏ ਹਨ। ਪੰਜਾਬ ਤੋਂ ਬਾਹਰ ਕਿਸੇ ਘਰ ਤੋਂ ਆਵਾਜ਼ਾਂ ਬਾਹਰ ਆ ਰਹੀਆਂ ਹੋਣ ਤਾਂ ਮੰਨ ਲਿਆ ਜਾਂਦਾ ਹੈ ਕਿ ਕਿਸੇ ਪੰਜਾਬੀ ਦਾ ਘਰ ਹੋਵੇਗਾ। ਭਾਸ਼ਾ ਦੀ ਮਰਿਆਦਾ ਤੋੜਨ ਵਿਚ ਸਿੱਖ ਸਭ ਤੋਂ ਅੱਗੇ ਹਨ। ਅਪਸ਼ਬਦ ਤੋਂ ਗੱਲ ਆਰੰਭ ਕਰਨਾ ਤੇ ਅਪਸ਼ਬਦ 'ਤੇ ਹੀ ਪੂਰੀ ਕਰਨਾ ਬਹੁਤ ਸਾਰੇ ਸਿੱਖਾਂ ਨੇ ਆਪਣਾ ਸੁਭਾਅ ਬਣਾ ਲਿਆ ਹੈ। ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਇਹੋ ਸਿਖ ਰਹੀਆਂ ਹਨ। ਹਰ ਮਨੁੱਖ ਆਪਣਾ ਜੀਵਨ ਆਪਣੀ ਰੁਚੀ ਅਨੁਸਾਰ ਜੀਵਨ ਲਈ ਸੁਤੰਤਰ ਹੈ। ਪਰ ਕੋਈ ਸਿੱਖ ਨਹੀਂ। ਕਿਉਂਕਿ ਇੱਕ ਸਿੱਖ ਦਾ ਜੀਵਨ ਗੁਰੂ ਲਈ ਹੁੰਦਾ ਹੈ। ਗੁਰੂ ਨੂੰ ਸਮਰਪਿਤ ਹੋ ਕੇ ਹੀ ਉਹ ਸਿੱਖ ਅਖਵਾਉਂਦਾ ਹੈ। ਉਸ ਦੀ ਪ੍ਰਤੀਬੱਧਤਾ ਗੁਰ ਸ਼ਬਦ ਨਾਲ ਹੈ। ਸਿੱਖ ਦੀ ਅੱਜ ਬਣ ਗਈ ਪਛਾਣ ਪ੍ਰਤੀਕ ਹੈ ਕਿ ਉਹ ਸੰਜਮ, ਸਹਿਜ ਤੇ ਸੰਤੋਖ ਤੋਂ ਦੂਰ ਹੋ ਗਿਆ ਹੈ, ਜੋ ਇੱਕ ਸਿੱਖ ਦੇ ਮੁੱਖ ਗੁਣ ਹਨ। ਅੱਜ ਦਾ ਸਿੱਖ ਭੇਖ ਤੋਂ ਸਿੱਖ ਹੋ ਸਕਦਾ ਹੈ ਪਰ ਮਨ, ਵਚਨ, ਕਰਮ ਤੋਂ ਨਹੀਂ। ਉਸ ਨੂੰ ਗੁਰੂ ਨਾਨਕ ਦਾ ਸਿੱਖ ਨਹੀਂ ਕਿਹਾ ਜਾ ਸਕਦਾ ਕਿਉਂਕਿ ਗੁਰੂ ਨਾਨਕ ਦਾ ਸਿੱਖ ਜਾਣਦਾ ਹੈ ਕਿ "ਹੋਰੁ ਖਾਣਾ", "ਹੋਰੁ ਪੈਨਣੁ", "ਹੋਰੁ ਚੜਨਾ" ਤੇ "ਹੋਰੁ ਸਉਣਾ" ਦੀ ਬਿਰਤੀ ਜੀਵਨ ਦੀਆਂ ਸਾਰੀਆਂ ਖੁਸ਼ੀਆਂ ਖੁਆਰ ਕਰਨ ਵਾਲੀ ਹੈ। ਪਰ ਅੱਜ ਤਾਂ ਹੋਰ, ਹੋਰ ਦਾ ਹੀ ਸ਼ੋਰ ਹੈ। ਲੋਭ, ਮੋਹ, ਹੰਕਾਰ, ਈਰਖਾ ਨੇ ਉਨ੍ਹਾਂ ਲਈ ਬੇਹਿਸਾਬ ਲਾਲਸਾ ਪੈਦਾ ਕਰ ਦਿੱਤੀ ਹੈ, ਜਿਨ੍ਹਾਂ ਨੂੰ ਨਾਸ਼ਵਾਨ ਕਹਿ ਕੇ ਗੁਰੂ ਸਾਹਿਬਾਨ ਨੇ ਸੁਚੇਤ ਕੀਤਾ ਸੀ। ਗੁਰੂ ਨਾਨਕ ਦੇ ਸਿੱਖ ਦਾ ਜੀਵਨ ਆਪਣੇ ਆਪ ਨੂੰ ਗੁਰੂ ਅੱਗੇ ਸਾਬਿਤ ਕਰਨ ਦਾ ਸੀ। ਗੁਰੂ ਦਾ ਹੁਕਮ ਵਿਸਾਰ ਕੇ ਸਿੱਖ ਅੱਜ ਦੁਨੀਆਂ ਅੱਗੇ ਆਪਣੇ ਆਪ ਨੂੰ ਸਾਬਿਤ ਕਰਨ ਲਈ ਦਿਨ-ਰਾਤ ਇੱਕ ਕਰ ਰਿਹਾ ਹੈ। ਇਸ ਬਿਰਤੀ ਨੇ ਸਿੱਖ ਸਮਾਜ ਦੀ ਸਥਿਤੀ ਹਾਸੋਹੀਣੀ ਕਰ ਦਿੱਤੀ ਹੈ। ਦੁਖੀ ਮਨ ਨਾਲ ਇਹ ਸਵੀਕਾਰ ਕਰਨਾ ਚਾਹੀਦੇ ਕਿ ਸਿੱਖ ਅੱਜ ਗੰਭੀਰਤਾ ਨਾਲ ਨਹੀਂ ਲਏ ਜਾ ਰਹੇ ਹਨ।

ਵਿਖਾਵੇ ਕੀਤੇ ਤਾਂ ਜਾਂਦੇ ਹਨ ਸਮਾਜਿਕ ਪ੍ਰਤਿਸ਼ਠਾ ਪ੍ਰਾਪਤ ਕਰਨ ਲਈ, ਪਰ ਅੰਤ ਇਹ ਦਬਾਅ ਹੀ ਸਾਬਿਤ ਹੁੰਦੇ ਹਨ ਆਪਣੇ ਲਈ ਤੇ ਸਮਾਜ ਲਈ ਵੀ। ਕੋਈ ਪਿੱਛੇ ਨਹੀਂ ਰਹਿਣਾ ਚਾਹੁੰਦਾ। ਆਪਣੀ ਸਮਰੱਥਾ, ਯੋਗਤਾ ਨਜ਼ਰਅੰਦਾਜ਼ ਕਰ ਕੇ ਬਰਾਬਰੀ ਕਰਨ ਦੀ ਹੋੜ ਸਦਾ ਹੀ ਵਿਨਾਸ਼ਕਾਰੀ ਹੁੰਦੀ ਹੈ। ਸੰਨ 1947 ਤੋਂ ਬਾਅਦ ਦਾ ਇਤਿਹਾਸ ਇਹ ਕੌੜਾ ਸੱਚ ਸਾਹਮਣੇ ਲਿਆਉਂਦਾ ਹੈ ਕਿ ਘੱਟੋ-ਘੱਟ ਭਾਰਤ ਅੰਦਰ ਜਿੰਨੇ ਵੀ ਸਿੱਖ ਸਨੱਅਤ, ਵਪਾਰ ਦੇ ਖੇਤਰ ਵਿਚ ਉਭਰੇ, ਜ਼ਿਆਦਾ ਸਮਾਂ ਕਾਮਯਾਬੀ ਨਹੀਂ ਮਾਣ ਸਕੇ। ਉਨ੍ਹਾਂ ਦੇ ਪਤਨ ਦਾ ਮੂਲ ਕਾਰਨ ਸੰਜਮ ਨਾ ਹੋਣਾ ਸੀ। ਸਫਲ ਪਰਿਵਾਰ ਗੁਮਨਾਮੀ ਦੇ ਹਨੇਰੇ ਵਿਚ ਚਲੇ ਗਏ ਕਿਉਂਕਿ ਉਨ੍ਹਾਂ ਨੂੰ ਪ੍ਰਮਾਤਮਾ ਦੀਆਂ ਬਖ਼ਸ਼ੀਆਂ ਦਾਤਾਂ ਦੀ ਵਰਤੋਂ ਕਰਨਾ ਨਹੀਂ ਆਇਆ। ਜਤਨ ਸੁੱਖ ਮਾਣਨ ਦੇ ਕੀਤੇ ਪਰ ਦੁੱਖ ਹਿੱਸੇ ਆਏ।

ਸਮਾਜਿਕ ਜੀਵਨ ਵਿਚ ਰੰਗ, ਰਸ ਤੇ ਨਾਦ ਦੀ ਖ਼ਾਸ ਮਹੱਤਤਾ ਹੈ। ਭਾਈ ਦਯਾ ਸਿੰਘ ਦੇ ਰਹਿਤਨਾਮੇ ਵਿਚ ਕਿਹਾ ਗਿਆ ਹੈ ਕਿ ਸਿੱਖ ਸੁਰਮਈ, ਸ੍ਵੈਤ, ਪੀਤ, ਹਰਿਤ ਵਸਤਰ ਧਾਰਨ ਕਰੇ। ਇਸ ਦਾ ਭਾਵ ਪਹਿਰਾਵੇ ਦੀ ਸਾਦਗੀ ਤੋਂ ਹੈ, ਜਿਸ ਨਾਲ ਚਿੱਤ ਵਿਕਾਰ ਨਾ ਪੈਦਾ ਹੋਣ। ਸ਼ੋਖ਼, ਚਟਕੀਲੇ ਰੰਗਾਂ ਦੀ ਨਿਖੇਧੀ ਕੀਤੀ ਗਈ ਹੈ "ਪਹਿਰੈ ਨਹੀਂ ਕਸੁੰਭਾ ਰੂਰ"। ਸਿੱਖ ਅੱਜ ਰੰਗ ਦੀ ਮਹੱਤਤਾ ਤੋਂ ਪੂਰੀ ਤਰ੍ਹਾਂ ਅਨਜਾਣ ਹਨ। ਬਾਜ਼ਾਰਾਂ ਅੰਦਰ ਵੱਖ ਦੁਕਾਨਾਂ ਮਿਲ ਜਾਣਗੀਆਂ, ਜੋ ਸਿੱਖਾਂ ਦੀ ਪਸੰਦ ਦੇ ਕੱਪੜੇ ਰੱਖਦੀਆਂ ਹਨ। ਸਿੱਖ ਦੀ ਦਸਤਾਰ ਦੇ ਵੀ ਨਵੇਂ-ਨਵੇਂ ਰੰਗ ਬਾਜ਼ਾਰ ਵਿਚ ਆਉਂਦੇ ਰਹਿੰਦੇ ਹਨ। ਸਿੱਖਾਂ ਦੀ ਜਿਹਵਾ ਦੇ ਸਵਾਦ ਨੇ ਪੂਰੀ ਦੁਨੀਆਂ ਵਿਚ ਖਾਲਸਾ ਜਾਂ ਪੰਜਾਬੀ ਢਾਬੇ ਖੋਲ੍ਹ ਦਿੱਤੇ ਹਨ। ਸ਼ਰਾਬ ਨੂੰ ਤਾਂ ਸਿੱਖਾਂ ਦੀ ਆਦਤ ਤੋਂ ਜ਼ਿਆਦਾ ਫਿਲਮਾਂ, ਗਾਣਿਆਂ ਤੇ ਕੂੜ ਪ੍ਰਚਾਰ ਨੇ ਸਮਾਜਿਕ ਡ੍ਰਿੰਕ ਬਣਾ ਦਿੱਤਾ ਹੈ। ਕੋਈ ਗੁਰਸਿੱਖ ਦੱਸੇ ਕਿ ਉਹ ਸ਼ਰਾਬ ਨਹੀਂ ਪਿਉਂਦਾ ਤਾਂ ਗੈਰ ਸਿੱਖ ਬੇਭਰੋਸਗੀ ਨਾਲ ਵੇਖਦਾ ਹੈ। ਇਵੇਂ ਹੀ ਸ਼ੋਰ ਭਰਿਆ ਸੰਗੀਤ, ਅਸ਼ਲੀਲ ਗਾਣੇ, ਬੇਤੁਕੇ ਨਾਚ ਸਿੱਖ ਦੇ ਅਕਸ ਦਾ ਹਿੱਸਾ ਬਣਾ ਦਿੱਤੇ ਗਏ ਹਨ। ਗੁਰੂ ਦੀ ਅਨਹਦ ਨਾਦ ਦੀ ਪ੍ਰਤੀਤਿ ਬਸ ਗੁਰਬਾਣੀ ਦਾ ਵਿਸ਼ਾ ਬਣ ਕੇ ਰਹਿ ਗਈ ਹੈ। ਸਿੱਖ ਦੀ ਇਹ ਪਛਾਣ ਉਸ ਨੂੰ ਗੁਰੂ, ਗੁਰੂ ਦੀ ਮਹਾਨ ਵਿਰਾਸਤ, ਗੁਰੂ ਦੇ ਹੁਕਮ ਤੋਂ ਨਿਖੇੜ ਕੇ ਉਸ ਦੀ ਹੋਂਦ ਹੀ ਸੰਕਟ ਵਿਚ ਪਾ ਰਹੀ ਹੈ। ਬਹੁਤ ਸਾਰੇ ਲੋਕ ਜਿਨ੍ਹਾਂ ਵਿਚ ਬਹੁਗਿਣਤੀ ਸਿੱਖ ਵੀ ਸ਼ਾਮਲ ਹਨ, ਗੁਰਸਿੱਖੀ ਬਾਰੇ ਨਹੀਂ ਜਾਣਦੇ। ਜਿਨ੍ਹਾਂ ਨੂੰ ਗੁਰਸਿੱਖੀ ਦੀ ਕਿਣਕਾ ਮਾਤਰ ਵੀ ਸਮਝ ਹੈ, ਉਹ ਸੌਖਾ ਸਮਝ ਸਕਦੇ ਹਨ ਕਿ ਇਹ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦਾ ਸਮਾਜ ਨਹੀਂ ਹੈ। ਅੱਜ ਦੇ ਸਿੱਖਾਂ ਵਿਚ ਕੋਈ ਬਾਬਾ ਬੁੱਢਾ ਜੀ, ਭਾਈ ਲਹਿਣਾ ਜੀ, ਭਾਈ ਲਾਲੋ ਜੀ ਨਜ਼ਰ ਨਹੀਂ ਆਉਂਦਾ। ਕੋਈ ਦੱਸਣ ਵਾਲਾ ਵੀ ਨਹੀਂ ਹੈ ਕਿ ਅੱਜ ਸਮਾਜ ਕਿਸ ਬਿਖਮ ਮੁਹਾਨੇ 'ਤੇ ਖੜ੍ਹਾ ਹੈ। ਗੁਰਬਾਣੀ ਦਾ ਕੀਰਤਨ ਕਰਨ ਵਾਲੇ, ਗੁਰੂ ਸਾਹਿਬਾਨ ਦੇ ਜੀਵਨ ਕਾਲ ਤੋਂ ਬਹੁਤ ਬਾਅਦ ਲਿਖੀਆਂ ਸਾਖੀਆਂ ਸੁਣਾਉਣ ਵਾਲੇ ਬਹੁਤ ਹਨ। ਲੋੜ ਹੈ ਗੁਰਬਾਣੀ ਦੇ ਸਮਾਜਿਕ ਸੰਦਰਭ ਵਿਚਾਰਨ ਦੀ। ਸਿੱਖ ਪੰਥ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁੱਖ ਤੌਰ 'ਤੇ ਗੌਰਵਮਈ ਵਿਰਸੇ ਵਾਲੀ ਸੰਸਥਾ ਹੈ, ਜਿਸ ਦਾ ਮੂਲ ਮਨੋਰਥ ਗੁਰਦੁਆਰਾ ਪ੍ਰਬੰਧਨ ਹੈ। ਸਥਾਨਕ ਤਲ 'ਤੇ ਵੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਹੀ ਸਿੱਖ ਸੰਸਥਾਵਾਂ ਦੇ ਰੂਪ ਵਿਚ ਕਾਰਜਸ਼ੀਲ ਹਨ। ਸਮਾਜਿਕ ਪੱਧਰ 'ਤੇ ਕਾਰਜਸ਼ੀਲ ਸੰਗਠਨ ਨਾ ਬਰਾਬਰ ਹੀ ਹਨ। ਸਮਾਜ ਤੇ ਧਰਮ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਸਮਾਜ ਤੇ ਧਰਮ ਦੋਵੇਂ ਇੱਕ ਦੂਜੇ 'ਤੇ ਟਿਕੇ ਹੋਣ ਕਾਰਨ ਧਾਰਮਿਕ ਸੰਸਥਾਵਾਂ ਦੀ ਜ਼ਿੰਮੇਵਾਰੀ ਬਣਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਜਸੀ ਲੋੜ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ ਸੀ। ਅੱਜ ਸਮਾਜਿਕ ਲੋੜ ਹੈ, ਤਾਂ ਸ਼੍ਰੋਮਣੀ ਕਮੇਟੀ ਨੂੰ ਤੱਤਕਾਲ ਇੱਕ ਸਮਾਜਿਕ ਸੰਸਥਾ ਦੇ ਗਠਨ ਬਾਰੇ ਸੋਚਣਾ ਚਾਹੀਦੇ। ਜੇ ਸਮਾਜ ਹੀ ਗੁਰੂ ਦੇ ਉਪਦੇਸ਼ਾਂ ਦੇ ਉਲਟ ਚੱਲੇਗਾ, ਤਾਂ ਧਰਮ ਪ੍ਰਚਾਰ ਦੀ ਜ਼ਮੀਨ ਕਿੱਥੇ ਬਚੇਗੀ। ਸਿੱਖ ਦਾ ਅੰਮ੍ਰਿਤ ਵੇਲੇ ਨਾ ਜਾਗਣਾ, ਨਿਤਨੇਮ ਨਾ ਕਰਨਾ, ਗੁਰਬਾਣੀ ਨਾਲ ਨਾ ਜੁੜਨਾ ਚਿੰਤਾ ਦਾ ਵਿਸ਼ਾ ਹੈ, ਤਾਂ ਉਸ ਦੇ ਵਿਖਾਵੇ, ਭੋਗ ਵਿਲਾਸ ਦੀ ਬਿਰਤੀ, ਲੋਭ, ਹੰਕਾਰ ਦੀ ਭਾਵਨਾ ਵੀ ਪੰਥ ਦਾ ਸਵਰੂਪ ਵਿਗਾੜਨ ਵਾਲੀ ਹੈ। ਵਿਖਾਵੇ ਹੀ ਨਹੀਂ, ਸਿੱਖ ਪੰਥ ਅੰਦਰ ਜਾਤਵਾਦ, ਖੇਤਰਵਾਦ, ਪਦਾਰਥਵਾਦ ਦੀਆਂ ਚੁਣੌਤੀਆਂ ਵੀ ਵੱਡੀਆਂ ਹਨ। ਇਹ ਸਮਝਣ ਦੀ ਲੋੜ ਹੈ ਹਰ ਸਿੱਖ ਪ੍ਰਤੱਖ ਤੌਰ 'ਤੇ ਗੁਰੂ ਨਾਨਕ ਨਾਲ ਜੁੜਿਆ ਹੋਇਆ ਹੈ। ਉਸ ਦੀ ਵਡਿਆਈ ਗੁਰੂ ਦੀ ਵਡਿਆਈ ਹੈ ਤੇ ਉਸ ਦੇ ਅਉਗੁਣ ਗੁਰੂ ਦਾ ਨਿਰਾਦਰ ਹਨ। ਇਸ ਨੂੰ ਹੋਰ ਅਨਦੇਖਾ ਕਰਨਾ ਆਤਮਘਾਤ ਹੋਵੇਗਾ।



# ਮਨੁੱਖੀ ਜੀਵਨ ਦਾ ਭਵਿੱਖ ਬਹੁਤ ਧੁੰਦਲਾ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955



ਅੱਜ ਦੇ ਸਮਾਜ ਦੇ ਹਰ ਖੇਤਰ ਦੀ ਦਸ਼ਾ ਦੇਖਦੇ ਹੋਏ ਮਨ ਦੁਬਿਧਾ ਵਿਚ ਪੈ ਜਾਂਦਾ ਹੈ ਕਿ ਮਨੁੱਖੀ ਭਵਿੱਖ ਬਹੁਤ ਧੁੰਦਲਾ ਹੈ। ਕਿਉਂਕਿ ਹਰ ਖੇਤਰ ਭਾਵੇਂ ਉਹ ਰਾਜਨੀਤਿਕ ਹੈ, ਧਾਰਮਿਕ ਹੈ, ਵਿੱਦਿਅਕ ਹੈ, ਮੈਡੀਕਲ ਹੈ, ਪੁਲਿਸ ਡਿਪਾਰਟਮੈਂਟ ਹੈ ਜਾਂ ਨਿਆਂਪਾਲਿਕਾ ਹੈ, ਸਭ ਵਿਚ ਭ੍ਰਿਸ਼ਟਾਚਾਰ, ਫਰਜ਼ ਦੀ ਕੁਤਾਹੀ ਤੇ ਵੱਢੀਖੋਰੀ ਦਾ ਬੋਲਬਾਲਾ ਹੈ। ਜਦੋਂ ਵਿਸ਼ੇਸ਼ ਵਿਅਕਤੀਆਂ ਦੀ ਇਹ ਦਸ਼ਾ ਹੈ, ਭਾਵ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ, ਤਾਂ ਖੇਤ ਫਿਰ ਕਿਵੇਂ ਬਚੇਗਾ? 'ਰਾਜੇ ਸ਼ੀਂਹ ਮਕੱਦਮ ਕੁਤੇ' ਵਾਲੀ ਗੱਲ ਹੋ ਚੁੱਕੀ ਹੈ, ਜਿਹੜੀ ਅੱਜ ਤੋਂ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਹੋਰਾਂ ਨੇ ਕਹੀ ਸੀ। ਸਾਰੇ ਸਮਾਜ ਦੀ ਦਸ਼ਾ ਹੀ ਉਸ ਵੇਲੇ ਦੇ ਸਮਾਜ ਵਾਲੀ ਹੋ ਚੁੱਕੀ ਹੈ, ਜਿਹੜੀ ਉਸ ਵੇਲੇ ਦੇ ਸਮਾਜ ਦੀ ਤਸਵੀਰ ਉਨ੍ਹਾਂ ਨੇ ਖਿੱਚੀ ਸੀ। ਇਸ ਦਾ ਕਾਰਨ ਸਾਫ ਹੈ ਕਿ ਮਨੁੱਖੀ ਸੋਚ ਬਦਲ ਚੁੱਕੀ ਹੈ। ਮਨੁੱਖ ਇੰਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਤੋਂ ਬਿਨਾਂ ਕੁੱਝ ਵੀ ਹੋਰ ਨਜ਼ਰ ਨਹੀਂ ਆਉਂਦਾ। ਪੈਸੇ ਦੇ ਬਦਲੇ ਵਿਚ ਰਿਸ਼ਤੇਦਾਰੀਆਂ, ਨੈਤਿਕ, ਮਨੁੱਖੀ ਕਦਰਾਂ-ਕੀਮਤਾਂ ਕੁੱਝ ਵੀ ਨਹੀਂ।

ਅੱਜ ਦਾ ਮਨੁੱਖ ਇਸ ਕਦਰ ਅਹੰਕਾਰੀ ਤੇ ਈਰਖਾਵਾਦੀ ਹੋ ਗਿਆ ਹੈ ਕਿ ਉਹ ਆਪਣਾ ਉੱਲੂ ਸਿੱਧਾ ਕਰਨ ਲਈ ਕੁੱਝ ਵੀ ਕਰ ਸਕਦਾ ਹੈ। ਨਿਮਰਤਾ, ਸਹਿਣਸ਼ੀਲਤਾ, ਸਬਰ-ਸੰਤੋਖ ਖੰਭ ਲਾ ਕੇ ਮਨੁੱਖ ਕੋਲੋਂ ਉੱਡ ਗਏ ਹਨ, ਜਿਸ ਕਰਕੇ ਪਰਿਵਾਰਾਂ ਵਿਚ ਸ਼ਾਂਤੀ ਨਹੀਂ। ਤਲਾਕ ਪੰਜਾਬੀ ਭਾਈਚਾਰੇ ਵਿਚ ਵੀ ਗੋਰਿਆਂ ਵਾਂਗੂੰ ਹੋਣੇ ਆਰੰਭ ਹੋ ਗਏ ਹਨ। ਬੱਚੇ ਆਪਹੁਦਰੇ ਹੋ ਰਹੇ ਹਨ। ਸੰਯੁਕਤ ਪਰਿਵਾਰਾਂ ਬਾਰੇ ਤਾਂ ਕੀ ਕਹਿਣਾ ਹੈ। ਮਾਨਵੀ ਗਲਤੀ ਕਾਰਨ ਕਿੰਨੀਆਂ ਘਟਨਾਵਾਂ ਹੋ ਰਹੀਆਂ ਹਨ। ਹਰ ਰੋਜ਼ ਐਕਸੀਡੈਂਟ, ਗੱਡੀਆਂ ਵਿਚ ਬੰਬ ਧਮਾਕੇ, ਸੜਕ ਹਾਦਸਿਆਂ ਵਿਚ ਇੰਨੀਆਂ ਮੌਤਾਂ ਹੋ ਰਹੀਆਂ ਹਨ ਕਿ ਮਨੁੱਖ ਦੇਖ ਕੇ ਤੇ ਸੁਣ ਕੇ ਅਸਚਰਜ ਰਹਿ ਜਾਂਦਾ ਹੈ ਕਿ ਮਨੁੱਖਤਾ ਦਾ ਕੀ ਬਣੇਗਾ? ਜੇਕਰ ਇਸੇ ਰਫਤਾਰ ਨਾਲ ਦੁਰਘਟਨਾਵਾਂ ਹੁੰਦੀਆਂ ਰਹੀਆਂ ਜਾਂ ਮਨੁੱਖ ਜਾਤੀ ਦਾ ਘਾਣ ਹੁੰਦਾ ਰਿਹਾ, ਤਾਂ ਦਸ਼ਾ ਬਹੁਤ ਚਿੰਤਾਜਨਕ ਹੋ ਜਾਵੇਗੀ। ਇਨ੍ਹਾਂ ਗੱਲਾਂ ਦਾ ਸੰਬੰਧ ਤਾਂ ਮਾਨਵੀ ਗਲਤੀਆਂ ਨਾਲ ਹੈ। ਯਤਨ ਕਰਨ ਨਾਲ ਇਹ ਸਭ ਕੁੱਝ ਠੀਕ ਹੋ ਸਕਦਾ ਹੈ। ਜੇਕਰ ਸਰਕਾਰਾਂ ਵਿਚ ਯੋਗ ਨੁਮਾਇੰਦੇ ਲੋਕਾਂ ਵੱਲੋਂ ਚੁਣ ਕੇ, ਸੰਸਦ ਤੇ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਵਿਚ ਭੇਜੇ ਜਾਣ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਹ ਸਭ ਕੁੱਝ ਤਾਂ ਹੀ ਸੰਭਵ ਹੈ, ਜੇਕਰ ਵੋਟਰ ਸਿਆਣਾ, ਸੂਝਵਾਨ ਤੇ ਨਿੱਜੀ ਸੁਆਰਥਾਂ ਤੋਂ ਉਪਰ ਉੱਠ ਕੇ ਨੈਤਿਕਤਾ ਪੱਖੋਂ ਸ਼ਕਤੀਸ਼ਾਲੀ ਹੋਵੇ, ਜਿਹੜਾ ਕਿ ਇਸ ਵੇਲੇ ਕੋਈ ਦਿਖਾਈ ਨਹੀਂ ਦਿੰਦਾ।

ਵਿਅਕਤੀ ਤੇ ਸਮਾਜ ਤੋਂ ਬਾਅਦ ਕੁਦਰਤ ਵੀ ਇਨ੍ਹਾਂ ਸਾਰੀਆਂ ਚੀਜ਼ਾਂ ਲਈ ਜ਼ਿੰਮੇਵਾਰ ਹੈ। ਵਿਅਕਤੀ ਤੇ ਸਮਾਜ ਇਕੱਠੇ ਹੋ ਕੇ ਸੁਧਾਰ ਕਰ ਸਕਦੇ ਹਨ। ਭਾਵੇਂ ਕਿ ਕਠਿਨ ਜਾਪਦਾ ਹੈ ਪਰ ਕੁਦਰਤੀ ਆਫਤਾਂ ਨੂੰ ਮਨੁੱਖ ਕਿਵੇਂ ਪਾਰ ਕਰੇਗਾ? ਮਨੁੱਖ ਪਾਸ ਇੰਨੀ ਸ਼ਕਤੀ ਅਜੇ ਨਹੀਂ ਆਈ ਕਿ ਉਹ ਕੁਦਰਤੀ ਆਫਤਾਂ 'ਤੇ ਕਾਬੂ ਪਾ ਸਕੇ। ਉਂਜ ਤਾਂ ਭਾਵੇਂ ਮਨੁੱਖ ਨੇ ਚੰਦ 'ਤੇ ਜਾਣ ਦੀ ਤਿਆਰੀ ਆਰੰਭ ਦਿੱਤੀ ਹੈ ਕਿ ਖੋਜ ਸ਼ੁਰੂ ਹੈ ਕਿ ਉਥੇ ਕੀ ਹੈ? ਮੌਸਮ ਵਿਚ ਪਰਿਵਰਤਨ, ਗਰਮੀ, ਸਰਦੀ ਵਿਚ ਪੁਰਾਣੇ ਰਿਕਾਰਡ ਬੀਟ ਹੋ ਰਹੇ ਹਨ। ਪ੍ਰਦੂਸ਼ਣ ਇੰਨਾ ਵਧ ਰਿਹਾ ਹੈ ਕਿ ਮਨੁੱਖ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਦੁਨੀਆਂ ਦੇ ਬਹੁਤ ਭਾਗਾਂ ਵਿਚ ਪਾਣੀ ਦੀ ਸਮੱਸਿਆ ਦਿਨ-ਬ-ਦਿਨ ਵਧ ਰਹੀ ਹੈ। ਪਾਣੀ ਥੱਲੇ ਜਾ ਰਿਹਾ ਹੈ। ਪਾਣੀ ਨੂੰ ਖੇਤੀ ਲਈ ਵਰਤਣ ਦੀ ਗੱਲ ਤਾਂ ਇਕ ਪਾਸੇ ਰਹੀ, ਪਾਣੀ ਦੀ ਤਾਂ ਪੀਣ ਦੀ ਸਮੱਸਿਆ ਵੀ ਆ ਸਕਦੀ ਹੈ। ਉਸ ਸੂਰਤ ਵਿਚ ਫਿਰ ਮਨੁੱਖੀ ਜੀਵਨ ਖਤਰੇ ਵਿਚ ਪੈ ਸਕਦਾ ਹੈ। ਇਸ ਤੋਂ ਪਹਿਲਾਂ ਕਦੀ ਇੰਨੇ ਭੂਚਾਲ ਨਹੀਂ ਆਏ ਸਨ ਅਤੇ ਨਾ ਹੀ ਸੁਨਾਮੀ ਲਹਿਰਾਂ ਵਰਗੀਆਂ ਕੁਦਰਤੀ ਆਫਤਾਂ ਦੇਖੀਆਂ ਸਨ। ਜੇ ਇਸ ਤਰ੍ਹਾਂ ਹੀ ਸਭ ਕੁੱਝ ਹੁੰਦਾ ਰਿਹਾ, ਤਾਂ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਮਨੁੱਖੀ ਜੀਵਨ ਦਾ ਭਵਿੱਖ ਕੀ ਹੋਵੇਗਾ? ਇਸ ਬਾਰੇ ਸਰਕਾਰਾਂ, ਧਾਰਮਿਕ ਆਗੂਆਂ, ਵਿਗਿਆਨੀਆਂ, ਸਮਾਜ ਸ਼ਾਸਤਰੀਆਂ, ਦਾਰਸ਼ਨਿਕਾਂ ਤੇ ਮਨੋਵਿਗਿਆਨੀਆਂ ਲਈ ਚਿੰਤਾ ਦਾ ਵਿਸ਼ਾ ਹੈ, ਜਿਸ ਬਾਰੇ ਇਨ੍ਹਾਂ ਨੂੰ ਸੋਚਣ ਦੀ ਲੋੜ ਹੈ, ਤਾਂ ਜੋ ਜਿੰਨਾ ਸੰਭਵ ਹੋ ਸਕੇ, ਕੀਤਾ ਜਾਵੇ।

ਦੁਨੀਆਂ ਵਿਚ ਵਧ ਰਹੀ ਆਬਾਦੀ ਵੀ ਚਿੰਤਾ ਦਾ ਵਿਸ਼ਾ ਹੈ, ਪਰ ਸਰਕਾਰਾਂ ਦਾ ਇਸ ਵੱਲ ਕੋਈ ਧਿਆਨ ਨਹੀਂ। ਕੋਰੋਨਾਵਾਇਰਸ ਵਰਗੀਆਂ ਬਿਮਾਰੀਆਂ ਵੀ ਮਨੁੱਖੀ ਭਵਿੱਖ ਲਈ ਖਤਰਾ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖੀ ਦੁਖਾਂਤ ਲਈ ਕੁਦਰਤ ਬਹੁਤ ਵੱਡੀ ਜ਼ਿੰਮੇਵਾਰ ਹੈ। ਮਨੁੱਖ ਪਾਸ ਕੁਦਰਤ ਦਾ ਮੁਕਾਬਲਾ ਕਰਨ ਲਈ ਸ਼ਕਤੀ ਨਹੀਂ। ਇਸ ਕਰਕੇ ਕੁਦਰਤ ਦੇ ਭਾਣੇ ਨੂੰ ਮੰਨ ਲੈਣਾ ਚਾਹੀਦਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਤੇਰਾ ਕੀਆ ਮੀਠਾ ਲਾਗੈ॥" ਪਰ ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ, ਮਨੁੱਖ ਦਾ ਬੁਰਾ ਨਾ ਕਰੇ, ਜਿਵੇਂ ਸਿੱਖ ਧਰਮ ਵਿਚ ਮਨੁੱਖ ਨੂੰ ਸ਼ੁੱਭ ਅਮਲ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ: ਸ਼ੁਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁੱਭ ਅਮਲਾਂ ਬਾਝੋਂ ਦੋਨੋਂ ਰੋਇ॥" ਇਸ ਲਈ ਮਨੁੱਖ ਨੂੰ ਕਦੀ ਗਲਤ ਕੰਮ ਨਹੀਂ ਕਰਨਾ ਚਾਹੀਦਾ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ।" ਕਿਸੇ ਦਾ ਬੁਰਾ ਨਾ ਕਰੋ ਅਤੇ ਜਿੰਨਾ ਹੋ ਸਕੇ ਭਲਾ ਕਰੋ, ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ, ਕਿਸੇ ਦਾ ਹੱਕ ਨਾ ਖਾਓ। ਨਿਮਰਤਾ ਦੇ ਧਾਰਨੀ ਬਣੋਂ, ਜਿਵੇਂ : ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ, ਗੁਣ ਚੰਗਿਆਈਆਂ ਤਤੁ॥"

# ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ

-ਦਿਲਜੀਤ ਸਿੰਘ ਬੇਦੀ
(Punjab Mail USA)



ਇਤਿਹਾਸਕ ਪੱਧਰ ’ਤੇ ਅੰਮ੍ਰਿਤਸਰ ਸ਼ਹਿਰ ਨੂੰ ਖੁੱਲ੍ਹੀ ਅੱਖ ਨਾਲ ਵੇਖਣਾ ਹੋਵੇ, ਤਾਂ ਗੁਰਦੁਆਰਾ ਅਟੱਲ ਰਾਏ ਜੀ, ਮੀਨਾਰ ਬੁੰਗਾ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਦੀਆਂ ਉਚੀਆਂ ਇਮਾਰਤਾਂ ਸਹਾਈ ਸਿੱਧ ਹੁੰਦੀਆਂ ਹਨ। ਹੁਣ ਸ਼ਹਿਰ ਦੀ ਤੇਜ਼ਗਤੀ ਵਿਕਾਸ ਨਾਲ ਬਹੁਤ ਸਾਰੀਆਂ ਇਮਾਰਤਾਂ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਉਸਰ ਗਈਆਂ ਹਨ, ਪਰ ਭੂਗੋਲਿਕ ਸੁਰੱਖਿਆ ਪੱਖ ਤੋਂ ਇਹ ਪੁਰਾਤਨ ਇਤਿਹਾਸਕ ਤਿੰਨੇ ਇਮਾਰਤਾਂ ਤੋਂ ਦੁਸ਼ਮਣ ਨੂੰ ਦੂਰੋਂ ਆਉਂਦੇਂ ਨੂੰ ਵੇਖ ਲੈਣ ਵਿਚ ਪੂਰਨ ਸਹਾਈ ਸਨ। ਅਕਾਲੀ ਬਾਬਾ ਫੂਲਾ ਸਿੰਘ ਦਾ ਬੁਰਜ, ਅੰਮ੍ਰਿਤਸਰ ਵਿਖੇ ਸ਼ੇਰਾਂ ਵਾਲੇ ਦਰਵਾਜ਼ੇ ਦੇ ਕੋਲ, ਘਿਉ ਮੰਡੀ ਦੇ ਬਾਹਰਵਾਰ ਬਣਿਆ ਹੋਇਆ ਹੈ। ਹੁਣ ਇਹ ਚੌਂਕ ਅਕਾਲੀ ਫੂਲਾ ਸਿੰਘ ਚੌਂਕ ਬਣ ਗਿਆ ਹੈ ਅਤੇ ਘਿਉ ਮੰਡੀ ਚੌਂਕ ਬਾਬਾ ਜੱਸਾ ਸਿੰਘ ਆਹਲੂਵਾਲੀਆ ਚੌਂਕ ਬਣ ਚੁੱਕਾ ਹੈ। ਇਥੇ ਮੀਰੀ-ਪੀਰੀ ਦੇ ਮਾਲਕ ਦੇਗ-ਤੇਗ਼ ਦੇ ਧਨੀ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ (ਵਰ) ਬਚਨਾਂ ਨਾਲ ਅਤੇ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜਿਆ ਨਿਵਾਜਿਆ ਖਾਲਸਾ ਪੰਥ ਬੁੱਢਾ ਦਲ ਦੇ ਨਿਹੰਗਾਂ ਸਿੰਘਾਂ ਦੀ ਛਾਉਣੀ ਹੈ। ਇਹ ਥਾਂ ਮਹਾਰਾਜਾ ਰਣਜੀਤ ਸਿੰਘ ਨੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਤੇ ਉਸ ਦੇ ਜਥੇ ਨੂੰ ਜਗੀਰ ਵਜੋਂ ਦਿੱਤੀ ਸੀ। ਜਦੋਂ ਅਕਾਲੀ ਜੀ ਅੰਮ੍ਰਿਤਸਰ ਹੁੰਦੇ ਸਨ, ਤਾਂ ਆਪਣੇ ਜਥੇ ਸਮੇਤ ਛਾਉਣੀ ਵਿਚ ਹੀ ਨਿਵਾਸ ਕਰਿਆ ਕਰਦੇ ਸਨ। ਅਕਾਲੀ ਫੂਲਾ ਸਿੰਘ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਰਹੇ ਹਨ। ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਦੇ ਬਾਵਜੂਦ ਵੀ ਉਨ੍ਹਾਂ ਅਕਾਲ ਤਖ਼ਤ ਦੇ ਕਿਸੇ ਹਿੱਸੇ ਨੂੰ ਆਪਣੇ ਰਹਿਣ ਜਾਂ ਠਹਿਰਨ ਦਾ ਸਥਾਨ ਨਹੀਂ ਸੀ ਬਣਾਇਆ। ਦਿਨ ਭਰ ਦੀ ਸੇਵਾ ਸੰਭਾਲ ਅਤੇ ਸ਼ਾਮ ਦੇ ਦੀਵਾਨ ਮਗਰੋਂ ਉਹ ਆਪਣੇ ਡੇਰੇ (ਨਿਹੰਗਾਂ ਸਿੰਘਾਂ ਦੀ ਛਾਉਣੀ) ਪਰਤ ਆਉਂਦੇ ਸਨ। ਇਥੇ ਹੀ ਉਨ੍ਹਾਂ ਦੇ ਜਥੇ ਲਈ ਗੁਰੂ ਕਾ ਲੰਗਰ ਪਕਦਾ ਤੇ ਸਾਰੇ ਸਿੰਘਾਂ ਵਿਚ ਵਰਤਦਾ ਸੀ। ਇਸ ਲੰਗਰ ਵਿਚੋਂ ਆਏ ਗਏ ਤੇ ਲੋੜਵੰਦ ਸੰਗਤਾਂ ਨੂੰ ਵੀ ਛਕਾਇਆ ਜਾਂਦਾ। ਇਸੇ ਅਸਥਾਨ ’ਤੇ ਪਹਿਲਾਂ ਬੁੱਢਾ ਦਲ ਦੇ ਪੰਜਵੇਂ ਮੁਖੀ ਬਾਬਾ ਨੈਣਾਂ ਸਿੰਘ ਧਰਮ ਪਿਤਾ ਅਕਾਲੀ ਬਾਬਾ ਫੂਲਾ ਸਿੰਘ ਦਾ ਪੜਾ ਹੋਇਆ ਕਰਦਾ ਸੀ, ਉਨ੍ਹਾਂ ਦੀ ਨਿਗਰਾਨੀ ਹੇਠ ਅੱਸੀ ਹਜ਼ਾਰ ਘੋੜ ਸਵਾਰ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਰਾਖੀ ਵਾਸਤੇ ਤਿਆਰ-ਬਰ-ਤਿਆਰ ਰਹਿੰਦੇ ਸਨ।

ਬੁੱਢਾ ਦਲ ਦੀ ਛਾਉਣੀ ਵਿਚ ਹੀ ਬੁਰਜ ਨਿਸ਼ਾਨ ਅਕਾਲੀ ਬਾਬਾ ਫੂਲਾ ਸਿੰਘ ਦੀ ਮੌਜੂਦਾ ਇਮਾਰਤ ਵੀਹਵੀਂ ਸਦੀ ਦੇ ਸ਼ੁਰੂ ਵਿਚ ਸੰਗਤਾਂ ਦੀ ਇਕੱਠੀ ਕੀਤੀ ਗਈ ਮਾਇਆ ਨਾਲ ਬਣਾਈ ਗਈ। ਇਹ ਸੱਤ ਮੰਜ਼ਿਲਾਂ ਇਮਾਰਤ ਹੈ। ਵੇਖਣ ਵਿਚ ਇਹ ਬੁਰਜ ਸਾਦਾ ਪਰ ਅਕਾਲੀ ਜੀ ਦੇ ਆਪਣੇ ਜੀਵਨ ਵਾਂਗ ਬੜਾ ਮਜ਼ਬੂਤ ਤੇ ਸਵੈ-ਮਾਨ ਦਾ ਸੂਚਕ ਹੈ। ਇਸ ਬੁਰਜ ਦੀ ਬਨਾਵਟ ਬੜੀ ਸਾਦਾ, ਠਿੱਗਰ ਪੀਡੀ ਤੇ ਪ੍ਰਭਾਵਸ਼ਾਲੀ ਹੈ।

ਸਭ ਤੋਂ ਹੇਠਲੀ ਮੰਜ਼ਿਲ ਵਿਚ ਇਕ ਵੱਡਾ ਹਾਲ ਹੈ, ਜਿਸ ਦੇ ਚੌਹਾਂ ਪਾਸੇ ਦਰਵਾਜ਼ੇ ਹਨ। ਉਪਰਲੀਆਂ ਮੰਜ਼ਿਲਾਂ ਦੇ ਚੌਹਾਂ ਪਾਸੇ ਬਾਰੀਆਂ ਹਨ, ਇਸ ਦਾ ਗੁੰਬਦ ਸੀਮਿੰਟ ਤੇ ਇੱਟਾਂ ਦਾ ਬਣਿਆ ਹੋਇਆ ਹੈ, ਜਿਸ ਉਪਰ ਸੁੰਦਰ ਪੱਥਰ ਟਾਈਲ ਲੱਗੀ ਹੋਈ ਹੈ। ਬੁਰਜ ਦੇ ਅੰਦਰ ਸਾਧਾਰਨ ਕਿਸਮ ਦੀ ਸਜਾਵਟ ਕੀਤੀ ਹੋਈ ਹੈ। ਸੰਗਮਰਮਰ ਦੀ ਵਰਤੋਂ ਕੇਵਲ ਕੇਂਦਰੀ ਹਾਲ ਵਿਚ ਹੀ ਕੀਤੀ ਗਈ ਹੈ। ਇਸ ਬੁਰਜ ਵਿਚ ਬਾਬਾ ਅਟੱਲ ਰਾਏ ਜੀ ਜਾਂ ਹੋਰ ਗੁਰਦੁਆਰਿਆਂ ਵਿਚ ਬਣੇ ਕੰਧ ਚਿੱਤਰਾਂ ਵਾਂਗ ਕੋਈ ਕੰਧ ਚਿੱਤਰ ਉਪਲਬਧ ਨਹੀਂ। ਇਸ ਬੁਰਜ ਦੇ ਅੰਦਰ ਜਾਂ ਛੱਤਾਂ ’ਤੇ ਕੀਤੀ ਗਈ ਸਜਾਵਟ ਕੇਵਲ ਆਸ-ਪਾਸ ਫੁੱਲਾਂ ਦਾ ਬਣਿਆ ਬਾਰਡਰ ਹੀ ਇਸ ਦੀ ਸਜਾਵਟ ਦਾ ਇਕ ਮਾਤਰ ਸਾਧਕ ਹੈ।

ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਬੁੱਢਾ ਦਲ ਦੀ ਇਤਿਹਾਸਕ ਤੇ ਪੁਰਾਤਨ ਨਿਹੰਗ ਸਿੰਘਾਂ ਦੀ ਛਾਉਣੀ ਹੈ। ਇਹ ਅੰਮ੍ਰਿਤਸਰ ਸ਼ਹਿਰ ਦੇ ਅੰਦਰੂਨੀ ਸਰਕੂਲਰ ਰੋਡ ਦੇ ਬਿਲਕੁਲ ਕੰਢੇ ’ਤੇ ਸਥਿਤ ਹੈ। ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਭਵਨ ਨਿਰਮਾਣ ਕਲਾ ਦੀ ਅਦਭੁੱਤ ਅਜੂਬਾਨੁਮਾ ਇਮਾਰਤ ਹੈ। ਇਹ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਸੁਰੱਖਿਆ ਤੇ ਦੁਸ਼ਮਣ ਤੇ ਦੂਰੋਂ ਨਜ਼ਰ ਰੱਖਣ ਦੇ ਮਕਸਦ ਨਾਲ ਉਸਾਰੀ ਹੋਈ ਹੈ। ਇਸ ਦੀ ਇਮਾਰਤ ਵਿਚ ਦੋ ਪੌੜੀਆਂ ਹਨ ਤੇ ਹਰ ਮੰਜ਼ਿਲ ’ਤੇ ਮੋਰਚਾਨੁਮਾ ਕੇਂਦਰ ਹੈ। ਇਹ ਅਕਾਲੀ ਫੂਲਾ ਸਿੰਘ ਜੀ ਦੀ ਅਦੁੱਤੀ ਦੇਣ ਹੈ। ਇਹ ਸੱਤ ਮੰਜ਼ਿਲੀ ਬੁਰਜ ਦੀ ਪਹਿਲੀ ਮੰਜ਼ਿਲ 18 ਫੁੱਟ ਉੱਚੀ ਤੇ 8 ਇੰਚੀ ਦੇ 27 ਪੌੜ ਹਨ। ਹਰੇਕ ਪੌੜ 8 ਇੰਚੀ ਹੈ। ਦੂਸਰੀ ਮੰਜ਼ਿਲ 16 ਫੁੱਟ ਉੱਚੀ 24 ਪੌੜ, ਤੀਸਰੀ ਮੰਜ਼ਿਲ 16 ਫੁਟ ਉੱਚੀ 25 ਪੌੜ, ਚੌਥੀ ਮੰਜ਼ਿਲ 16 ਫੁੱਟ ਉੱਚੀ 24 ਪੌੜ, ਪੰਜਵੀਂ ਮੰਜ਼ਿਲ 14 ਫੁੱਟ ਉੱਚੀ 18 ਪੌੜ, ਛੇਵੀਂ ਮੰਜ਼ਿਲ 14 ਫੁੱਟ ਉੱਚੀ 22 ਪੌੜ ਹਨ। ਸੱਤਵੀਂ ਮੰਜ਼ਿਲ ਗੁੰਬਦ 14 ਫੁੱਟ ਦਾ ਹੈ, ਜਿਸ ਦੇ ਬਾਹਰੀ ਸਰੀਆਂ ਦੀ ਲੋਹਾ ਪੌੜੀ ਹੈ, ਜਿਸ ਨਾਲ ਇਸ ਉੱਪਰ ਲਾਈਟ ਜਾਂ ਖੰਡੇ ਬਦਲੇ ਜਾਂਦੇ ਹਨ। ਕੁੱਲ 108 ਫੁੱਟ ਦਾ ਇਹ ਬੁਰਜ ਹੈ। ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ 96 ਕਰੋੜੀ ਜੋ ਮੌਜੂਦਾ ਬੁੱਢਾ ਦਲ ਦੇ ਚੌਦਵੇਂ ਮੁਖੀ ਹਨ, ਦੀ ਸਰਪ੍ਰਸਤੀ ਵਿਚ ਬਹੁਤ ਹੀ ਸੁੰਦਰ ਤੇ ਨਵੀਆਂ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਸਮੁੱਚੇ ਕੈਂਪਸ ਦੀ ਕਾਇਆ-ਕਲਪ ਕੀਤੀ ਗਈ ਹੈ। ਸੁੰਦਰ ਘਾਹ, ਮੌਸਮੀ ਤੇ ਸਦਾਬਹਾਰ ਫੁੱਲਾਂ ਵਾਲੀਆਂ ਪਾਰਕਾਂ, ਨਵੇਂ-ਨਵੇਂ ਤੇ ਸੁੰਦਰ ਛਾਂਦਾਰ ਰੁੱਖ ਤਕਨੀਕ ਅਨੁਸਾਰ ਲਗਾਏ ਗਏ ਹਨ। ਇਸ ਦੇ ਅੰਦਰ ਦਾਖਲ ਹੁੰਦਿਆ ਹੀ ਅੱਖਾਂ ਮੂਹਰੇ ਸੁੰਦਰ ਮਨਮੋਹਕ ਨਜ਼ਾਰਾ ਪੇਸ਼ ਹੁੰਦਾ ਹੈ। ਇਸ ਦੇ ਕੈਂਪਸ ਵਿਚ ਹੀ ਸ਼ਹੀਦ ਜਥੇਦਾਰ ਬਾਬਾ ਫੂਲਾ ਸਿੰਘ ਅਕਾਲੀ ਛੇਵੇਂ ਮੁਖੀ ਬੁੱਢਾ ਦਲ ਦੀ ਯਾਦ ਵਿਚ ਵਿਸ਼ੇਸ਼ ਤੌਰ ’ਤੇ ਯਾਦਗਾਰੀ ਗੇਟ, ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕ੍ਰਵਰਤੀ ਨਿਹੰਗ ਸਿੰਘਾਂ ਵਲੋਂ ਅਤਿ ਸੁੰਦਰ ਬਣਵਾਇਆ ਗਿਆ ਹੈ। ਇਸ ਵਿਚ ਯਾਤਰੀਆਂ ਲਈ ਆਧੁਨਿਕ ਸਹੂਲਤਾਂ ਭਰਪੂਰ 12 ਕਮਰੇ ਅਟੈਚ ਬਾਥਰੂਮ ਹਨ। ਇਕ ਹੋਰ 65 ਕਮਰਿਆਂ ਵਾਲੀ ਸਰਾਂ ਤਿਆਰੀ ਅਧੀਨ ਹੈ।



# ਬਲਦੇਵ ਸਿੰਘ ਸੜਕਨਾਮਾ ਤੇ ਇੱਕੀਵੀਂ ਸਦੀ

ਰਜਵਿੰਦਰ ਪਾਲ ਸ਼ਰਮਾ
ਬਠਿੰਡਾ
70873-67969
(Punjab Mail USA)



ਸਾਹਿਤ ਦੋ ਸ਼ਬਦਾਂ ਤੋਂ ਮਿਲਕੇ ਬਣਿਆ ਹੈ। ‘ਸਾ’ ਤੋਂ ਭਾਵ ਹੈ ਨਾਲ ਅਤੇ ‘ਹਿੱਤ’ ਤੋਂ ਭਾਵ ਹੈ ਪਿਆਰ। ਇਸ ਪ੍ਰਕਾਰ ਸਾਹਿਤ ਤੋਂ ਭਾਵ ਪਿਆਰ ਨਾਲ ਉਪਜੀ ਜਾਂ ਪਿਆਰ ਤੋਂ ਉਪਜੀ ਹੋਈ ਰਚਨਾ ਤੋਂ ਲਿਆ ਜਾਂਦਾ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਮਾਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਆਪਣੀਆਂ ਬੌਧਿਕ ਜੁਗਤਾਂ ਦੁਆਰਾ ਲਿਖ਼ਤੀ ਰੂਪ ਦੇ ਕੇ ਸਮਾਜ ਦੇ ਸਾਹਮਣੇ ਪੇਸ਼ ਕਰਦਾ ਹੈ। ਅਜਿਹੀਆਂ ਬਹੁਤ ਸਾਰੇ ਲੇਖਕ ਹਨ, ਜਿਨ੍ਹਾਂ ਦੀਆਂ ਲਿਖਤਾਂ ਸਮਾਜ਼ ਦੀ ਦਸ਼ਾ ’ਤੇ ਚੋਟ ਕਰਦੀਆਂ ਹੋਈਆਂ ਸ਼ੀਸ਼ਾ ਦਿਖਾਉਂਦੀਆਂ ਹਨ, ਅਜਿਹੇ ਲੇਖਕਾਂ ਵਿਚੋਂ ਹੀ ਇੱਕ ਹੈ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ।

ਬਲਦੇਵ ਸਿੰਘ ਦਾ ਜਨਮ 08 ਜੁਲਾਈ, 1942 ਨੂੰ ਰਾਜਸਥਾਨ ਵਿਖੇ ਪਿਤਾ ਹਰਦਿਆਲ ਸਿੰਘ ਅਤੇ ਮਾਤਾ ਬਚਿੰਤ ਕੌਰ ਦੀ ਕੁੱਖੋਂ ਹੋਇਆ। ਬਲਦੇਵ ਸਿੰਘ ਨੇ ਪ੍ਰਾਇਮਰੀ ਸਿੱਖਿਆ ਚੰਦ ਪੁਰਾਣਾ ਵਿਚ ਹੀ ਹਾਸਲ ਕੀਤੀ। 1958 ਵਿਚ ਬਲਦੇਵ ਸਿੰਘ ਨੇ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਅਗਲੇਰੀ ਪੜ੍ਹਾਈ ਲਈ ਡੀ.ਐੱਮ. ਕਾਲਜ ਵਿਚ ਦਾਖਲਾ ਲੈ ਲਿਆ। ਇਨ੍ਹਾਂ ਦਾ ਵਿਆਹ 16 ਮਾਰਚ, 1963 ਨੂੰ ਸ਼੍ਰੀਮਤੀ ਕੁਲਜੀਤ ਕੌਰ ਨਾਲ ਹੋਇਆ। ਸ਼ੁਰੂ ਵਿਚ ਬਲਦੇਵ ਨੇ ਮੁਕਸਤਰ ਦੇ ਪਿੰਡ ਝੁਰੜ ਵਿਖੇ ਅਧਿਆਪਕ ਦੇ ਤੌਰ ’ਤੇ ਨੌਕਰੀ ਕੀਤੀ। ਫਿਰ ਨੌਕਰੀ ਛੱਡ ਕੇ 1965 ਵਿਚ ਸ਼ਿਮਲੇ ਚਲੇ ਗਏ। ਤਿੰਨ ਸਾਲ ਸ਼ਿਮਲੇ ਨੌਕਰੀ ਕਰਨ ਉਪਰੰਤ ਕਲਕੱਤੇ ਜਾ ਕੇ ਡਰਾਇਵਰੀ ਕੀਤੀ। ਉਨ੍ਹਾਂ ਦਾ ਡਰਾਇਵਰੀ ਨਾਲ ਸਬੰਧਿਤ ਤਜ਼ੁਰਬਾ ਅਤੇ ਡਰਾਇਵਰ ਕਿੱਤੇ ਨੂੰ ਪੇਸ਼ ਆ ਰਹੀਆਂ ਮੁਸ਼ਿਕਲਾਂ ਉਨ੍ਹਾਂ ਦੀ ਲਿਖ਼ਤ ਸੜਕਨਾਮਾ ਵਿਚ ਦਰਜ ਹਨ। ਇਸ ਲਿਖ਼ਤ ਤੋਂ ਬਾਅਦ ਇਨ੍ਹਾਂ ਦੇ ਨਾਮ ਪਿੱਛੇ ਸੜਕਨਾਮਾ ਲੱਗ ਗਿਆ। 1984 ਵਿਚ ਕਲਕੱਤੇ ਨੂੰ ਅਲਵਿਦਾ ਕਹਿ ਕੇ ਆਪਣੇ ਘਰ ਮੋਗੇ ਆ ਗਏ।

ਬਲਦੇਵ ਸਿੰਘ ਦਾ ਲਿਖਣ ਵੱਲ ਝੁਕਾਅ ਕਾਲਜ ਦੀ ਪੜ੍ਹਾਈ ਦੌਰਾਨ ਹੀ ਸੀ। ਬਲਦੇਵ ਸਿੰਘ ਨੇ ਕਾਲਜ ਦੇ ਮੈਗਜ਼ੀਨ ਵਿਚ ਛਪਣ ਲਈ ਆਪਣੀ ਕਹਾਣੀ ਅਧੂਰਾ ਸੁਪਨਾ ਭੇਜੀ। ਇਸ ਤੋਂ ਬਾਅਦ ਬਲਦੇਵ ਸਿੰਘ ਨੇ ਪਹਿਲਾਂ ਕਾਵਿ ਸੰਗ੍ਰਹਿ ਗਿੱਲੀਆਂ ਛਿਟੀਆਂ ਦੀ ਅੱਗ 1977 ਵਿਚ ਪ੍ਰਕਾਸ਼ਿਤ ਕੀਤਾ। ਇਸ ਤੋਂ ਬਾਅਦ ਚਿੜੀਆਂ ਖਾਨਾ 1979, ਹਵੇਲੀ ਛਾਵੇਂ ਖੜਾ ਰੱਬ 1982,



ਸਵੇਰ ਦੀ ਲੋਅ 1989, ਝੱਖੜ ਤੇ ਪਰਿੰਦੇ 1993, ਮਿੱਟੀ ਰੁਦਨ ਕਰੇ 1998, ਹਨੇਰੇ ਸਵੇਰੇ 2001, ਦਿਸਹੱਦਿਆਂ ਤੋਂ ਪਾਰ 2005 ਅਤੇ ਜ਼ਿੰਦਗੀ ਦੇ ਰੰਗ 2006 ਵਿਚ ਪਾਠਕਾਂ ਦੀ ਝੋਲੀ ਵਿਚ ਪਏ। ਬਲਦੇਵ ਸਿੰਘ ਦੇ ਨਾਵਲ ਪੰਜਵਾਂ ਸਾਹਿਬਜਾਦਾ ਬਾਬਾ ਜੀਵਨ ਸਿੰਘ ਜੀ ਦੇ ਜੀਵਨ ’ਤੇ ਆਧਾਰਿਤ, ਸਤਲੁਜ ਵਹਿੰਦਾ ਰਿਹਾ ਭਗਤ ਸਿੰਘ ਦੀ ਜੀਵਨੀ ’ਤੇ ਆਧਾਰਿਤ, ਢਾਹਵਾਂ ਦਿੱਲੀ ਦੇ ਕਿੰਗਰੇ ਲੋਕ ਨਾਇਕ ਦੁੱਲਾ ਭੱਟੀ ’ਤੇ ਆਧਾਰਿਤ, ਮਹਾਂਬਲੀ ਸੂਰਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਜੀਵਨੀ ’ਤੇ ਆਧਾਰਿਤ, ਸੂਰਜ ਦੀ ਅੱਖ ਮਹਾਰਾਜਾ ਰਣਜੀਤ ਸਿੰਘ ਜੀ ਦੀ ਜੀਵਨ ’ਤੇ ਆਧਾਰਿਤ, ਪੰਜਾਬ ਦੀ ਕਿਸਾਨੀ ਨੂੰ ਦਰਸਾਉਂਦਾ ਅੰਨਦਾਤਾ ਅਤੇ ਪੀੜ੍ਹੀਆਂ ਵਿਚ ਪੈ ਰਿਹਾ ਫ਼ਰਕ ਬਲਦੇਵ ਸਿੰਘ ਦੇ ਇੱਕੀਵੀਂ ਸਦੀ ਵਿਚ ਨਜ਼ਰ ਆਉਂਦਾ ਹੈ।

ਬਲਦੇਵ ਸਿੰਘ ਦੁਆਰਾ ਰਚੇ ਸਾਹਿਤ ’ਚ ਪੇਂਡੂ ਜੀਵਨ ਅਤੇ ਅੰਨਦਾਤੇ ਦੀਆਂ ਤੰਗੀਆਂ-ਤੁਰਸ਼ੀਆਂ ਬਾਖੂਬੀ ਨਜ਼ਰ ਆਉਂਦੀਆਂ ਹਨ। ਬਲਦੇਵ ਸਿੰਘ ਦੇ ਨਾਵਲ ਇੱਕੀਵੀਂ ਸਦੀ ਵਿਚ ਲੇਖਕ ਨੇ ਸਮੇਂ ਦੇ ਬਦਲਣ ਨਾਲ ਰਿਸ਼ਤਿਆਂ ਵਿਚ ਆ ਰਹੀਆਂ ਦਰਾਰਾਂ ਨੂੰ ਚਿਤਰਿਆ ਹੈ। ਮਾਤਾ-ਪਿਤਾ ਕਿਵੇਂ ਢਿੱਡ ਬੰਨ੍ਹ ਕੇ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਦੇ ਹਨ ਪਰ ਬੱਚੇ ਵੱਡੇ ਹੋਣ ਉਪਰੰਤ ਆਪਣੇ ਮਾਤਾ-ਪਿਤਾ ਦੇ ਪਰ ਉਪਕਾਰ ਨੂੰ ਭੁਲਾਉਂਦੇ ਹੋਏ, ਉਨ੍ਹਾਂ ਤੋਂ ਕਿਨਾਰਾ ਕਰਕੇ, ਉਨ੍ਹਾਂ ਨੂੰ ਸੰਤਾਪ ਭੋਗਣ ਲਈ ਬਜ਼ੁਰਗ ਘਰਾਂ ਦੇ ਹਵਾਲੇ ਕਰ ਦਿੰਦੇ ਹਨ। ਇੱਕੀਵੀਂ ਸਦੀ ਵਿਚ ਅਸੀਂ ਪੜ੍ਹ-ਲਿਖ ਬਹੁਤ ਗਏ, ਅਸੀਂ ਇੰਨਾ ਪੜ੍ਹ ਗਏ ਕਿ ਆਪਣੇ ਫ਼ਰਜ਼ਾਂ ਤੋਂ ਹੀ ਬੇਮੁੱਖ ਹੋ ਗਏ। ਜਿਨ੍ਹਾਂ ਨੇ ਪਾਲਿਆ, ਅਸੀਂ ਉਨ੍ਹਾਂ ਦੇ ਨਹੀਂ ਹੋਏ ਤਾਂ ਦੂਜਿਆਂ ਦੇ ਕਿਵੇਂ ਹੋ ਜਾਵਾਂਗੇ। ਇਹ ਨਾਵਲ ਲੇਖ਼ਕ ਦੀ ਸ਼ਾਹ ਰਚਨਾ ਤੋਂ ਘੱਟ ਨਹੀਂ, ਇਹ ਪੜ੍ਹ ਕੇ ਚਿੰਤਨ ਕਰਨ ਵਾਲ਼ੀ ਰਚਨਾ ਹੈ।

ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਲੇਖ਼ਕ ਦੀ ਕਲਮ ਤੋਂ ਇਸੇ ਤਰ੍ਹਾਂ ਰਚਨਾਵਾਂ ਆਉਂਦੀਆਂ ਰਹਿਣ, ਜਿਨ੍ਹਾਂ ਨੂੰ ਪੜ੍ਹ ਕੇ

# ਸਹੀ ਮੌਕੇ ਦੀ ਉਡੀਕ ਕਰਨ ਦੀ ਬਜਾਏ ਮੌਜੂਦਾ ਮੌਕੇ ਦੀ ਵਰਤੋਂ ਕਰੋ




-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)




ਹੋਰ ਅਧਿਕਾਰਾਂ ਦੇ ਹਿੱਸੇ ਵਜੋਂ ਆਜ਼ਾਦੀ ਹਰ ਮਨੁੱਖ ਦਾ ਬੁਨਿਆਦੀ ਮਨੁੱਖੀ ਅਧਿਕਾਰ ਹੈ। ਉਸ ਆਜ਼ਾਦੀ ਨਾਲ, ਹਰ ਮਨੁੱਖ ਜੋ ਚਾਹੇ ਕਰ ਸਕਦਾ ਹੈ, ਉਸ ਕੋਲ ਜੋ ਵੀ ਹੈ ਅਤੇ ਉਹ ਜਿਸ ਵੀ ਅਹੁਦੇ 'ਤੇ ਹੈ, ਵਰਤ ਸਕਦਾ ਹੈ। ਇਸ ਲਈ, ਦੂਜੇ ਸ਼ਬਦਾਂ ਵਿਚ, ਕੋਈ ਵਿਅਕਤੀ ਜਿਸ ਤਰ੍ਹਾਂ ਦੀ ਸਥਿਤੀ ਵਿਚ ਹੈ, ਆਪਣੇ ਸਾਰੇ ਸਰੋਤਾਂ ਨਾਲ ਆਪਣੀ ਸਮਰੱਥਾ ਦੇ ਅਧੀਨ ਕੁਝ ਵੀ ਕਰ ਸਕਦਾ ਹੈ। ਇਹ ਸੱਚ ਹੈ ਕਿ ਵਿਅਕਤੀ ਨੂੰ ਆਪਣੀ ਯੋਗਤਾ ਅਨੁਸਾਰ ਸਭ ਤੋਂ ਵਧੀਆ ਕੰਮ ਕਰਨਾ ਚਾਹੀਦਾ ਹੈ, ਉਸ ਕੋਲ ਸਾਰੇ ਸਰੋਤਾਂ ਦੇ ਨਾਲ ਅਤੇ ਉਸ ਸਥਿਤੀ ਤੋਂ ਜਿਸ ਵਿਚ ਵਿਅਕਤੀ ਹੈ, ਵਿਹਲੇ ਬੈਠਣਾ ਬਿਹਤਰ ਹੈ, ਜਦੋਂ ਤੁਹਾਡੇ ਕੋਲ ਮਨੁੱਖੀ ਵਸੀਲਿਆਂ ਵਰਗੀਆਂ ਸਾਰੀਆਂ ਸਮਰੱਥਾਵਾਂ ਅਤੇ ਭੌਤਿਕ ਸਾਧਨਾਂ ਵਰਗੇ ਸਾਧਨ ਉਪਲਬਧ ਹੋਣ; ਇਨ੍ਹਾਂ ਦੀ ਚੰਗੀ ਵਰਤੋਂ ਕਰੋ। ਟੀਚਾ ਪ੍ਰਾਪਤ ਕਰਨਾ ਵਿਅਕਤੀਆਂ ਦੀ ਬੌਧਿਕ ਸਮਰੱਥਾ 'ਤੇ ਨਿਰਭਰ ਕਰਦਾ ਹੈ। ਕਿਸੇ ਵੀ ਉਦੇਸ਼ ਨੂੰ ਪ੍ਰਾਪਤ ਕਰਨ ਦਾ ਕੋਈ ਆਦਰਸ਼ ਤਰੀਕਾ ਨਹੀਂ ਹੈ। ਉਦਾਹਰਨ ਲਈ, ਮੰਗਲਯਾਨ ਮਿਸ਼ਨ ਦੇ ਦੌਰਾਨ, ਇਸਰੋ ਨੇ ਇਸ ਮਿਸ਼ਨ ਲਈ ਦੂਜੇ ਦੇਸ਼ਾਂ ਦੀਆਂ ਪਿਛਲੀਆਂ ਕੋਸ਼ਿਸ਼ਾਂ ਦੇ ਮੁਕਾਬਲੇ ਘੱਟ ਲਾਗਤ 'ਤੇ ਪਹਿਲੀ ਕੋਸ਼ਿਸ਼ ਵਿਚ ਪ੍ਰੋਜੈਕਟ ਨੂੰ ਪੂਰਾ ਕੀਤਾ ਹੈ। ਇਸ ਮਿਸ਼ਨ ਲਈ ਘੱਟ ਬਜਟ ਦੀ ਵੰਡ ਦੇ ਬਾਵਜੂਦ, ਇਸਰੋ ਦੇ ਵਿਗਿਆਨੀਆਂ ਨੇ ਇਸ ਮਿਸ਼ਨ ਲਈ ਪਿਛਲੇ ਰਾਕੇਟ ਦੇ ਸਾਰੇ ਮੌਜੂਦਾ ਹਿੱਸਿਆਂ ਦੀ ਵਰਤੋਂ ਕੀਤੀ ਹੈ। ਇਸ ਤਰ੍ਹਾਂ, ਇਹ ਦੇਖਿਆ ਜਾ ਸਕਦਾ ਹੈ ਕਿ ਤੁਹਾਡੇ ਲਈ ਉਪਲਬਧ ਸਰੋਤਾਂ ਨਾਲ ਸ਼ੁਰੂਆਤ ਕਰਨਾ ਬਿਹਤਰ ਹੈ।

ਸਹੀ ਮੌਕੇ ਦੀ ਉਡੀਕ ਕਰਨ ਦੀ ਬਜਾਏ, ਮੌਜੂਦਾ ਮੌਕੇ ਦਾ ਫ਼ਾਇਦਾ ਉਠਾਉਣਾ ਇੱਕ ਅਕਲਮੰਦੀ ਹੈ। ਸਹੀ ਮੌਕੇ ਵਰਗਾ ਕੁਝ ਵੀ ਨਹੀਂ ਹੈ। ਇਹ ਸਭ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਹੁਣ ਪੂਰੀ ਸਮਰੱਥਾ ਅਤੇ ਸਰੋਤਾਂ ਦੇ ਨਾਲ, ਸਹੀ ਦਿਸ਼ਾ ਵਿਚ ਸਹੀ ਕੋਸ਼ਿਸ਼ਾਂ ਦੇ ਨਾਲ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੇ ਹਾਂ। ਜਿਵੇਂ ਕਿ ਇੱਕ ਮਸ਼ਹੂਰ ਚੀਨੀ ਕਹਾਵਤ ਹੈ, ਇੱਕ ਰੁੱਖ ਲਗਾਉਣ ਦਾ ਸਭ ਤੋਂ ਵਧੀਆ ਸਮਾਂ 20 ਸਾਲ ਪਹਿਲਾਂ ਹੈ, ਅਤੇ ਅਗਲਾ ਸਭ ਤੋਂ ਵਧੀਆ ਸਮਾਂ ਹੁਣ ਹੈ। ਇਸਦਾ ਅਰਥ ਹੈ ਮੌਜੂਦਾ ਮੌਕੇ ਦੀ ਵਰਤੋਂ 'ਤੇ ਜ਼ੋਰ ਦੇਣਾ। ਪਰ ਕੁਝ ਲੋਕ ਇਹ ਦਲੀਲ ਦੇ ਸਕਦੇ ਹਨ ਕਿ ਜਲਦਬਾਜ਼ੀ ਦੀ ਬਜਾਏ, ਢੁਕਵੇਂ ਸਰੋਤਾਂ ਦੇ ਨਾਲ ਸਹੀ ਮੌਕਾ ਵਧੇਰੇ ਕੁਸ਼ਲਤਾ ਲਿਆਉਂਦਾ ਹੈ। ਇਹ ਸੱਚ ਹੈ ਪਰ ਸਹੀ ਸਮੇਂ 'ਤੇ ਇਹ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਸਾਨੂੰ ਇਸ ਵੱਲ ਕਿਸ ਤਰ੍ਹਾਂ ਦੇ ਯਤਨ ਜਾਰੀ ਰੱਖਣੇ ਚਾਹੀਦੇ ਹਨ। ਇੱਕ ਮਸ਼ਹੂਰ ਕਹਾਵਤ ਹੈ ਕਿ ਮਹਾਨ ਲੋਕ ਮਹਾਨ ਕੰਮ ਨਹੀਂ ਕਰਦੇ, ਉਹ ਬਹੁਤ ਸਾਰੇ ਸਾਧਾਰਨ ਕੰਮ ਕਰਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਮੌਜੂਦਾ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਈਏ।

ਘੱਟ ਸਫ਼ਰ ਵਾਲਾ ਰਸਤਾ ਲੈਣਾ ਚੰਗਾ ਹੈ। ਜਦੋਂ ਅਸੀਂ ਉਸ ਰਸਤੇ 'ਤੇ ਚੱਲਦੇ ਹਾਂ, ਜੋ ਹਰ ਦੂਜਾ ਵਿਅਕਤੀ ਲੈਂਦਾ ਹੈ, ਤਾਂ ਸਾਨੂੰ ਉਸੇ ਹਾਲਾਤਾਂ ਵਿਚ ਉਹੀ ਨਤੀਜੇ ਭੁਗਤਣੇ ਪੈ ਸਕਦੇ ਹਨ। ਪਰ ਜੇਕਰ ਅਸੀਂ ਘੱਟ ਸਫ਼ਰ ਕੀਤੇ ਰਸਤੇ ਨੂੰ ਅਪਣਾਉਂਦੇ ਹਾਂ, ਤਾਂ ਅਸੀਂ ਉਦੇਸ਼ਾਂ ਨੂੰ ਪੂਰਾ ਕਰਨ ਲਈ ਇੱਕ ਬਿਹਤਰ ਅਤੇ ਆਸਾਨ ਤਰੀਕਾ ਲੱਭ ਸਕਦੇ ਹਾਂ। ਪਰ ਅਸੀਂ ਇਸ ਗੱਲ ਦੀ ਗਾਰੰਟੀ ਨਹੀਂ ਦੇ ਸਕਦੇ ਹਾਂ ਕਿ ਘੱਟ ਸਫ਼ਰ ਕੀਤੇ ਮਾਰਗ 'ਤੇ ਯਕੀਨੀ ਤੌਰ 'ਤੇ ਕੋਈ ਹੱਲ ਹੋਵੇਗਾ। ਅਸੀਂ ਕੀ ਗਾਰੰਟੀ ਦੇ ਸਕਦੇ ਹਾਂ ਕਿ ਅਸੀਂ ਕਿਸ ਕਿਸਮ ਦਾ ਅਨੁਭਵ ਪ੍ਰਾਪਤ ਕਰ ਸਕਦੇ ਹਾਂ। ਉਦਾਹਰਨ ਲਈ, ਜਦੋਂ ਥਾਮਸ ਅਲਵਾ ਐਡੀਸਨ ਨੇ ਪਹਿਲੀ ਵਾਰ ਸਫਲਤਾਪੂਰਵਕ ਬਲਬ ਦੀ ਕਾਢ ਕੱਢੀ, ਤਾਂ ਉਹ ਸੈਂਕੜੇ ਵਾਰ ਅਸਫਲ ਰਿਹਾ ਅਤੇ ਮਹਿਸੂਸ ਕੀਤਾ ਕਿ ਉਹ ਕਿੰਨੀ ਵਾਰ ਬਲਬ ਦੀ ਕਾਢ ਕਿਵੇਂ ਨਹੀਂ ਕਰ ਸਕਦਾ ਸੀ। ਕਿਸੇ ਨੂੰ ਵੀ ਆਪਣੇ ਕੋਲ ਮੌਜੂਦ ਸਾਧਨਾਂ ਨਾਲ ਘੱਟ ਚੁਣਿਆ ਹੋਇਆ ਰਸਤਾ ਲੈਣ ਤੋਂ ਡਰਨਾ ਨਹੀਂ ਚਾਹੀਦਾ। ਉਦਾਹਰਣ ਵਜੋਂ, ਗਾਂਧੀ ਜੀ ਨੇ ਭਾਰਤ ਦੀ ਆਜ਼ਾਦੀ ਲਈ ਸੱਚੀ ਅਹਿੰਸਾ ਅਤੇ ਸੱਤਿਆਗ੍ਰਹਿ ਦਾ ਰਾਹ ਚੁਣਿਆ। ਬਹੁਤ ਘੱਟ ਹੋਰ ਆਜ਼ਾਦੀ ਘੁਲਾਟੀਆਂ ਨੇ ਇਹ ਰਾਹ ਅਪਣਾਇਆ ਹੈ। ਇਸ ਲਈ ਹਾਲਾਤ ਨੂੰ ਸਮਝਣਾ ਚਾਹੀਦਾ ਹੈ ਅਤੇ ਸੋਚ ਸਮਝ ਕੇ ਫੈਸਲੇ ਲੈਣੇ ਚਾਹੀਦੇ ਹਨ।

ਕਿਸੇ ਨੂੰ ਆਲੋਚਨਾ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ ਪਰ ਕਿਸੇ ਖਾਸ ਉਦੇਸ਼ ਨੂੰ ਪੂਰਾ ਕਰਨ ਲਈ ਸਹੀ ਕੋਸ਼ਿਸ਼ ਅਤੇ ਇੱਛਾ ਸ਼ਕਤੀ ਰੱਖਣੀ ਚਾਹੀਦੀ ਹੈ ਅਤੇ ਉਸਾਰੂ ਫੀਡਬੈਕ ਅਤੇ ਨਿਰੰਤਰ ਸੁਧਾਰ ਲਈ ਖੁੱਲ੍ਹਾ ਹੋਣਾ ਚਾਹੀਦਾ ਹੈ। ਇਹ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਅੰਤਮ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕਿਸ ਕਿਸਮ ਦੀ ਸਖ਼ਤ ਮਿਹਨਤ ਕਰਦੇ ਹਾਂ। ਸਾਨੂੰ ਲਗਾਤਾਰ ਸਕਾਰਾਤਮਕ ਫੀਡਬੈਕ ਅਤੇ ਟਿੱਪਣੀਆਂ ਰਾਹੀਂ ਇਸ ਤਰੀਕੇ ਨਾਲ ਸੁਧਾਰ ਕਰਨਾ ਚਾਹੀਦਾ ਹੈ, ਜੋ ਸਾਡੇ ਸਮੂਹਿਕ ਗਿਆਨ ਅਤੇ ਸਰੋਤਾਂ ਅਤੇ ਜਿਸ ਸਥਿਤੀ ਵਿਚ ਅਸੀਂ ਹਾਂ, ਉਸ ਦੇ ਅਧਾਰ ਤੇ ਹਾਲਾਤਾਂ ਦੇ ਅਨੁਕੂਲ ਹੋਵੇ। ਭਾਰਤ ਦੀ ਆਜ਼ਾਦੀ ਦੇ ਸ਼ੁਰੂਆਤੀ ਸਾਲਾਂ ਦੌਰਾਨ, ਜਦੋਂ ਭਾਰਤ ਨੇ ਵਿਸ਼ਵਵਿਆਪੀ ਬਾਲਗ ਫ੍ਰੈਂਚਾਇਜ਼ੀ ਨਾਲ ਲੋਕਤੰਤਰ ਦਾ ਰਾਹ ਚੁਣਿਆ, ਬਹੁਤ ਸਾਰੇ ਰਾਜਨੀਤਿਕ ਵਿਸ਼ਲੇਸ਼ਕਾਂ ਨੇ ਦੇਖਿਆ ਕਿ ਭਾਰਤ ਦੀ ਲੋਕਤੰਤਰ ਦੀ ਕੋਸ਼ਿਸ਼ ਛੇਤੀ ਹੀ ਅਸਫਲ ਹੋ ਜਾਵੇਗੀ। ਆਲੋਚਨਾ ਦੇ ਬਾਵਜੂਦ ਸਾਡੇ ਨੇਤਾ ਇੱਛਾ ਸ਼ਕਤੀ ਨਾਲ ਅੱਗੇ ਵਧੇ। ਅੱਜ ਸਾਡੇ ਮਾਣਯੋਗ ਪ੍ਰਧਾਨ ਮੰਤਰੀ ਦੇ ਅਨੁਸਾਰ, "ਭਾਰਤ ਲੋਕਤੰਤਰ ਦੀ ਮਾਂ ਹੈ।" ਇਸ ਤਰ੍ਹਾਂ, ਹੋਰ ਚੀਜ਼ਾਂ ਦੇ ਨਾਲ-ਨਾਲ ਸਾਡੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਯਤਨ ਵੀ ਮਾਇਨੇ ਰੱਖਦੇ ਹਨ।

ਸੁਭਾਵਿਕ ਤੱਤ, ਸਵੈ-ਵਿਸ਼ਵਾਸ, ਮਨੁੱਖੀ ਕਿਰਿਆਵਾਂ ਦੀ ਮੁੱਖ ਪ੍ਰੇਰਨਾ ਸ਼ਕਤੀ ਹੈ। ਇਹ ਸਾਡੇ ਮਨ ਅਤੇ ਸਰੀਰ ਨੂੰ ਸ਼ਾਂਤ ਕਰੇਗਾ ਅਤੇ ਅੰਦਰੂਨੀ ਸ਼ਾਂਤੀ ਲਿਆਵੇਗਾ। ਇਹ ਵਿਸ਼ਵਾਸ ਉਦੋਂ ਬਣਿਆ ਹੈ, ਜਦੋਂ ਅਸੀਂ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਹੁੰਦੇ ਹਾਂ। ਆਤਮ-ਵਿਸ਼ਵਾਸ ਤੋਂ ਬਿਨਾਂ, ਇੱਕ ਵਾਰ ਬੌਧਿਕ ਸਮਰੱਥਾ ਆਪਣੀ ਪੂਰੀ ਕੁਸ਼ਲਤਾ ਤੱਕ ਨਹੀਂ ਪਹੁੰਚਦੀ, ਅਸੀਂ ਕੰਮ ਨੂੰ ਵਿਗਾੜ ਦੇਵਾਂਗੇ। ਸੰਪੂਰਨ ਫੋਕਸ ਅਤੇ ਤਾਲਮੇਲ ਨਾਲ, ਅਸੀਂ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰ ਸਕਦੇ ਹਾਂ, ਭਾਵੇਂ ਸਾਡੇ ਕੋਲ ਸੀਮਤ ਸਰੋਤ ਹੋਣ ਅਤੇ ਇੱਕ ਗੰਭੀਰ ਸਥਿਤੀ ਹੋਵੇ। ਉਦਾਹਰਣ ਵਜੋਂ, ਪਾਕਿਸਤਾਨ ਸਥਿਤ ਅੱਤਵਾਦੀਆਂ ਦੁਆਰਾ ਉੜੀ ਹਮਲੇ ਤੋਂ ਬਾਅਦ ਭਾਰਤੀ ਫੌਜ ਦੁਆਰਾ ਇੱਕ ਗੁਪਤ ਆਪ੍ਰੇਸ਼ਨ ਦੌਰਾਨ, ਜ਼ੋਖਮਾਂ ਦੇ ਬਾਵਜੂਦ ਸਾਡੇ ਫੌਜੀ ਜਵਾਨਾਂ ਦੁਆਰਾ ਵਿਸ਼ਵਾਸ ਅਤੇ ਤਾਲਮੇਲ ਨਾਲ ਸ਼ੱਕੀ ਪਾਕਿਸਤਾਨੀ ਅੱਤਵਾਦੀਆਂ 'ਤੇ ਸਰਜੀਕਲ ਸਟ੍ਰਾਈਕ, ਜਿਸ ਦੇ ਨਤੀਜੇ ਵਜੋਂ ਇਹ ਆਪ੍ਰੇਸ਼ਨ ਸਫਲ ਰਿਹਾ। ਇਸ ਲਈ ਘੱਟ ਮਹੱਤਵਪੂਰਨ ਚੀਜ਼ਾਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਆਪਣੇ ਆਪ 'ਤੇ ਵਿਸ਼ਵਾਸ ਕਰਨਾ ਮਹੱਤਵਪੂਰਨ ਹੈ।

ਇੱਥੇ ਵਿਆਪਕ ਦਲੀਲਾਂ ਹਨ ਕਿ ਕਿਸੇ ਵਿਅਕਤੀ ਨੂੰ ਕੁਝ ਵੀ ਕਰਨ ਦੀ ਅਨਿਯਮਿਤ ਆਜ਼ਾਦੀ ਨਹੀਂ ਹੋਣੀ ਚਾਹੀਦੀ। ਇਹ ਇਸ ਲਈ ਹੈ, ਤਾਂ ਜੋ ਸਮਾਜ ਦੇ ਦੂਜੇ ਵਿਅਕਤੀਆਂ ਨੂੰ ਉਹ ਕਰਨ ਦੀ ਬਰਾਬਰ ਆਜ਼ਾਦੀ ਮਿਲ ਸਕੇ, ਜੋ ਦੂਜੇ ਵਿਅਕਤੀ ਕਰਨਾ ਚਾਹੁੰਦੇ ਹਨ। ਇਹ ਸਮਾਜ, ਕੌਮ ਅਤੇ ਮਨੁੱਖਤਾ ਦੇ ਵਡੇਰੇ ਭਲੇ ਲਈ ਵੀ ਜ਼ਰੂਰੀ ਹੈ। ਰਾਸ਼ਟਰੀ ਸੁਰੱਖਿਆ, ਪ੍ਰਭੂਸੱਤਾ ਅਤੇ ਅਖੰਡਤਾ ਅਤੇ ਦੂਜੇ ਦੇਸ਼ਾਂ ਨਾਲ ਦੋਸਤਾਨਾ ਸਬੰਧਾਂ ਨੂੰ ਖਤਰਾ ਪੈਦਾ ਕਰਨ ਵਾਲੇ ਰਾਸ਼ਟਰ ਵਿਰੋਧੀ ਤੱਤਾਂ 'ਤੇ ਪਾਬੰਦੀ ਲਗਾਈ ਜਾਵੇ। ਇਹੀ ਪਾਬੰਦੀਆਂ ਸਾਡੇ ਭਾਰਤੀ ਸੰਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਜਿਵੇਂ ਕਿ ਧਾਰਾ 19 ਵਿਚ ਵੀ ਸ਼ਾਮਲ ਹਨ।

ਅਨੈਤਿਕ ਕੰਮਾਂ ਜਿਵੇਂ ਕਿ ਨਸ਼ਿਆਂ, ਹਥਿਆਰਾਂ, ਸਮਾਨ ਦੀ ਤਸਕਰੀ ਜਾਂ ਔਰਤਾਂ ਲਈ ਅਪਮਾਨਜਨਕ ਟਿੱਪਣੀਆਂ ਆਦਿ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਕੂਟਨੀਤਕ, ਆਰਥਿਕ, ਰਾਜਨੀਤਿਕ ਆਦਿ ਵਰਗੇ ਵੱਖ-ਵੱਖ ਖੇਤਰਾਂ ਵਿਚ ਰਾਸ਼ਟਰ ਦੀ ਤਾਕਤ ਉੱਤੇ ਇਸਦਾ ਵਿਆਪਕ ਪ੍ਰਭਾਵ ਹੈ। ਪ੍ਰੰਪਰਾਗਤ ਤੌਰ 'ਤੇ ਗੈਰ-ਕਾਨੂੰਨੀ ਕਾਰਵਾਈਆਂ ਜਿਵੇਂ ਕਿ ਸਮਾਜ ਵਿਚ ਅਰਾਜਕਤਾ ਪੈਦਾ ਕਰਨਾ, ਜਿਵੇਂ ਕਿ ਕਈ ਘਰੇਲੂ ਕਾਨੂੰਨਾਂ, ਜਿਵੇਂ ਕਿ UAPA, IPC ਦੀ ਧਾਰਾ 124, ਆਦਿ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ, ਜਾਂ ਸਰਕਾਰ ਦੀ ਸਥਿਰਤਾ ਨੂੰ ਖਤਰਾ ਹੈ, ਨੂੰ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ। ਵੱਖ-ਵੱਖ ਕਾਨੂੰਨਾਂ ਦੁਆਰਾ ਲਗਾਈਆਂ ਗਈਆਂ ਹੋਰ ਪਾਬੰਦੀਆਂ ਹਨ, ਜਿਵੇਂ ਕਿ ਸਵਦੇਸ਼ੀ ਸੱਭਿਆਚਾਰਕ ਅਧਿਕਾਰਾਂ ਦੀ ਰੱਖਿਆ ਲਈ ਚਾਰ ਉੱਤਰ-ਪੂਰਬੀ ਰਾਜਾਂ ਲਈ ਅੰਦਰੂਨੀ ਲਾਈਨ ਪਰਮਿਟ ਅਤੇ ਹੋਰ ਜੋ ਦੂਜੇ ਵਿਅਕਤੀਆਂ ਦੀ ਆਜ਼ਾਦੀ ਨੂੰ ਸੀਮਤ ਕਰਦੇ ਹਨ। ਤੁਹਾਡੇ ਅੰਤਮ ਉਦੇਸ਼ਾਂ ਨੂੰ ਵਧੇਰੇ ਕੁਸ਼ਲਤਾ ਨਾਲ ਮਾਰਗਦਰਸ਼ਨ ਕਰਨ ਲਈ ਸਰੋਤ ਅਤੇ ਸਥਿਤੀ ਦੀ ਕਿਸਮ ਮਹੱਤਵਪੂਰਨ ਹੈ ਅਤੇ ਵਿਲੱਖਣ ਤੌਰ 'ਤੇ। ਹਾਲਾਂਕਿ, ਸੱਭਿਆਚਾਰਕ ਕਾਰਕਾਂ, ਕਾਨੂੰਨੀ ਕਾਰਕਾਂ, ਨੈਤਿਕ ਕਾਰਕਾਂ ਆਦਿ ਦੇ ਆਧਾਰ 'ਤੇ ਸਮਾਜ ਵਿਚ ਕੋਈ ਕੀ ਕਰ ਸਕਦਾ ਹੈ, ਇਸ ਬਾਰੇ ਵੱਖ-ਵੱਖ ਤਰ੍ਹਾਂ ਦੇ ਵਰਣਨ ਹਨ। ਇਨ੍ਹਾਂ ਕਾਰਕਾਂ ਨੂੰ ਧਿਆਨ ਵਿਚ ਰੱਖਦੇ ਹੋਏ, ਮੌਜੂਦਾ ਮੌਕੇ ਦੇ ਨਾਲ ਸ਼ੁਰੂਆਤ ਕਰਨਾ ਮਹੱਤਵਪੂਰਨ ਹੈ, ਭਾਵੇਂ ਇਹ ਇੱਕ ਰਸਤਾ ਘੱਟ ਚੁਣਿਆ ਗਿਆ ਹੋਵੇ, ਸਹੀ ਕੋਸ਼ਿਸ਼ਾਂ ਅਤੇ ਵਿਸ਼ਵਾਸ ਨਾਲ।

# ਚਲਾਕੀ ਦਿਵਸ

## ਹਾਸ ਵਿਅੰਗ:-




ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)


ਵਿਸ਼ਵ ਦੀ ਇੱਕ ਅਜਿਹੀ ਸੰਸਥਾ ਹੈ, ਜਿਸ ਨੇ ਪੂਰੇ ਵਿਸ਼ਵ ਵਿਚ ਦਿਵਸ ਬਣਾ-ਬਣਾ ਕੇ ਰਿਕਾਰਡ ਬਣਾ ਲਿਆ। ਮਾਤਾ ਦਿਵਸ/ਮਦਰਜ਼ ਡੇਅ, ਫਾਦਰਜ਼ ਡੇਅ, ਬ੍ਰਦਰਜ਼ ਡੇ, ਸਿਸਟਰ ਡੇ, ਮਿੱਤਰ ਡੇ, ਡਾਕਟਰ ਡੇ, ਨਰਸ ਡੇ, ਟੀਚਰ ਡੇ, ਰੋਜ਼ ਡੇ, ਕੇਕ ਡੇ, ਹੱਗ ਡੇ, ਵੈਲੇਨਟਾਈਨ ਡੇਅ ਤੇ ਪਤਾ ਨਹੀਂ ਹੋਰ ਕੀ-ਕੀ ਤੇ ਕਿਹੜਾ-ਕਿਹੜਾ ਡੇਅ?? ਚੰਗੀ ਗੱਲ ਹੈ ਪਰ ਸੱਥ 'ਚ ਬੈਠੇ ਬਖਤੌਰੇ ਨੇ ਕਿਸ਼ਨੇ ਨੂੰ ਟੂਕ ਮਾਰੀ, ਕਹਿੰਦਾ, ਕਿਸ਼ਨਿਆਂ ਜਦੋਂ ਹਾਅ ਡੇਅ ਬਣਾਉਣ ਵਾਲਿਆਂ ਨੇ (ਚਲਾਕੀ ਡੇਅ) ਬਣਾਇਆ, ਇਹਦਾ ਸਿਹਰਾ ਖੋਤੀ ਪਾਰਟੀ ਦੇ ਲੀਡਰਾਂ ਦੇ ਸਿਰ ਬੱਝੂ!! ਸੱਥ ਵਿਚ ਬੈਠੇ ਸਾਰੇ ਪੇਂਡੂਆਂ ਨੇ ਅੱਖਾਂ ਬਖਤੌਰੇ ਵੱਲ ਗੱਡੀਆਂ ਕਿ ਇਹ ਕੀ ਸੱਪ ਕੱਢਣ ਲੱਗਾ ਹੈ? ਕਿਸ਼ਨੇ ਨੇ ਮੋੜਵਾਂ ਸਵਾਲ ਬਖਤੌਰੇ ਨੂੰ ਕੀਤਾ, ਬੱਡੇ ਬਾਈ ਬੁਝਾਰਤਾਂ ਨਾ ਪਾ ਸਿੱਧੀ ਗੱਲ ਕਰ ਕੀ ਕਹਿਣਾ ਚਾਹੁੰਨੈ?' ਬਖਤੌਰਾ ਕਹਿੰਦਾ, ਵੇਖ 11, 12 ਤੱਕ ਦੇਸ਼ ਵਧੀਆ ਚੱਲ ਰਿਹਾ ਸੀ, ਡਾਕਟਰ ਮਨਮੋਹਨ ਸਿੰਘ ਨੇ ਵਿਰੋਧ ਦੇ ਬਾਵਜੂਦ ਦੇਸ਼ ਦੀ ਗੱਡੀ ਪਟੜੀ ਤੋਂ ਨਹੀਂ ਸੀ ਲਹਿਣ ਦਿੱਤੀ, ਡੇਢ ਸੌ ਨੂੰ ਕੱਚਾ ਤੇਲ ਲੈ ਕੇ ਵੀ ਲੋਕਾਂ ਨੂੰ ਸੱਠਾਂ ਰੁਪਈਂ ਤੇਲ ਦੇਈ ਜਾਂਦਾ ਸੀ, ਸਲੰਡਰ ਵੀ ਚਾਰ ਸੌ ਦੇ ਅੰਦਰ-ਅੰਦਰ ਦੇ ਰਿਹਾ ਸੀ, ਡਾਲਰ ਵੀ ਸੱਠਾਂ ਦੇ ਅੰਦਰ ਸੀ, ਦੇਸ਼ ਦੇ ਕਾਲਜ ਤੇ ਯੂਨੀਵਰਸਿਟੀਆਂ ਵਿਚ ਵੀ ਜਵਾਕਾਂ ਨੂੰ ਲੈਣਾਂ ਬਣਾ ਕੇ ਖੜ੍ਹਨਾ ਪੈਂਦਾ ਸੀ, ਦਾਖਲਾ ਲੈਣ ਲਈ!! ਦੁਨੀਆਂ ਵਿਚ ਵੀ ਮਨਮੋਹਨ ਸਿੰਘ ਦੇ ਨਾਂ ਦੇ ਚਰਚੇ ਸੀ। 2012 ਵਿਚ ਇੱਕ ਫੌਜੀ ਪਬਲਿਕ ਸਾਹਮਣੇ ਨਿਕਲਿਆ ਜਾਂ ਕੱਢਿਆ, ਕੀ ਕਹਿੰਦੇ ਉਹਨੂੰ ਹਜ਼ਾਰਾ ਸੋਹ (ਅੰਨਾ ਹਜ਼ਾਰੇ), ਅਖੇ ਜੀ ਮੇਰੇ ਅੱਲੇ ਆਉ ਥੋਨੂੰ ਸਵਰਾਜ ਲੈ ਕੇ ਦਊਂ, ਲੋਕਪਾਲ ਬਣਾਊਂ। ਪ੍ਰਧਾਨ ਮੰਤਰੀ ਨੂੰ ਜਵਾਬਦੇਹ ਬਣਾ ਦਊਂ। ਉਧਰੋਂ ਇੱਕ ਅੱਖੀ ਮਾਰਨ ਆਲਾ ਆ ਗਿਆ ਤੇਲ ਪੈਂਤੀਆਂ ਨੂੰ ਵੇਚੂੰ, ਡਾਲਰ ਵੀ ਪੈਂਤੀਆਂ ਤੋਂ ਥੱਲੇ ਲਿਆਊਂ। ਇੱਕ ਬੀਬੀ ਆ ਗਈ, ਮੈਂ ਇੰਦਰਾ ਗਾਂਧੀ ਦੀ ਕਾਰ ਦਾ ਚਲਾਨ ਕੀਤਾ ਸੀ, ਮੈਨੂੰ ਬਣਾਉ ਗ੍ਰਹਿ ਮੰਤਰੀ, ਮੈਂ ਕੱਢੂੰ ਕਾਂਗਰਸੀਆਂ ਦੇ ਵੱਟ ਜਿਮੇਂ ਮੈਂ ਆਪਣੇ ਬੰਦੇ ਦੇ ਕੱਢੇ ਐ। ਇੱਕ ਤਾਂ ਇਨਕਮ ਟੈਕਸ ਦੀ ਨੌਕਰੀ ਛੱਡ ਕੇ ਪਲਾਸ ਤੇ ਪੇਚਕਾਸ ਲੈ ਕੇ ਬਿਜਲੀ ਦੇ ਖੰਭੇ 'ਤੇ ਚੜ੍ਹ ਗਿਆ, ਮੈਨੂੰ ਬਣਾਉ ਮੁੱਖ ਮੰਤਰੀ ਥੋਨੂੰ ਬਿਜਲੀ ਪਾਣੀ ਮੁਫਤ ਦੇਊਂ, ਹੇਮਾਂ, ਸੁਸ਼ਮਾ, ਜਯਾਪ੍ਰਦਾ ਤੇ ਸਿਮਰਤੀ ਆ ਗਈਆਂ ਗੋਭੀ ਦੇ ਫੁੱਲ ਗਲਾਂ ਵਿਚ ਪਾ ਕੇ ਥੋਨੂੰ ਸਬਜ਼ੀਆਂ ਪੰਜ-ਸੱਤ ਰੁਪਏ ਕਿਲੋ ਤੇ ਟਮਾਟਰ ਮੁਫਤ ਦਵਾਂਵਾਂਗੇ (ਜਿਹੜੇ ਅੱਜ ਸੌ ਤੋਂ ਟੱਪ ਪਏ ਐ), ਗੱਲ ਕੀ ਜੀ ਕਿਸੇ ਨੇ ਪ੍ਰਧਾਨ ਮੰਤਰੀ ਨੂੰ ਚੂੜੀਆਂ ਭੇਜੀਆਂ, ਕਿਸੇ ਨੇ ਚੁਟਕਲੇ, ਕਹਾਵਤਾਂ, ਟੱਪਿਆਂ ਦੇ ਮੀਂਹ ਦੀ ਛਹਿਬਰ ਲਾਈ। ਕਰ-ਕਰਾ ਕੇ ਕਾਂਗਰਸ ਨੂੰ ਤਾਂ ਐਂ ਖੂੰਜੇ ਲਾਇਆ, ਜਿਵੇਂ ਸਾਡੇ ਨੇਤਾਵਾਂ ਨੇ ਦੇਸ਼ ਦੀ ਹਾਕੀ ਤੇ ਕ੍ਰਿਕਟ ਟੀਮ ਨੂੰ ਲਾਇਆ ਸੀ। ਹੁਣ ਜਿਥੇ ਦੇਸ਼ ਖੜ੍ਹਾ ਹੈ ਕਿਸੇ ਨੂੰ ਕੋਈ ਭੁੱਲ ਹੈ, ਦੇਸ਼ ਦੇ ਰਿਜ਼ਰਵ ਫੰਡ ਖਤਮ, ਰੇਲਵੇ ਸਟੇਸ਼ਨ, ਰੇਲਵੇ ਲਾਈਨਾਂ ਸੜਕਾਂ ਏਅਰਪੋਰਟ ਸਭ ਠੇਕੇ 'ਤੇ ਚੜ੍ਹ ਗਏ, ਏਅਰਲਾਈਨਾਂ ਵਿਕ ਗਈਆਂ, ਪਚਵੰਜਾ ਲੱਖ ਕਰੋੜ ਵਾਲਾ ਕਰਜ਼ਾ ਇੱਕ ਸੌ ਪਚਵੰਜਾ ਲੱਖ ਕਰੋੜ ਹੋ ਗਿਆ। ਪੈਨਸ਼ਨਾਂ ਬੰਦ, ਤਨਖਾਹਾਂ ਲਈ ਪੈਸਿਆਂ ਦੀ ਤੰਗੀ, ਮਾਸਟਰਾਂ ਨੂੰ ਡਾਂਗਾਂ, ਦੇਸ਼ ਵਿਚ ਫਿਰ ਵੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਢੋਲ ਵੱਜ ਰਿਹਾ ਹੈ। ਹੋਰ ਇਸ ਤੋਂ ਵੱਡਾ (ਚਲਾਕੀ ਡੇਅ) ਕਿਹੜਾ ਹੁੰਦਾ ਉਏ। ਸੁਣ ਕੇ ਸਾਰੇ ਹੱਕੇ-ਬੱਕੇ ਸਨ। ਗੱਲਾਂ-ਗੱਲਾਂ ਵਿਚ ਪਤਾ ਨਹੀਂ ਕਿਸ਼ਨਾ ਕਿਹੜੇ ਵੇਲੇ ਭੀੜ ਵਿਚੋਂ ਖਿਸਕ ਕੇ (ਰਾਲੇਗਾਉਂ) ਵੱਲ ਚਲਾ ਗਿਆ, ਉਸ ਨੂੰ ਸੱਥ ਵਿਚੋਂ ਖਿਸਕਿਆ ਵੇਖ ਕੇ ਜਾਗਰ ਅਮਲੀ ਕਹਿੰਦਾ, ਬਖਤੌਰਾ ਸਿਹਾਂ ਚਲਾਕੀ ਤਾਂ ਇਹ ਵੀ ਖੇਡ ਗਿਆ ਆਪਣੇ ਨਾਲ। ਗੱਲ ਖਤਮ ਹੋਣ ਉਪਰੰਤ ਸਭ ਨੇ ਮੁੜ ਤਾਸ਼ਾਂ ਵੰਡਣੀਆ ਸ਼ੁਰੂ ਕਰ ਦਿੱਤੀਆਂ।

# ਭਾਈ ਬੰਨੋ ਜੀ

ਰਮੇਸ਼ ਬੱਗਾ ਚੋਹਲਾ
ਲੁਧਿਆਣਾ, ਮੋਬ : 94631-32719
(Punjab Mail USA)




ਫੋਟੋ:-ਡਾ. ਬਲਜੀਵਨ ਚੋਹਲਾ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਹੜਾ ਅਧਿਆਤਮਕ ਭੋਜਨ ਦਾ ਥਾਲ (ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ) ਸਜਾ ਕੇ ਦਿੱਤਾ ਹੈ, ਇਹ ਉਨ੍ਹਾਂ ਦੀ ਇੱਕ ਵੱਡਮੁੱਲੀ ਅਤੇ ਵਿਸ਼ੇਸ਼ ਦੇਣ ਹੈ। ਇਹ ਦੇਣ ਜਿਥੇ ਗੁਰੂ ਸਾਹਿਬ ਦੇ ਇੱਕ ਯੋਗ ਸੰਪਾਦਕ, ਮਹਾਨ ਵਿਦਵਾਨ ਅਤੇ ਉੱਚਕੋਟੀ ਦੇ ਕਵੀ ਹੋਣ ਦੀ ਹਾਮੀ ਭਰਦੀ ਹੈ, ਉੱਥੇ ਉਨ੍ਹਾਂ ਦੇ ਵਿੱਥ ਰਹਿਤ ਅਤੇ ਸਮਸਰ ਨਜ਼ਰੀਏ ਦੇ ਧਾਰਣੀ ਹੋਣ ਦੀ ਗਵਾਹੀ ਵੀ ਦਿੰਦੀ ਹੈ।

ਵਿਸ਼ਾਲ ਅਤੇ ਕਮਾਲ ਨਜ਼ਰੀਏ ਨਾਲ ਸਜਾਏ ਇਸ ਅਧਿਆਤਮਿਕ ਥਾਲ ਵਿਚ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤ (ਉੱਚਾ ਤੇ ਸੁੱਚਾ ਆਚਰਣ) ਸੰਤੋਖ (ਦੁਨਿਆਵੀ ਦਾਤਾਂ ਤੋਂ ਤ੍ਰਿਪਤੀ) ਅਤੇ ਵਿਚਾਰ (ਆਤਮਿਕ ਗਿਆਨ) ਦੇ ਨਾਲ-ਨਾਲ ਪ੍ਰਭੂ ਦਾ ਅੰਮ੍ਰਿਤਮਈ ਅਤੇ ਸਦੀਵੀ ਨਾਮ ਵੀ ਪਰੋਸਿਆ ਹੈ। ਰੂਹਾਂ ਦੇ ਰੱਜ ਲਈ ਸਜਾਏ ਇਸ ਬੇਸ਼ਕੀਮਤੀ ਥਾਲ ਬਾਬਤ ਗੁਰੂ ਸਾਹਿਬ ਦਾ ਇਹ ਦਾਅਵਾ ਹੈ ਕਿ ਜੇਕਰ ਕੋਈ ਸ਼ਰਧਾ-ਭਾਵਨਾ ਨਾਲ ਇਸ ਆਤਮਿਕ ਭੋਜਨ ਦਾ ਸੇਵਨ ਕਰਕੇ ਉਸ ਨੂੰ ਪਚਾਵੇਗਾ, ਭਾਵ ਹਿਰਦੇ ਵਿਚ ਵਸਾਵੇਗਾ, ਉਸ ਦਾ ਲੋਕ ਸੁਖੀਆ ਅਤੇ ਪ੍ਰਲੋਕ ਸੁਹੇਲਾ ਹੋ ਜਾਵੇਗਾ।

ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਇਸ ਥਾਲ ਨੂੰ ਸਜਾਉਣ ਲਈ ਜਿਥੇ ਪੰਚਮ ਪਾਤਸ਼ਾਹ ਦਾ ਆਪਣਾ ਇੱਕ ਅਹਿਮਤਰੀਨ ਯੋਗਦਾਨ ਹੈ, ਉੱਥੇ ਭਾਈ ਗੁਰਦਾਸ ਜੀ, ਬਾਬਾ ਬੁੱਢਾ ਸਾਹਿਬ ਅਤੇ ਨਗਰ ਖਾਰਾ ਦੇ ਨਿਵਾਸੀ ਭਾਈ ਬੰਨੋ ਜੀ ਆਦਿ ਦਾ ਵੀ ਵਿਸ਼ੇਸ਼ ਸਹਿਯੋਗ ਹੈ।

ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਅਥਾਹ ਸ਼ਰਧਾ ਰੱਖਣ ਵਾਲੇ ਭਾਈ ਬੰਨੋ ਜੀ ਦਾ ਜਨਮ ਵਿਸਾਖ ਸੁਦੀ 13 ਸੰਮਤ 1615 ਬਿਕ੍ਰਮੀ (30 ਅਪ੍ਰੈਲ, 1558 ਈ.) ਨੂੰ ਭਾਈ ਬਿਸ਼ਨ ਚੰਦ/ਦੇਵ ਦੇ ਗ੍ਰਿਹਿ ਪਿੰਡ ਖਾਰਾ ਮਾਂਗਟ (ਗੁਜਰਾਤ) ਵਿਖੇ ਹੋਇਆ। ਭਾਈ ਸਾਹਿਬ ਭਾਟੀਆ (ਖੱਤਰੀ) ਭਾਈਚਾਰੇ ਨਾਲ ਸੰਬੰਧ ਰੱਖਦੇ ਸਨ। ਭਾਈ ਬੰਨੋ ਦੇ ਤਿੰਨ ਭਰਾ ਭਾਈ ਫੇਰੂ, ਭਾਈ ਗੁਰਦਿੱਤਾ ਅਤੇ ਭਾਈ ਹਰੀ ਜੀ ਸਨ। ਜਿਸ ਪਿੰਡ ਵਿਚ ਭਾਈ ਸਾਹਿਬ ਦਾ ਜਨਮ ਹੋਇਆ, ਉਹ ਸਿਰਫ ਨਾਮ ਦਾ ਹੀ ਖਾਰਾ ਨਹੀਂ ਸੀ, ਸਗੋਂ ਉਸ ਦਾ ਪਾਣੀ ਵੀ ਅਤਿ ਦਾ ਖਾਰਾ ਸੀ। ਪੀਣ ਦੇ ਯੋਗ ਨਾ ਹੋਣ ਕਾਰਨ ਪਿੰਡ ਵਾਸੀਆਂ ਨੂੰ ਦੂਰ-ਦੁਰਾਡੇ ਤੋਂ ਪਾਣੀ ਦੀ ਲੋੜ ਪੂਰੀ ਕਰਨੀ ਪੈਂਦੀ ਸੀ।

ਭਾਈ ਬੰਨੋ ਦਾ ਵਿਆਹ ਚੇਤ ਸੁਦੀ 7 ਸੰਮਤ 1933 ਨੂੰ ਪਿੰਡ ਮਾਨੋ ਚੱਕ ਦੇ ਵਸਨੀਕ ਦਿਆਲ ਚੰਦ ਸਾਵੜਾ ਦੀ ਬੇਟੀ ਸੁਰੰਗੀ ਜਿਨ੍ਹਾਂ ਨੂੰ ਬੀਬੀ ਰੱਜੀ ਵੀ ਕਿਹਾ ਜਾਂਦਾ ਸੀ, ਨਾਲ ਹੋਇਆ। ਨੇਕ ਸੁਭਾਅ ਦੀ ਸੁਆਣੀ ਹੋਣ ਕਰਕੇ ਪਿੰਡ ਦੇ ਲੋਕ ਉਸ ਨੂੰ 'ਮਾਈ ਰੱਜੀ ਪਰਦੇ ਕੱਜੀ' ਕਿਹਾ ਕਰਦੇ ਸਨ। ਭਾਈ ਸਾਹਿਬ ਨੂੰ ਗੁਰਮਿਤ ਦਾ ਪਾਠ ਪੜ੍ਹਾਉਣ ਵਾਲੀ ਸੁਰੰਗੀ ਉਰਫ਼ ਬੀਬੀ ਰੱਜੀ ਹੀ ਸੀ।

ਭਾਈ ਬੰਨੋ ਦੇ ਘਰ ਅੱਠ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਮ ਹਨ-ਮੱਲ, ਟੱਲ, ਤਾਰਾ, ਦਵਾਰਕਾ, ਲੱਖੂ, ਬੱਖੂ, ਉੱਤਮ ਅਤੇ ਬੱਧੂ। ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਭਾਈ ਬੰਨੋ ਨੇ ਇਨ੍ਹਾਂ ਸਾਰਿਆਂ ਨੂੰ ਅਧਿਆਤਮਿਕ ਪੜ੍ਹਾਈ ਵੀ ਕਰਵਾਈ ਪਰ ਪਦਾਰਥਵਾਦੀ ਬਿਰਤੀ ਭਾਰੂ ਹੋਣ ਕਰਕੇ ਇਹ ਭਾਈ ਸਾਹਿਬ ਕੋਲੋਂ ਵੱਖਰੀ ਧੰਨ-ਸੰਪਤੀ ਦੀ ਆਸ ਕਰਨ ਲੱਗ ਪਏ। ਭਾਈ ਬੰਨੋ ਨੇ ਇਨ੍ਹਾਂ ਨੂੰ ਸਮਝਾਇਆ ਕਿ ਸਿੱਖੀ ਅਤੇ ਸੰਪਤੀ ਦੋਵੇਂ ਇੱਕ ਥਾਂ 'ਤੇ ਨਹੀਂ ਟਿੱਕ ਸਕਦੀਆਂ। ਪੁੱਤਰ ਬਾਪੂ ਦੀ ਰਮਜ਼ ਨੂੰ ਸਮਝ ਗਏ ਅਤੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਲੱਗ ਪਏ।

. ਜਦੋਂ ਸੰਮਤ 1645 ਵਿਚ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਖੁਦਾਈ ਕਰਵਾ ਰਹੇ ਸਨ, ਤਾਂ ਉਸ ਸਮੇਂ ਭਾਈ ਬੰਨੋ ਜੀ ਸੰਗਤ ਸਮੇਤ ਦਰਸ਼ਨ ਕਰਨ ਲਈ ਆ ਗਏ। ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ, ਤਾਂ ਉਹ ਉਥੋਂ ਦੇ ਹੀ ਹੋ ਕੇ ਰਹਿ ਗਏ। ਮਨ ਸਿਮਰਨ ਅਤੇ ਤਨ ਸੇਵਾ ਵਿਚ ਲਗਾ ਕੇ ਭਾਈ ਸਾਹਿਬ ਸਿੱਖੀ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਏ। ਸਿੱਖੀ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਵਿਸ਼ੇਸ਼ ਲਗਨ ਨੂੰ ਦੇਖ ਕੇ ਗੁਰੂ ਅਰਜਨ ਦੇਵ ਨੇ ਭਾਈ ਬੰਨੋ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਦਿੱਤਾ।

ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਭਾਈ ਬੰਨੋ ਦੀ ਦੇਣ ਕਾਬਲ-ਏ-ਤਰੀਫ਼ ਹੈ। ਦੂਰ-ਦੁਰਾਡੇ ਦੇ ਇਲਾਕੇ ਵਿਚ ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਆਪਣੇ ਨਗਰ ਖਾਰੇ ਵਿਚ ਵੀ ਇੱਕ ਧਰਮਸ਼ਾਲਾ ਬਣਾਈ, ਜਿਥੇ ਬੈਠਕੇ ਉਹ ਕਥਾ-ਕੀਰਤਨ ਦਾ ਆਖੰਡ ਪ੍ਰਵਾਹ ਚਲਾਉਂਦੇ ਸਨ।

ਗੁਰੂ ਅਰਜਨ ਦੇਵ ਜੀ ਭਾਈ ਬੰਨੋ ਨੂੰ ਰੱਜਵਾਂ ਮਾਣ ਤੇ ਸਤਿਕਾਰ ਦਿੰਦੇ ਸਨ। ਹਰਿਮੰਦਰ ਸਾਹਿਬ ਦੀ ਮੁਕੰਮਲਤਾ ਦੀ ਖ਼ੁਸ਼ੀ ਵਿਚ ਗੁਰੂ ਸਾਹਿਬ ਨੇ ਇੱਕ ਵਾਰ ਬ੍ਰਹਮ-ਭੋਜ (ਲੰਗਰ) ਤਿਆਰ ਕਰਵਾਇਆ। ਪੁਰਾਤਨੀ ਸੋਚ ਵਾਲੇ ਕੁੱਝ ਸਿੱਖਾਂ ਨੇ ਗੁਰੂ ਜੀ ਨੂੰ ਇਸ ਭੋਜ ਦਾ ਪਹਿਲਾ ਥਾਲ ਕਿਸੇ ਪੁਰੋਹਿਤ ਨੂੰ ਛਕਾਉਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਨੇ ਉਹ ਥਾਲ ਭਾਈ ਬੰਨੋ ਅੱਗੇ ਰੱਖ ਦਿੱਤਾ। ਇਸ ਗੱਲ ਦੀ ਗਵਾਹੀ ਭਾਈ ਜਵਾਹਰ ਸਿੰਘ ਨੇ ਆਪਣੀ ਪੁਸਤਕ 'ਭਾਈ ਬੰਨੋ ਪ੍ਰਕਾਸ਼' ਦੇ ਅਧਿਆਇ ਛੇਵੇਂ ਵਿਚ ਇਸ ਤਰ੍ਹਾਂ ਭਰੀ ਹੈ:-

'ਹਮਰੋ ਪ੍ਰੋਹਿਤ ਭਾਈ ਬੰਨੋ ॥ ਸਭ ਸੰਗਤਿ ਤੁਮ ਸਤਿ ਕਰਿ ਮਾਨੋ ॥"

ਚਾਰ ਗੁਰੂ ਸਾਹਿਬਾਨ ਨੇ ਸਿੱਖੀ ਦੀ ਚੜ੍ਹਦੀਕਲਾ ਅਤੇ ਸਰਬਤ ਦੇ ਭਲੇ ਲਈ ਆਪਣੇ-ਆਪਣੇ ਸਮੇਂ ਵਿਚ ਬਾਣੀ (ਪੋਥੀ ਦੇ ਰੂਪ ਵਿਚ) ਰਚ ਕੇ ਸਾਰਥਿਕ ਅਤੇ ਸਦੀਵੀਂ ਯੋਗਦਾਨ ਪਾਇਆ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਯੋਗਦਾਨ ਨੂੰ ਪੱਕੇ ਪੈਰੀਂ ਕਰਨ ਹਿੱਤ ਇੱਕ ਵੱਡ-ਅਕਾਰੀ ਅਤੇ ਮਿਆਰੀ ਗ੍ਰੰਥ ਦੀ ਸੰਪਾਦਨਾ ਦਾ ਪ੍ਰੋਗਰਾਮ ਬਣਾਇਆ। ਇਸ ਪ੍ਰੋਗਰਾਮ ਦਾ ਉਦੇਸ਼ ਗੁਰੂ ਸਾਹਿਬਾਨ ਦੀਆਂ ਰੱਬੀ-ਰਚਨਾਵਾਂ ਦੀ ਸਾਂਭ-ਸੰਭਾਲ ਤੋਂ ਇਲਾਵਾ ਗੁਰਮਿਤ ਦੀ ਕਸਵੱਟੀ 'ਤੇ ਖ਼ਰੀਆਂ ਉਤਰਨ ਵਾਲੀਆਂ ਭਗਤਾਂ, ਭੱਟਾਂ ਅਤੇ ਗੁਰੂ-ਘਰ ਨਾਲ ਨੇੜਤਾ ਰੱਖਣ ਵਾਲਿਆਂ ਸਿੱਖਾਂ ਦੀ ਰਚਨਾਵਾਂ ਨੂੰ ਸੰਭਾਲਣਾ ਵੀ ਸੀ। ਮਹਾਨਤਾ ਅਤੇ ਵਿਦਵਾਨਤਾ ਵਾਲੇ ਇਸ ਕਾਰਜ ਲਈ ਪੰਚਮ ਪਾਤਸ਼ਾਹ ਨੇ ਰਾਮਸਰ ਨਾਮ ਦੇ ਇਕਾਂਤਕ ਸਥਾਨ ਦੀ ਚੋਣ ਕੀਤੀ ਅਤੇ ਕਾਗਜ਼-ਕਲਮ ਮੰਗਵਾਕੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਨਿਯੁਕਤ ਕਰ ਦਿੱਤਾ। ਇਸ ਤਰ੍ਹਾਂ ਗੁਰਬਾਣੀ/ਬਾਣੀ ਸੰਗ੍ਰਿਹ ਅਤੇ ਸੰਪਾਦਨ ਦਾ ਇਹ ਕਾਰਜ ਲਗਭਗ ਪੌਣੇ ਕੁ ਦੋ ਸਾਲ ਵਿਚ ਸੰਪੂਰਨ ਹੋ ਗਿਆ। ਬੀੜ ਦੀ ਤਿਆਰੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਬੜੀ ਸ਼ਿੱਦਤ ਨਾਲ ਇਸ ਦੀ ਹਿਫ਼ਾਜ਼ਤ ਦੀ ਲੋੜ ਨੂੰ ਮਹਿਸੂਸ ਕੀਤਾ, ਜੋ ਕਿ ਇੱਕ ਮਜ਼ਬੂਤ ਅਤੇ ਸੁੰਦਰ ਜਿਲਦ ਨਾਲ ਹੀ ਹੋ ਸਕਦੀ ਸੀ। ਗੁਰੂ ਸਾਹਿਬ ਅਜੇ ਇਸ ਬਾਰੇ ਸੋਚ ਹੀ ਰਹੇ ਸਨ ਕਿ ਅਚਾਨਕ ਭਾਈ ਬੰਨੋ ਜੀ ਖਾਰੇ ਵਾਲੇ ਉੱਥੇ ਪਹੁੰਚ ਗਏ। ਅੰਮ੍ਰਿਤਸਰ ਨਗਰ ਅਜੇ ਨਵਾਂ-ਨਵਾਂ ਵੱਸਿਆ ਸੀ, ਜਿਸ ਕਰਕੇ ਜਿਲਦਸਾਜ਼ੀ ਦਾ ਕੰਮ ਇਥੇ ਨਹੀਂ ਸੀ ਹੁੰਦਾ। ਇਸ ਕੰਮ ਲਈ ਲਾਹੌਰ ਜਾਂ ਦਿੱਲੀ ਜਾਣਾ ਪੈਣਾ ਸੀ। ਇਹ ਸੇਵਾ ਭਾਈ ਬੰਨੋ ਨੂੰ ਸੌਂਪਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ, 'ਇਸ ਬੀੜ (ਜੋ ਵੱਖ-ਵੱਖ ਸੈਂਚੀਆਂ ਦੇ ਰੂਪ ਵਿਚ ਸੀ) ਨੂੰ ਆਪਣੇ ਨਗਰ ਖਾਰੇ ਲੈ ਜਾਉ ਅਤੇ ਮੁੜਦੇ ਹੋਏ ਲਾਹੌਰ ਤੋਂ ਇੱਕ ਚੰਗੀ ਅਤੇ ਟਿਕਾਊ ਜਿਲਦ ਬੰਨ੍ਹਵਾ ਲਿਆਉ।'

ਭਾਈ ਬੰਨੋ ਨੇ ਗੁਰ ਸਾਹਿਬ ਦੇ ਬਚਨ ਨੂੰ ਸਤਿ ਕਰਕੇ ਜਾਣਿਆਂ ਅਤੇ ਨਾਲ ਹੀ ਇਸ ਬੀੜ ਦਾ ਇੱਕ ਹੋਰ ਉਤਾਰਾ ਕਰਨ ਦੀ ਆਗਿਆ ਵੀ ਲੈ ਲਈ।

ਗੁਰੂ ਸਾਹਿਬ ਦੇ ਹੁਕਮ ਨਾਲ ਭਾਈ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਲਈ ਅਤੇ ਸੰਗਤ ਸਮੇਤ ਅੰਮ੍ਰਿਤਸਰ ਤੋਂ ਆਪਣੇ ਨਗਰ ਖਾਰੇ ਨੂੰ ਚੱਲ ਪਏ। ਲਾਹੌਰ ਪਹੁੰਚ ਕੇ ਦਰਿਆ ਰਾਵੀ ਦੇ ਕਿਨਾਰੇ ਇੱਕ ਇਕਾਂਤ ਸਥਾਨ 'ਤੇ ਬੈਠ ਕੇ ਉਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦਾ ਉਤਾਰਾ ਕਰਨਾ ਆਰੰਭ ਦਿੱਤਾ। ਪਰ ਜਵਾਹਰ ਸਿੰਘ ਦੇ ਮੁਤਾਬਿਕ ਇਹ ਕਾਰਜ ਉਨ੍ਹਾਂ ਨੇ ਰਸਤੇ ਵਿਚ ਪੜਾਅ ਕਰਕੇ ਹੀ ਸ਼ੁਰੂ ਕਰ ਦਿੱਤਾ ਸੀ।

ਇਸ ਤਰ੍ਹਾਂ ਨਗਰ ਖਾਰੇ ਵਿਚ ਪਹੁੰਚਣ ਅਤੇ ਉੱਥੋਂ ਲਾਹੌਰ ਮੁੜਦੇ ਸਮੇਂ ਤੱਕ ਭਾਈ ਬੰਨੋ ਦੇ ਉੱਦਮ ਸਦਕਾ ਆਦਿ ਗ੍ਰੰਥ ਸਾਹਿਬ ਦੀ ਇੱਕ ਹੋਰ ਬੀੜ ਤਿਆਰ ਹੋ ਗਈ, ਜਿਹੜੀ ਖਾਰੇ ਵਾਲੀ ਜਾਂ ਖਾਰੀ ਬੀੜ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਤੋਂ ਬਾਅਦ ਭਾਈ ਸਾਹਿਬ ਲਾਹੌਰ ਪਹੁੰਚ ਗਏ ਅਤੇ ਉਨ੍ਹਾਂ ਨੇ ਇੱਕ ਚੰਗੇ ਜਿਲਦਸਾਜ਼ ਤੋਂ ਦੋਵਾਂ ਪਵਿੱਤਰ ਬੀੜਾਂ ਦੀਆਂ ਪੱਕੀਆਂ ਜਿਲਦਾਂ ਬੰਨ੍ਹਵਾ ਲਈਆਂ।

ਇਸ ਕਾਰਜ ਦੀ ਸਿੱਧੀ ਤੋਂ ਬਾਅਦ ਭਾਈ ਬੰਨੋ ਜੀ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚ ਗਏ ਅਤੇ ਉਨ੍ਹਾਂ ਨੇ ਦੋਵੇਂ ਬੀੜਾਂ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀਆਂ। ਗੁਰੂ ਜੀ ਉਨ੍ਹਾਂ ਬੀੜਾਂ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਨਾਲ ਬਚਨ ਕੀਤਾ, 'ਭਾਈ ਬੰਨੋ, ਅਸੀਂ ਅਦਬ ਦੇ ਲਿਹਾਜ਼ ਨਾਲ ਇੱਕ ਬੀੜ ਹੀ ਕਾਇਮ ਰੱਖਣੀ ਚਾਹੁੰਦੇ ਸੀ ਪਰ ਹੁਣ ਤੂੰ ਪ੍ਰੇਮ ਅਤੇ ਲਗਨ ਨਾਲ ਇਸ ਦਾ ਦੂਜਾ ਉਤਾਰਾ ਕਰਵਾ ਲਿਆ ਹੈ, ਇਸ ਲਈ ਹੁਣ ਇਹ ਬੀੜ ਇੱਕ ਨਹੀਂ ਰਹੇਗੀ, ਸਗੋਂ ਇਸ ਦੀ ਅਨੇਕਾਂ ਪ੍ਰਤੀਆਂ ਤਿਆਰ ਹੋ ਕਿ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਪਾਸ ਪਹੁੰਚ ਜਾਣਗੀਆਂ। ਗੁਰੂ ਸਾਹਿਬ ਦਾ ਇਹ ਬਚਨ ਅਟੱਲ ਸਾਬਤ ਹੋਇਆ 17ਵੀਂ ਅਤੇ 18ਵੀਂ ਸਦੀ ਵਿਚ ਇਸ ਬੀੜ ਦੇ ਅਨੇਕਾਂ ਉਤਾਰੇ ਹੋਏ, ਜਿਨ੍ਹਾਂ ਨੂੰ ਸਿੱਖ ਸ਼ਰਧਾਲੂਆਂ ਵੱਲੋਂ ਬੜੇ ਪਿਆਰ ਤੇ ਸਤਿਕਾਰ ਨਾਲ ਪੜ੍ਹਿਆ/ਸੁਣਿਆ ਗਿਆ।

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਵਾਲੀ ਬੀੜ (ਆਦਿ ਗ੍ਰੰਥ ਸਾਹਿਬ) ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਿਤ ਕਰ ਦਿੱਤਾ ਅਤੇ ਦੂਜੀ (ਖਾਰੀ) ਬੀੜ ਉਪਰ ਆਪਣੇ ਦਸਤਖ਼ਤ ਕਰਕੇ ਭਾਈ ਬੰਨੋ ਜੀ ਨੂੰ ਬਖ਼ਸ਼ ਦਿੱਤੀ। ਭਾਈ ਸਾਹਿਬ ਉਹ ਬੀੜ ਲੈ ਕੇ ਆਪਣੇ ਨਗਰ ਖਾਰੇ ਮਾਂਗਟ ਚਲੇ ਗਏ, ਜਿਥੇ ਇਹ ਬੀੜ ਪਹਿਲਾਂ ਉਨ੍ਹਾਂ ਕੋਲ ਅਤੇ ਫਿਰ ਉਨ੍ਹਾਂ ਦੇ ਪਰਿਵਾਰ ਕੋਲ ਰਹੀ।

ਵੰਡ ਤੋਂ ਬਾਅਦ ਭਾਈ ਬੰਨੋ ਜੀ ਦਾ ਪਰਿਵਾਰ ਉੱਤਰ ਪ੍ਰਦੇਸ਼ ਦੇ ਨਗਰ ਬੜੌਤ ਵਿਚ ਆ ਵੱਸਿਆ। ਬਿਰਧ ਅਵਸਥਾ ਵਿਚ ਹੋਣ ਦੇ ਬਾਵਜੂਦ ਇਹ ਬੀੜ ਇਸ ਪਰਿਵਾਰ ਕੋਲ ਸੁਰੱਖਿਅਤ ਰਹੀ ਹੈ।

# "ਜੂਨੀਅਰ" ਫ਼ਿਲਮ ਨਾਲ ਨਵੀਂ ਪੁਲਾਂਘ ਪੁਟੇਗਾ ਅਮੀਕ ਵਿਰਕ

-ਸੁਰਜੀਤ ਜੱਸਲ
98146-07737
(Punjab Mail USA)





ਅਮੀਕ ਵਿਰਕ ਪੰਜਾਬੀ ਸਿਨਮਾ ਦਾ ਉਹ ਅਦਾਕਾਰ ਹੈ, ਜੋ ਰਾਤੋਂ-ਰਾਤ ਸਟਾਰ ਬਣਨ ਦੀ ਥਾਂ ਸਿੱਖਦੇ ਹੋਏ ਪੌੜੀ-ਦਰ-ਪੌੜੀ ਮੰਜ਼ਿਲ ਵੱਲ ਵਧਣ ਵਿਚ ਵਿਸ਼ਵਾਸ ਰੱਖਦੇ ਹਨ। ਪਿਛਲੇ ਦਿਨੀਂ ਆਈ ਬਹੁਚਰਚਿਤ ਫਿਲਮ "ਮੌੜ" ਵਿਚ ਅੰਗਰੇਜ਼ ਪੁਲਿਸ ਅਫ਼ਸਰ ਹਰਟਨ ਦਾ ਕਿਰਦਾਰ ਨਿਭਾਕੇ ਸਭ ਨੂੰ ਦੰਗ ਕਰਨ ਵਾਲੇ ਅਮੀਕ ਵਿਰਕ ਹੁਣ ਪੰਜਾਬੀ ਫ਼ਿਲਮ "ਜੂਨੀਅਰ" ਵਿਚ ਬਤੌਰ ਹੀਰੋ ਨਜ਼ਰ ਆਉਣਗੇ। ਪੰਜਾਬੀ ਸਿਨਮਾ ਵਿਚ ਇੱਕ ਨਵਾਂ ਅਧਿਆਇ ਲਿਖਣ ਦਾ ਦਮ ਰੱਖਦੀ ਇਸ ਐਕਸ਼ਨ ਤੇ ਡਰਾਮਾ ਫਿਲਮ ਲਈ ਅਮੀਕ ਨੇ ਲਗਾਤਾਰ ਦੋ ਸਾਲ ਸਖ਼ਤ ਮਿਹਨਤ ਕੀਤੀ, ਜਿਸ ਦਾ ਨਤੀਜਾ ਇਹ ਹੈ ਕਿ ਅੱਜ ਇਹ ਫ਼ਿਲਮ ਆਪਣੀ ਰਿਲੀਜ਼ ਤੋਂ ਪਹਿਲਾਂ ਹੀ ਹਰ ਪਾਸੇ ਚਰਚਾ ਵਿਚ ਹੈ।

18 ਅਗਸਤ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਬਾਰੇ ਅਮੀਕ ਦੱਸਦੇ ਹਨ ਕਿ ਇਸ ਫ਼ਿਲਮ ਨੂੰ ਬਣਨ ਵਿਚ ਭਾਵੇਂ ਦੋ ਸਾਲ ਲੱਗੇ ਹਨ ਪਰ ਇਸ ਦੀ ਤਿਆਰੀ ਉਹ ਕਈ ਸਾਲਾਂ ਤੋਂ ਕਰ ਰਹੇ ਹਨ।

ਰਾਜਧਾਨੀ ਚੰਡੀਗੜ੍ਹ ਦੇ ਜੰਮਪਲ ਤੇ ਚੰਡੀਗੜ੍ਹ ਸਮੇਤ ਆਸਟਰੇਲੀਆ ਤੋਂ ਐਨੀਮੇਸ਼ਨ ਤੇ ਮਲਟੀਮੀਡੀਆ ਦੀ ਪੜ੍ਹਾਈ ਕਰਨ ਵਾਲੇ ਅਮੀਕ ਵਿਰਕ ਦਾ ਮੁੱਢ ਤੋਂ ਹੀ ਝੁਕਾਅ ਸਿਨਮਾ ਵੱਲ ਸੀ। ਉਹ ਦੱਸਦੇ ਹਨ ਕਿ ਉਨ੍ਹਾਂ ਦਾ ਨਾਨਕਾ ਪਰਿਵਾਰ ਕਲਾ ਨਾਲ ਸਬੰਧ ਰੱਖਦਾ ਹੈ, ਉੱਥੋਂ ਹੀ ਉਸਨੂੰ ਵੀ ਪਹਿਲਾਂ ਪੇਂਟਿੰਗ ਤੇ ਫਿਰ ਅਦਾਕਾਰੀ ਦੀ ਚੇਟਕ ਲੱਗੀ। ਉਸਨੇ ਆਪਣੇ ਪਰਿਵਾਰ ਕਾਰੋਬਾਰ ਦੀ ਥਾਂ ਫ਼ਿਲਮ ਜਗਤ ਵਿਚ ਕੰਮ ਕਰਨ ਨੂੰ ਪਹਿਲ ਦਿੱਤੀ। ਬਤੌਰ ਅਦਾਕਾਰ ਆਪਣੀ ਸ਼ੁਰੂਆਤ ਕਰਨ ਤੋਂ ਪਹਿਲਾਂ ਅਮੀਕ ਵਿਰਕ ਨੇ ਪਹਿਲਾਂ ਇਸ ਇੰਡਸਟਰੀ ਨੂੰ ਸਮਝਿਆ ਅਤੇ ਆਪਣਾ ਪ੍ਰੋਡਕਸ਼ਨ "ਨਦਰ ਫਿਲਮਜ਼" ਖੋਲ੍ਹ ਕੇ "ਬੰਬੂਕਾਟ", "ਲਹੌਰੀਏ", "ਵੇਖ ਬਰਾਤਾਂ ਚੱਲੀਆਂ", "ਭਲਵਾਨ ਸਿੰਘ", "ਅਫ਼ਸਰ" ਅਤੇ "ਗੋਲਕ ਬੁਗਨੀ ਬੈਂਕ ਤੇ ਬਟੂਆ-1" ਸਮੇਤ ਕੁਝ ਹੋਰ ਫ਼ਿਲਮਾਂ ਦਾ ਨਿਰਮਾਣ ਕੀਤਾ। ਫ਼ਿਲਮ ਖੇਤਰ ਦਾ ਹਰ ਤਰ੍ਹਾਂ ਦਾ ਤਜ਼ਰਬਾ ਹਾਸਲ ਕਰਨ ਤੋਂ ਬਾਅਦ ਹੀ ਉਨ੍ਹਾਂ ਬਤੌਰ ਅਦਾਕਾਰ ਆਪਣੀ ਅਗਲੀ ਪਾਰੀ ਦੀ ਸ਼ੁਰੂਆਤ ਕਰਨ ਦਾ ਫੈਸਲਾ ਕੀਤਾ। ਹਾਲ ਹੀ ਵਿਚ ਰਿਲੀਜ਼ ਹੋਈ ਨਿਰਦੇਸ਼ਕ ਜਤਿੰਦਰ ਮੌਹਰ ਦੀ ਫ਼ਿਲਮ "ਮੌੜ" ਵਿਚ ਅਮੀਕ ਨੇ ਅੰਗਰੇਜ਼ ਪੁਲਿਸ ਅਫ਼ਸਰ ਹਰਟਨ ਦਾ ਪ੍ਰਭਾਵਸ਼ਾਲੀ ਕਿਰਦਾਰ ਨਿਭਾਇਆ। ਅਮੀਕ ਦੀ ਅੰਗਰੇਜ਼ੀ ਅਤੇ ਪ੍ਰਭਾਵਸ਼ਾਲੀ ਦਿੱਖ ਉਸਦੇ ਸੱਚਮੁੱਚ ਕਿਸੇ ਗੋਰੇ ਪੁਲਿਸ ਅਸਰ ਹੋਣ ਦਾ ਭੁਲੇਖਾ ਪਾਉਂਦੀ ਸੀ। ਬਹੁਤ ਸਾਰੇ ਲੋਕਾਂ ਨੂੰ ਇਹ ਭਰਮ ਵੀ ਹੋ ਗਿਆ ਹੈ ਕਿ ਉਹ ਕੋਈ ਹਾਲੀਵੁੱਡ ਦਾ ਅਦਾਕਾਰ ਹੈ। ਅਮੀਕ ਮੁਤਾਬਕ ਇਸ ਫ਼ਿਲਮ ਨੇ ਉਸਨੂੰ ਬਤੌਰ ਅਦਾਕਾਰ ਮੂਹਰੇ ਲਿਆਂਦਾ ਹੈ। ਹੁਣ 18 ਅਗਸਤ ਨੂੰ ਬਤੌਰ ਹੀਰੋ ਉਸਦੀ ਫਿਲਮ "ਜੂਨੀਅਰ" ਰਿਲੀਜ਼ ਹੋਵੇਗੀ। ਇਸ ਫ਼ਿਲਮ ਦੀ ਕਹਾਣੀ ਵੀ ਉਨ੍ਹਾਂ ਖੁਦ ਲਿਖੀ ਹੈ। ਨਿਰਦੇਸ਼ਕ ਹਰਮਨ ਢਿੱਲੋਂ ਅਤੇ ਨਦਰ ਫ਼ਿਲਮਜ਼ ਦੀ ਟੀਮ ਵੱਲੋਂ ਨਿਰਦੇਸ਼ਤ ਕੀਤੀ ਇਹ ਫ਼ਿਲਮ ਪੰਜਾਬ, ਚੰਡੀਗੜ੍ਹ ਦੇ ਨਾਲ-ਨਾਲ ਦੁਨੀਆਂ ਦੇ ਤਿੰਨ ਵੱਖ-ਵੱਖ ਮੁਲਕਾਂ ਵਿਚ ਫ਼ਿਲਮਾਈ ਗਈ ਹੈ। ਇਸ ਫ਼ਿਲਮ ਵਿਚ ਉਹ ਅਜਿਹੇ ਨੌਜਵਾਨ ਦਾ ਕਿਰਦਾਰ ਨਿਭਾ ਰਹੇ ਜੋ ਕਿਸੇ ਵੇਲੇ ਕਰਾਈਮ ਦੀ ਦੁਨੀਆਂ ਦਾ ਹਿੱਸਾ ਸੀ। ਆਮ ਨਾਗਰਿਕ ਵਾਲੀ ਜ਼ਿੰਦਗੀ ਜਿਉਂ ਰਹੇ ਇਸ ਨੌਜਵਾਨ ਦੀ ਜ਼ਿੰਦਗੀ ਵਿਚ ਉਦੋਂ ਤਰਥੱਲੀ ਮੱਚਦੀ ਹੈ, ਜਦੋਂ ਉਸਦੀ ਬੱਚੀ ਗਲਤੀ ਨਾਲ ਕੁਝ ਗੈਂਗਸਟਰਾਂ ਦੀ ਗੋਲੀ ਦਾ ਸ਼ਿਕਾਰ ਹੋ ਜਾਂਦੀ ਹੈ। ਅਮੀਕ ਮੁਤਾਬਕ ਉਨ੍ਹਾਂ ਦੀ ਇਹ ਫ਼ਿਲਮ ਆਮ ਪੰਜਾਬੀ ਫ਼ਿਲਮਾਂ ਨਾਲੋਂ ਵੱਖਰੀ ਹੈ। ਫ਼ਿਲਮ ਦੀ ਸਾਰੀ ਦੀ ਸਾਰੀ ਤਕਨੀਕੀ ਟੀਮ ਸਾਊਥ ਸਿਨਮਾ ਤੇ ਹਾਲੀਵੁੱਡ ਨਾਲ ਸਬੰਧਿਤ ਹੈ। ਫ਼ਿਲਮ 'ਚ ਆਮ ਇਨਸਾਨ ਦੀ ਜ਼ਿੰਦਗੀ ਅਤੇ ਕਰਾਈਮ ਦੀ ਦੁਨੀਆਂ ਦਾ ਸੱਚ ਖ਼ੂਬਸੂਰਤ ਤਰੀਕੇ ਨਾਲ ਫ਼ਿਲਮਾਇਆ ਹੈ। ਇਸ ਫ਼ਿਲਮ ਵਿਚ ਮੁੱਖ ਭੂਮਿਕਾ ਨਿਭਾਉਣ ਲਈ ਉਸਨੂੰ ਪਹਿਲਾਂ ਖੁਦ ਨੂੰ ਸਰੀਰਿਕ ਅਤੇ ਮਾਨਸਿਕ ਤੌਰ 'ਤੇ ਤਿਆਰ ਕਰਨਾ ਪਿਆ। ਇਹ ਫ਼ਿਲਮ ਆਮ ਫ਼ਿਲਮਾਂ ਵਰਗੀ ਨਹੀਂ ਹੈ। ਫ਼ਿਲਮ ਵਿਚ ਪੰਜਾਬੀ ਦੇ ਨਾਲ-ਨਾਲ ਹਿੰਦੀ, ਅੰਗਰੇਜ਼ੀ ਤੇ ਕੁਝ ਹੋਰ ਭਾਸ਼ਾਵਾਂ ਵੀ ਹਨ, ਜੋ ਵੱਖ-ਵੱਖ ਕਿਰਦਾਰਾਂ ਵੱਲੋਂ ਸਮਾਂ, ਸਥਾਨ ਤੇ ਹਾਲਾਤਾਂ ਮੁਤਾਬਕ ਬੋਲੀਆਂ ਗਈਆਂ ਹਨ। ਇਸ ਲਈ ਇਹ ਫ਼ਿਲਮ ਸਿਰਫ਼ ਪੰਜਾਬੀ ਦੀ ਫ਼ਿਲਮ ਨਾ ਰਹਿ ਕੇ ਪੂਰੇ ਦੇਸ਼ਾਂ ਦੁਨੀਆਂ ਦੀ ਫ਼ਿਲਮ ਹੋਵੇਗੀ। ਅਮੀਕ ਮੁਤਾਬਕ ਜਿਸ ਤਰ੍ਹਾਂ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਹੁੰਦੀ, ਉਸੇ ਤਰ੍ਹਾਂ ਫ਼ਿਲਮ ਦਾ ਟ੍ਰੇਲਰ ਆਉਣ ਤੋਂ ਬਾਅਦ ਉਨ੍ਹਾਂ ਨੂੰ ਫ਼ਿਲਮ ਬਾਰੇ ਜ਼ਿਆਦਾ ਕੁਝ ਬੋਲਣ ਦੀ ਜ਼ਰੂਰਤ ਨਹੀਂ। ਇਹ ਫ਼ਿਲਮ ਪੰਜਾਬੀ ਸਿਨਮਾ ਦਾ ਇੱਕ ਵੱਖਰਾ ਤੇ ਸਫ਼ਲ ਤਜ਼ਰਬਾ ਸਾਬਤ ਹੋਵੇਗੀ, ਇਸ ਗੱਲ ਦਾ ਉਨ੍ਹਾਂ ਨੂੰ ਪੂਰਾ ਭਰੋਸਾ ਹੈ।

# ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ : ਕਸ਼ਮੀਰ (ਸ੍ਰੀਨਗਰ)

ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
ਐਡਮਿੰਟਨ ਕੈਨੇਡਾ, 98156-25409
(Punjab Mail USA)



ਛੈਲ ਬਾਂਕਾ ਹਿਰਦੇਗਾਮੀ ਅਤੇ ਲੌਕਿਕਤਾ ਵਿਚ ਅਲੌਕਿਕਤਾ ਦਾ ਸਰੂਪ ਹੈ, ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ ਕਸ਼ਮੀਰ (ਸ੍ਰੀਨਗਰ) ਲਸੁੰਦਰਤਾ ਕੁਦਰਤ ਨਾਲ ਕੀਕਲੀ ਪਾਉਂਦੀ ਹੋਈ ਕਸ਼ਮੀਰ ਸੱਭਿਆਚਾਰ ਦੀ ਖ਼ੁਸ਼ਬੂ ਨੂੰ ਬੁਲੰਦੀ ਦੇ ਜਾਂਦੀ ਹੈ। ਜਿੱਥੇ ਖ਼ੂਬਸੂਰਤੀਆਂ ਦੇ ਹਕੀਕੀ, ਪ੍ਰਯੋਗੀ ਪ੍ਰਤੀਕਾਤਮਿਕ, ਮੂਰਤ ਅਤੇ ਅਮੂਰਤ ਬਿੰਬਾਂ ਦੇ ਦਿਲ ਖਿੱਚਵੇਂ ਦ੍ਰਿਸ਼ ਮਨੁੱਖ ਨੂੰ ਜੰਨਤ ਦਾ ਅਹਿਸਾਸ ਕਰਵਾਉਣ ਦੇ ਅਰਥ ਬਖ਼ਸ਼ ਜਾਂਦੇ ਹਨ।

ਬਟਾਲਾ ਤੋਂ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤਕ ਫ਼ੋਟੋਗ੍ਰਾਫਰ ਜਨਾਬ ਹਰਭਜਨ ਸਿੰਘ ਬਾਜਵਾ ਦਾ ਫ਼ੋਨ ਆਇਆ ਕਿ ਕਸ਼ਮੀਰ ਚੱਲਨਾ ਏ। ਮੈਂ ਝੱਟ ਦੀ ਹਾਂ ਕਰ ਦਿੱਤੀ। ਸਾਡੇ ਨਾਲ ਪ੍ਰਸਿੱਧ ਸ਼ਾਇਰ ਜਨਾਬ ਜਸਵੰਤ ਹਾਂਸ, ਸੁੱਚਾ ਸਿੰਘ ਰੰਧਾਵਾ, ਸੁਖਦੇਵ ਸਿੰਘ ਕਾਹਲੋਂ, ਸੰਤੋਖ ਸਿੰਘ ਸਮਰਾ ਤੇ ਅਮਰਜੀਤ ਸਿੰਘ ਵੀ ਤਿਆਰ ਹੋ ਗਏ।

ਲੰਬੇ ਸਫ਼ਰ 'ਤੇ ਮਹਿੰਗੇ ਸ਼ਹਿਰ ਜਾਣਾ ਹੋਵੇ, ਤਾਂ ਇਕ ਗਰੁੱਪ ਜ਼ਰੂਰ ਚਾਹੀਦਾ ਹੈ। ਇਸ ਨਾਲ ਪੈਸਾ ਵੀ ਬਚਦਾ ਹੈ ਅਤੇ ਮਨੋਰੰਜਨ ਵੀ ਚੋਖਾ ਹੁੰਦਾ ਹੈ ਕਿਉਂਕਿ ਟੈਕਸੀ ਵਿਚ ਲਗਭਗ 7 ਬੰਦੇ ਹੀ ਬੈਠ ਸਕਦੇ ਹਨ।

ਅਸੀਂ ਸਵੇਰੇ 9 ਵਜੇ ਦੇ ਕਰੀਬ ਸਾਰੇ ਦੋਸਤ ਗੁਰਦਾਸਪੁਰ ਦੇ ਬੱਸ ਸਟੈਂਡ ਤੋਂ ਬੱਸ ਲੈ ਕੇ ਜੰਮੂ ਵੱਲ ਰਵਾਨਾ ਹੋ ਗਏ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਸ਼ਹਿਰ ਦਾ ਨਾਂ ਬਾਬਾ ਗੁਰੀਆ ਤੋਂ ਪ੍ਰਚਲਿਤ ਹੋਇਆ। ਬਾਬਾ ਗੁਰੀਆ ਜੀ ਦਾ ਪਰਿਵਾਰ ਹੀ ਗੁਰਦਾਸਪੁਰ ਦੇ ਪਹਿਲੇ ਨਿਵਾਸੀਆਂ 'ਚੋਂ ਸੀ। ਗੁਰਦਾਸਪੁਰ ਦੀ ਹੱਦ ਪਾਕਿਸਤਾਨ ਦੀ ਹੱਦ ਨਾਲ ਲੱਗਦੀ ਹੈ। ਗੁਰਦਾਸਪੁਰ ਦੇ ਆਸ-ਪਾਸ ਅਨੇਕਾਂ ਇਤਿਹਾਸਿਕ ਤੇ ਧਾਰਮਿਕ ਸਥਾਨ ਵੇਖਣਯੋਗ ਹਨ।

ਗੁਰਦਾਸਪੁਰ ਤੋਂ ਅਸੀਂ ਸਰਨੇ ਅਤੇ ਮਾਧੋਪੁਰ 'ਚੋਂ ਲੰਘਦੇ ਹੋਏ ਜੰਮੂ ਵੱਲ ਵਧਦੇ ਗਏ। ਕਸਬਾ ਸਰਨਾ ਇਕ ਐਸਾ ਸਥਾਨ ਹੈ, ਜਿੱਥੇ ਹਿਮਾਚਲ ਪ੍ਰਦੇਸ ਅਤੇ ਜੰਮੂ ਦੇ ਵਾਹਨਾਂ ਦਾ ਸੰਗਮ ਹੁੰਦਾ ਹੈ। ਸਰਨਾ ਤੋਂ ਹੋ ਕੇ ਹੀ ਵਾਹਨ ਜੰਮੂ-ਕਸ਼ਮੀਰ ਤੋਂ ਹਿਮਾਚਲ ਜਾਂਦੇ ਹਨ। ਤੁਸੀਂ ਪਠਾਨਕੋਟ ਤੋਂ ਵੀ ਜੰਮੂ-ਕਸ਼ਮੀਰ ਜਾਂ ਹਿਮਾਚਲ ਜਾ ਸਕਦੇ ਹੋ।

ਮਾਧੋਪੁਰ ਕਸਬੇ ਦੇ ਬਾਗ ਅਤੇ ਨਹਿਰ ਦੇ ਨਜ਼ਾਰੇ ਵੇਖਣ ਵਾਲੇ ਹਨ। ਨਹਿਰ ਦੇ ਕਿਨਾਰੇ ਸਰਕਾਰੀ ਹੋਟਲ ਹੈ ਅਤੇ ਪ੍ਰਾਈਵੇਟ ਹੋਟਲ ਵੀ ਹਨ। ਮਾਧੋਪੁਰ ਦੇ ਨਾਲ ਰਾਵੀ ਦਰਿਆ ਵਹਿੰਦਾ ਹੈ। ਰਾਵੀ ਦਰਿਆ ਦੇ ਏਧਰ ਪੰਜਾਬ ਦੀ ਹੱਦ ਹੈ ਤੇ ਪਾਰ ਉਧਰ ਜੰਮੂ-ਕਸ਼ਮੀਰ ਦੀ ਹੱਦ ਹੈ। ਮਾਧੋਪੁਰ ਟੱਪਦੇ ਹੀ ਮੋਬਾਇਲ ਬੰਦ ਹੋ ਜਾਂਦੇ ਹਨ। ਕੁਝ ਹੀ ਮੋਬਾਈਲ ਚਲਦੇ ਹਨ।

ਰਾਵੀ ਦਰਿਆ ਪਾਰ ਕਰਦਿਆਂ ਹੀ ਕੁਝ ਮਿੰਟਾਂ ਤੋਂ ਬਾਅਦ ਲਖਣਪੁਰ ਅਤੇ ਸਾਂਭਾ ਕਸਬੇ ਆ ਜਾਂਦੇ ਹਨ। ਲਖਣਪੁਰ ਵਿਖੇ ਜੰਮੂ ਦਾ ਬੈਰੀਅਰ ਹੈ। ਬੈਰੀਅਰ ਪਾਰ ਕਰਦੇ ਹੀ ਇਥੇ ਬੱਸਾਂ ਤੇ ਹੋਰ ਵਾਹਨ ਖੜ੍ਹੇ ਹੁੰਦੇ ਹਨ, ਜਿਥੇ ਲੋਕ ਚਾਹ-ਪਾਣੀ, ਨਾਸ਼ਤਾ, ਭੋਜਨ ਆਦਿ ਕਰ ਸਕਦੇ ਹਨ। ਇਸ ਸਥਾਨ ਦੇ ਵੜੇ-ਭੱਲੇ, ਪਕੌੜੇ ਬਹੁਤ ਸਵਾਦੀ ਤੇ ਮਸ਼ਹੂਰ ਹਨ। ਖੱਟੀ-ਮਿੱਠੀ ਚੱਟਨੀ, ਮੂਲਕਸ਼ ਕੀਤੀ ਮੂਲੀ, ਮਸਾਲੇਦਾਰ ਝਟਪਟੀ ਮਿਸ਼ਰਤ ਚੱਟਨੀ ਮੂੰਹ ਸਵਾਦ-ਸਵਾਦ ਕਰ ਜਾਂਦੀ। ਅਨੇਕਾਂ ਹੀ ਪਰਿਵਾਰ ਇਸ ਧੰਦੇ 'ਚੋਂ ਆਪਣੇ ਪਰਿਵਾਰ ਪਾਲ ਰਹੇ ਹਨ।

ਇਸ ਤੋਂ ਬਾਅਦ ਅਨੇਕਾਂ ਹੀ ਪੁੱਲ ਪਾਰ ਕਰਦੇ ਹੋਏ ਅਸੀਂ ਲਗਭਗ ਤਿੰਨ ਘੰਟਿਆਂ ਤੋਂ ਬਾਅਦ ਜੰਮੂ ਪਹੁੰਚ ਗਏ। ਜੰਮੂ ਬੱਸ ਸਟੈਂਡ ਦੇ ਬਾਹਰ ਅਨੇਕਾਂ ਹੀ ਟੈਕਸੀਆਂ ਵਾਲੇ ਮਿਲ ਜਾਂਦੇ ਹਨ। ਅਸੀਂ ਟੈਕਸੀ ਡਰਾਈਵਰਾਂ ਨਾਲ ਗੱਲਬਾਤ ਕੀਤੀ। ਜੰਮੂ ਤੋਂ ਕਸ਼ਮੀਰ ਦਾ ਰੇਟ ਤੈਅ ਕਰਲ ਲੱਗ ਪਏ। ਇਸ ਸਥਾਨ ਤੋਂ ਟੈਕਸੀ ਸਸਤੀ ਮਿਲ ਜਾਂਦੇ ਹੈ ਕਿਉਂਕਿ ਜੋ ਡਰਾਈਵਰ ਕਸ਼ਮੀਰ (ਸ੍ਰੀਨਗਰ) ਤੋਂ ਸਵਾਰੀ ਲੈ ਕੇ ਆਉਂਦੇ ਹਨ, ਉਹ ਫਿਰ ਖਾਲੀ ਨਹੀਂ ਜਾਂਦੇ, ਸਵਾਰੀ ਲੈ ਕੇ ਹੀ ਜਾਂਦੇ ਹਨ। ਇਸ ਕਰਕੇ ਟੈਕਸੀ ਸਸਤੀ ਪੈਂਦੀ ਹੈ। ਲਗਭਗ ਤਿੰਨ ਹਜ਼ਾਰ ਵਿਚ 7 ਸੀਟਾਂ ਵਾਲੀ ਟੈਕਸੀ ਕਰ ਲਈ। ਨੀਮ ਪਹਾੜੀ ਇਲਾਕੇ ਦਾ ਨਜ਼ਾਰਾ ਵੇਖਦੇ ਹੋਏ ਟੈਕਸੀ ਸਰਪਟ ਦੌੜਣ ਲੱਗੀ। ਕਈ ਸੁਰੰਗਾਂ ਲੰਘਦੇ ਹੋਏ ਟੈਕਸੀ ਹਵਾ ਨਾਲ ਗੱਲਾਂ ਕਰਦੀ ਜਾ ਰਹੀ ਸੀ।

ਪਟਣੀ ਟਾਪ ਦੀ ਸਭ ਤੋਂ ਵੱਡੀ ਸੁਰੰਗ ਲਗਭਗ 9 ਕਿਲੋਮੀਟਰ ਲੰਬੀ ਸੁਰੰਗ ਦਾ ਨਜ਼ਾਰਾ ਕਮਾਲ ਦਾ ਹੈ। ਇਸ ਸੁਰੰਗ ਨੂੰ ਪਾਰ ਕਰਦਿਆਂ ਲਗਭਗ 6 ਮਿੰਟ ਲੱਗਦੇ ਹਨ।


ਅਸੀਂ ਰਸਤੇ 'ਚੋਂ ਕਿਸੇ ਹੋਟਲ ਤੋਂ ਖ਼ਾਣਾ ਭੋਜਨ ਖਾ ਕੇ ਰਾਤ ਨੂੰ ਲਗਭਗ 8 ਵਜੇ ਦੇ ਕਰੀਬ ਡੱਲ ਝੀਲ ਸਾਹਮਣੇ ਤੁਲੀ ਹੋਟਲ ਵਿਚ ਪਹੁੰਚ ਗਏ।

ਜਦੋਂ ਵੀ ਕਸ਼ਮੀਰ ਜਾਓ, ਕੋਸ਼ਿਸ਼ ਕਰੋ ਕਿ ਕਮਰਾ ਡੱਲ ਝੀਲ ਦੇ ਸਾਹਮਣੇ ਵਾਲੇ ਹੋਟਲਾਂ ਵਿਚ ਹੀ ਲਿਆ ਜਾਏ। ਡੱਲ ਝੀਲ ਦੇ ਨਾਲ ਲਗਦੀ ਸੜਕ ਦੇ ਨਾਲ-ਨਾਲ ਹੋਟਲ ਹੀ ਹੋਟਲ ਹਨ। ਤੁਲੀ ਹੋਟਲ ਵਿਚ ਸਾਨੂੰ ਇਕ ਕਮਰਾ ਲਗਭਗ ਨੌਂ ਸੌ ਰੁਪਏ ਵਿਚ ਮਿਲ ਗਿਆ। ਅਸੀਂ ਤਿੰਨ ਕਮਰੇ ਲੈ ਲਏ।

ਰਾਤ ਖ਼ਾਣਾ ਖ਼ਾਣ ਤੋਂ ਬਾਅਦ ਗੱਪ-ਛੱਪ ਮਾਰ ਕੇ ਸਵੇਰੇ ਤੜਕੇ ਅਸੀਂ ਡੱਲ ਝੀਲ ਦੀਆਂ ਮਨਮੋਹਿਕ ਤਸਵੀਰਾਂ ਕੈਮਰੇ ਵਿਚ ਕੈਦ ਕੀਤੀਆਂ।

ਅਸੀਂ ਘੁੰਮਣ ਫ਼ਿਰਨ ਦਾ ਸਾਰਾ ਪ੍ਰੋਗਰਾਮ ਬਣਾ ਲਿਆ। ਡੱਲ ਝੀਲ ਵਿਚ ਸ਼ਿਕਾਰੇ ਦੇ ਜ਼ਰੀਏ ਘੁੰਮਣ ਦਾ ਪ੍ਰੋਗਰਾਮ ਆਪਸ ਵਿਚ ਤੈਅ ਕਰ ਲਿਆ।

ਅਸੀਂ ਕਸ਼ਮੀਰ ਵਿਚ ਲਗਭਗ ਇਕ ਹਫ਼ਤਾ ਠਹਿਰੇ। ਅਸੀਂ ਕਸ਼ਮੀਰ ਦੇ ਪਾਸ-ਪਾਸ ਜਾ ਦੂਰ ਦੁਰਾਡੇ ਦੇ ਸ਼ਹਿਰ ਵੇਖਣ ਲਈ ਜਾਂਦੇ ਤਾਂ ਕਿਰਾਏ 'ਤੇ ਟੈਕਸੀ ਲੈ ਲੈਂਦੇ। ਇਕ ਟੈਕਸੀ ਲਗਭਗ ਦੋ-ਢਾਈ ਹਜ਼ਾਰ ਰੁਪਏ ਵਿਚ ਪੈਂਦੀ ਸੀ।







ਕਸ਼ਮੀਰ ਦੇ ਸਾਰੇ ਮੁਗਲ-ਬਾਗ, ਪਹਿਲਗਾਮ, ਪ੍ਰਸਿੱਧ ਸ਼ੰਕਰਚਾਰਿਆ ਮੰਦਿਰ, ਗੁਰਦੁਆਰੇ, ਗੁਲ ਮਰਗ, ਸੋਨ ਮਰਗ ਅਤੇ ਕਈ ਹੋਰ ਖ਼ੂਬਸੂਰਤ ਸਥਾਨਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ।

ਛੈਲ-ਛਬੀਲਾ, ਰੰਗ-ਰੰਗੀਲਾ ਅਤੇ ਸੁੰਦਰਤਾ ਦਾ ਇਨਸਾਈਕਲੋਪੀਡੀਆ ਹੈ ਕਸ਼ਮੀਰ! ਕਸ਼ਮੀਰ ਦੀ ਵਿਸ਼ਵ ਪ੍ਰਸਿੱਧ ਡੱਲ ਝੀਲ ਰੁਜ਼ਗਾਰਦਾਤੀ ਹੈ। ਵੈਕੁੰਠ ਦੀ ਪਰਿਭਾਸ਼ਾ, ਅਦਭੁੱਤ ਕਰਿਸ਼ਮਾ, ਧਾਰਮਿਕ ਸਥਾਨਾਂ ਦਾ ਦੇਵ ਲੋਕ। ਕਸ਼ਮੀਰ ਦੀ ਧਰਤੀ ਨੂੰ ਕੁਦਰਤ ਨੇ ਦੁਲਹਨ ਵਾਂਗ ਸ਼ਿੰਗਾਰਿਆ ਹੈ। ਸੰਪੂਰਨ ਆਨੰਦ, ਖੁਸ਼ੀ ਦਾ ਖਜ਼ਾਨਾ। ਕੁਦਰਤ ਏਥੇ ਸਾਹਿਤ ਬਖ਼ਸ਼ਦੀ ਹੈ। ਸੁੰਦਰਤਾ ਦੇ ਵੱਖ-ਵੱਖ ਗਹਿਣਿਆਂ ਨਾਲ ਮਾਲਾ ਮਾਲ। ਕੁਦਰਤ ਇਥੇ ਹਜ਼ਾਰਾਂ ਦੀ ਖ਼ੂਬਸੂਰਤ ਰੰਗਾਂ ਨੂੰ ਧਰਤੀ 'ਤੇ ਅਲੰਕਾਰ ਕਰਦੀ ਹੋਈ ਵਸੀਅਤ ਲਿਖਦੀ ਹੈ। ਪ੍ਰਤੀਕ ਬਿੰਬ, ਤਸਬੀਹਾਂ, ਉਪਮਾ ਆਦਿ ਕੁਦਰਤ ਦੀ ਰਚਨਾ ਦਾ ਹੀ ਸਰੂਪ ਹਨ। ਕਸ਼ਮੀਰ ਦੀ ਧਰਤੀ ਅਦਭੁੱਤ ਕੀਮਤੀ ਫ਼ਸਲਾਂ ਦੀ ਜਨਮਦਾਤੀ ਹੈ। ਆਯੁਰਵੈਦ ਦੀ ਮੂਲ ਜੜ੍ਹ ਹੈ ਇਸ ਧਰਤੀ ਦੀ ਬਨਸਪਤੀ। ਕੁਦਰਤ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਇਸ ਨੂੰ ਹਰ ਪ੍ਰਾਣੀ ਮਹਿਸੂਸ ਕਰ ਸਕਦਾ ਹੈ। ਕਸ਼ਮੀਰ ਵਿਖੇ ਜਦ ਕੁਦਰਤ ਸੁੰਦਰ ਬਰਫੀਲੀ ਪਹਾੜੀਆਂ ਦੇ ਨਗਨ ਤਨ ਉਪਰ ਦਸਤਖਤ ਕਰਦੀ ਹੈ, ਤਾਂ ਵਾਤਾਵਰਣ ਵਿਚ ਠੰਢਕ ਆਪਣੇ ਜਲਵੇ ਦਾ ਮਜ਼ਾ ਦੇ ਦਿੰਦੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਡੱਲ ਝੀਲ ਸਭ ਤੋਂ ਖ਼ੂਬਸੂਰਤ ਵਿਸ਼ਵ ਪ੍ਰਸਿੱਧ ਦੇਖਣ ਵਾਲਾ ਸਥਾਨ ਮੰਨਿਆ ਜਾਂਦਾ ਹੈ, ਜਿਥੇ ਕੁਦਰਤ ਨੇ ਹਰ ਸ਼ੈਅ 'ਚ ਸੁੰਦਰਤਾ ਭਰਕੇ ਪ੍ਰਮਾਤਮਾ ਦੇ ਰੂਪ ਦਾ ਇਕ ਹਿੱਸਾ ਅਲੰਕਾਰ ਕਰ ਦਿੱਤਾ ਹੈ। ਖ਼ੂਬਸੂਰਤੀ ਦਾ ਇਨਸਾਨੀਅਤ ਸਥਾਨ। ਕੁਦਰਤ ਆਪਣੇ ਗੁਲਫਾਮ ਅਭਿਵਾਦਨ ਵਿਚ ਜੀ ਆਇਆਂ ਕਹਿੰਦੀ ਪ੍ਰਤੀਤ ਹੁੰਦੀ ਹੈ।

ਡੱਲ ਝੀਲ ਦਾ ਪਾਣੀ ਕਈ ਰੰਗਾਂ ਵਿਚ ਆਪਣੇ ਰੂਪ ਬਦਲਦਾ ਹੈ। ਕੁਦਰਤ ਦਾ ਅਦਭੁੱਤ ਰੂਪਮਾਨ ਅਨੁਪਮ ਨਜ਼ਾਰਾ। ਕੁਦਰਤ ਜਿਵੇਂ ਖ਼ੂਬਸੂਰਤ ਮਰਮਸਪਰਸ਼ੀ ਵੱਖ-ਵੱਖ ਵਿਧਾਵਾਂ ਵਿਚ ਦ੍ਰਿਸ਼ਾਵਲੀਆਂ ਦਾ ਸਾਹਿਤ ਲਿਖ ਰਹੀ ਹੋਵੇ।

ਸਾਫ਼ ਪਾਣੀ ਦੀ ਇਹ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ ਅਤੇ ਵਿਸ਼ਵ ਪ੍ਰਸਿੱਧ ਹੈ। ਇਸਦੀ ਕੁੱਲ ਲੰਬਾਈ 8 ਕਿਲੋਮੀਟਰ ਅਤੇ ਚੌੜਾਈ 4 ਕਿਲੋਮੀਟਰ ਹੈ। ਡੱਲ ਝੀਲ ਨੂੰ ਸ਼੍ਰੀਨਗਰ ਸ਼ਹਿਰ ਦਾ ਦਿਲ ਵੀ ਕਿਹਾ ਜਾਂਦਾ ਹੈ। ਇਸੇ ਝੀਲ ਦੇ ਉਪਰ, ਝੀਲ ਦੇ ਨਾਲ-ਨਾਲ ਮੁਗਲ ਬਾਗ ਸ਼ੋਭਨੀਏ ਹਨ। ਜਿਸ ਤਰ੍ਹਾਂ ਚਸ਼ਮੇਸ਼ਾਹੀ, ਨਹਿਰੂ ਪਾਰਕ, ਪਰੀ ਮਹਿਲ, ਨਿਸ਼ਾਤ ਬਾਗ ਅਤੇ ਸ਼ਾਲੀਮਾਰ ਬਾਗ਼। ਡੱਲ ਦੇ ਚਾਰੇ ਪਾਸੇ ਉਚੇ-ਉਚੇ ਹਰਿਆਲੀ ਭਰੇ ਪਹਾੜ ਜਿਵੇਂ ਲੋਕਾਂ ਨੂੰ ਸ਼ੁਭਕਾਮਨਾ, ਆਸ਼ੀਰਵਾਦ ਦੇ ਰਹੇ ਹੋਣ। ਇਹ ਪ੍ਰਾਚੀਨ ਡੱਲ ਝੀਲ ਅੱਜ ਦੀ ਆਧੁਨਿਕਤਾ ਦੇ ਪਹਿਰਾਵੇ 'ਚ ਕਸ਼ਮੀਰ ਦੀ ਸੱਭਿਅਤਾ ਨੂੰ ਅਮੀਰ ਕਰਨ ਵਿਚ ਹਮੇਸ਼ਾਂ ਤਤਪਰ ਰਹਿੰਦੀ ਹੈ। ਸਵੇਰੇ ਸ਼ਾਮ ਹਵਾ ਵਿਚ ਹਲਕੀ ਸੁਰਸੁਰੀ ਜਿਸਮ 'ਚ ਇਕ ਅਲੌਕਿਕ ਅਨੰਦ ਦਾ ਅਹਿਸਾਸ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ। ਸੁੰਦਰ ਦ੍ਰਿਸ਼ਾਵਾਲੀਆ ਨਾਲ ਮਾਲਾਮਾਲ ਕਸ਼ਮੀਰ।

ਰਾਤ ਦੇ ਸਮੇਂ ਸ਼ਿਕਾਰੇ (ਬੇੜੀ) ਵਿਚ ਬੈਠ ਕੇ ਘੁੰਮਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ।

ਰਾਤ ਦੇ ਸਮੇਂ ਚਮਚਮਾਤੀ ਰੌਸ਼ਨੀ ਵਿਚ, ਚੰਦਰਮੇ ਦੀ ਠੰਢੀ ਲੋਅ 'ਚ ਸਾਰੀ ਝੀਲ ਦੁਲਹਨ ਵਾਂਗੂ ਸਜੀ ਲੱਗਦੀ ਹੈ। ਰਾਤ ਸਮੇਂ ਜਗਦੀ ਝੀਲ ਨੂੰ ਗੋਲਡਨ ਝੀਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਰਾਤ ਨੂੰ ਝੀਲ ਵਿਚ ਪੈਂਦੀ ਰੌਸ਼ਨੀ ਇੰਝ ਪ੍ਰਤੀਤ ਹੁੰਦੀ ਹੈ, ਜਿਵੇਂ ਸਾਰਾ ਪਾਣੀ ਹੀ ਜਗ-ਮਗ, ਜਗ-ਮਗ ਰੌਸ਼ਨੀ ਦੇ ਰਿਹਾ ਹੋਵੇ।

ਇਸ ਝੀਲ ਦੇ ਨਾਲ ਹੋਰ ਕਈ ਝੀਲਾਂ ਪੈਂਦੀਆਂ ਹਨ, ਜੋ ਇਸ ਦਾ ਇਕ ਹਿੱਸਾ ਬਣੀਆਂ ਹਨ, ਜਿਸ ਤਰ੍ਹਾਂ ਲੈਟਸ ਲੇਕ, ਗੁਲਫਾਮ ਲੇਕ ਅਤੇ ਹੋਰ ਝੀਲਾਂ।

ਝੀਲ ਦੇ ਵਿਚ ਥੋੜ੍ਹੀ ਦੂਰ ਸੱਜੇ ਖੱਬੇ ਬਹੁਤ ਵੱਡੀ ਮਾਰਕੀਟ ਬਣੀ ਹੋਈ ਹੈ। ਸਾਰੀ ਬੇੜੀ ਸਥਿਰ ਮਾਰਕੀਟ ਹੈ। ਵੱਡੇ ਆਕਾਰ ਦੀਆਂ ਬੇੜੀਆਂ ਵਿਚ ਆਪਣਾ ਹੀ ਮਜ਼ਾ ਹੁੰਦਾ ਹੈ, ਜਿਵੇਂ ਮਨੁੱਖ ਜੰਨਤ ਵਿਚ ਉਤਰ ਆਇਆ ਹੋਵੇ।

ਝੀਲ ਦੇ ਪਾਣੀ ਵਿਚ ਹੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਨੂੰ ਵੈਜੀਟੇਬਲ ਲੈਂਡ ਕਹਿੰਦੇ ਹਨ। ਝੀਲ ਵਿਚਲੇ ਬਾਜ਼ਾਰ ਨੂੰ ਮੀਨਾ ਬਾਜ਼ਾਰ ਕਹਿੰਦੇ ਹਨ। ਇਹ ਲਗਭਗ 25 ਕਿਲੋਮੀਟਰ ਲੰਬਾ ਹੈ। ਇਸ ਝੀਲ ਵਿਚ ਵੈਜੀਟੇਬਲ ਲੈਂਡ ਵਿਚ ਟਮਾਟਰ, ਕੱਦੂ, ਖੀਰਾ, ਖਰਬੂਜਾ ਆਦਿ ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਸਾਰੀ ਝੀਲ ਨੂੰ ਵੇਖਣ ਲਈ ਲਗਭਗ ਦੋ ਦਿਨ ਲਗਦੇ ਹਨ।

ਇਸ ਝੀਲ ਦੇ ਨਜ਼ਦੀਕ ਹੀ ਜਬਰਵਾਨ ਅਤੇ ਮਹਾਂਦੇਵ ਪਰਬਤ ਹਨ ਅਤੇ ਪਹਾੜਾਂ ਦੀਆਂ ਚੋਟੀਆਂ ਉਪਰ ਸਾਰਾ ਸਾਲ ਬਰਫ਼ ਪਈ ਰਹਿੰਦੀ ਹੈ।

ਡੱਲ ਝੀਲ ਦੇ ਨਜ਼ਦੀਕ ਪਰੀ ਮਹਿਲ ਅਤੇ ਸੈਂਟਰ ਹੋਟਲ ਸਾਫ਼ ਨਜ਼ਰ ਆਉਂਦੇ ਹਨ। ਝੀਲ ਦੇ ਠੀਕ ਵਿਚਕਾਰ ਚਾਰ ਚਿਨਾਰ ਦਾ ਛੋਟਾ ਜਿਹਾ ਟਾਪੂ ਆਪਣੀ ਸੁੰਦਰਤਾ ਦਾ ਪਰਿਚੇ ਦਿੰਦਾ ਨਜ਼ਰ ਆਉਂਦਾ ਹੈ, ਜਿਸ ਵਿਚ ਖ਼ੂਬਸੂਰਤ ਬਾਗ਼ ਆਪਣੀ ਪ੍ਰਤਿਭਾ ਦਰਸਾਉਂਦਾ ਨਜ਼ਰ ਆਉਂਦਾ ਹੈ। ਚਾਰ ਚਿਨਾਰ ਨੂੰ ਵੇਖਣ ਲਈ ਕੇਵਲ ਸ਼ਿਕਾਰੇ ਉਪਰ ਹੀ ਜਾਇਆ ਜਾ ਸਕਦਾ ਹੈ। ਨਹਿਰੂ ਪਾਰਕ ਜਾਣ ਲਈ ਵੀ ਸ਼ਿਕਾਰੇ ਦੀ ਜ਼ਰੂਰਤ ਪੈਂਦੀ ਹੈ। ਲਾਲ ਚੌਂਕ ਤੋਂ ਇਹ ਝੀਲ ਲਗਭਗ ਢਾਈ ਕਿਲੋਮੀਟਰ ਦੂਰ ਪੈਂਦੀ ਹੈ ਅਤੇ ਡੱਲ ਗੇਟ ਤੋਂ ਸ਼ੁਰੂ ਹੁੰਦੀ ਹੈ।

ਹਾਊਸ ਬੋਟਸ ਤਾਂ ਇਸ ਝੀਲ ਦੀ ਸੁੰਦਰਤਾ ਨੂੰ ਜੰਨਤ ਦਾ ਦਰਜ਼ਾ ਦੇਣ ਦੀ ਗਵਾਹੀ ਭਰਦੇ ਹਨ। ਖ਼ੂਬਸੂਰਤ, ਸਾਜ ਸੱਜਾ ਲਾਲ ਸੰਵਰੇ, ਖ਼ੂਬਸੂਰਤ ਰੰਗ ਬਰੰਗੇ, ਦਿਲਕਸ਼ ਆਧੁਨਿਕ ਨਿਰਮਾਣਸ਼ੈਲੀ ਵਿਚ ਬਣੇ ਹਾਊਸ ਬੋਟਸ ਵਾਕਈ ਜੰਨਤ ਦਾ ਪਰਾਏਵਾਚੀ ਹਨ। ਇਹ ਖ਼ੂਬਸੂਰਤ ਹਾਊਸ ਬੋਟਸ ਝੀਲ ਦੇ ਕਿਨਾਰੇ-ਕਿਨਾਰੇ ਇਕ ਲੰਬੀ ਲਾਈਨ ਵਿਚ ਖੜ੍ਹੇ ਯਾਤਰੀਆਂ ਦਾ ਸੈਲਾਨੀਆਂ ਦਾ ਖਾਮੋਸ਼ ਅਭਿਵਾਨ ਕਰਦੇ ਮਹਿਸੂਸ ਹੁੰਦੇ ਹਨ। ਕਮਰੇ ਅਤੇ ਸਹੂਲਤਾਂ ਹਾਊਸ ਬੋਟ ਦੇ ਆਕਾਰ ਤੇ ਬਣਾਵਟ ਉਪਰ ਨਿਰਭਰ ਕਰਦੇ ਹਨ। ਇਕ ਹਾਊਸ ਬੋਟ ਵਿਚ ਦਸ ਤੋਂ ਬਾਰਾਂ ਵਿਅਕਤੀ ਰਹਿ ਸਕਦੇ ਹਨ। ਹਾਊਸ ਬੋਟ ਤੱਕ ਜਾਣ ਲਈ ਮਾਲਿਕ ਸ਼ਿਕਾਰਾ ਭੇਜਦੇ ਹਨ, ਜਿਸ ਦਾ ਕਿਰਾਇਆ ਹਾਊਸ ਬੋਟ ਵਿਚ ਸ਼ਾਮਲ ਹੁੰਦਾ ਹੈ। ਸ਼ਾਮ ਨੂੰ ਹਾਊਸ ਬੋਟ ਦੀ ਬਾਲਕਾਨੀ ਜਾਂ ਛੱਤ ਉਪਰ ਬੈਠ ਕੇ ਡੱਲ ਝੀਲ ਦਾ ਨਜ਼ਾਰਾ ਲਿਆ ਜਾ ਸਕਦਾ ਹੈ, ਜੋ ਤੁਹਾਡੇ ਮਸਤਕ ਵਿਚ ਹਮੇਸ਼ਾ ਲਈ ਅੰਕਿਤ ਹੋ ਜਾਂਦਾ ਹੈ। ਇਥੋ ਫੋਟੋਗ੍ਰਾਫੀ ਦਾ ਆਪਣਾ ਹੀ ਮਜ਼ਾ ਲੁਤਫ਼ ਨਜ਼ਾਰਾ ਹੁੰਦਾ ਹੈ। ਰਾਤ ਦਾ ਨਜ਼ਾਰਾ ਤਾਂ ਕਮਾਲ ਦਾ ਹੁੰਦਾ ਹੈ। ਕਿਸੇ ਜੰਨਤ (ਦੇਵ ਲੋਕ) ਦਾ ਅਹਿਸਾਸ ਪ੍ਰਤੀਤ ਹੁੰਦਾ ਹੈ। ਕੁਝ ਘਰ ਵੀ ਹਾਊਸ ਬੋਟ ਵਿਚ ਲੋਕਾਂ ਨੇ ਬਣਾਏ ਹੋਏ ਹਨ, ਜਿਨ੍ਹਾਂ ਦਾ ਸਾਰਾ ਜੀਵਨ ਇਨ੍ਹਾਂ ਵਿਚ ਹੀ ਨਿਕਲ ਜਾਂਦਾ ਹੈ।

ਝੀਲ ਵਿਚ ਬੋਟਨੁਮਾ ਦੁਕਾਨਾਂ ਤੋਂ ਹਰ ਚੀਜ਼ ਮਿਲ ਜਾਂਦੀ ਹੈ, ਜਿਸ ਤਰ੍ਹਾਂ ਕਸ਼ਮੀਰ ਕਲਾ ਦੀਆਂ ਚੀਜ਼ਾਂ, ਕਸ਼ਮੀਰੀ ਸ਼ਾਲ, ਕਾਲੀਨ, ਕੇਸਰ ਅਤੇ ਪੇਪਰਕਾਸ਼ੀ ਦਾ ਸਾਮਾਨ ਦੁਕਾਨਦਾਰ ਸ਼ਿਕਾਰੇ ਵਿਚ ਭਰਕੇ ਤੁਹਾਡੇ ਹਾਊਸ ਬੋਟ ਵਿਚ ਹੀ ਆ ਜਾਂਦੇ ਹਨ। ਸ਼ਿਕਾਰਿਆਂ ਵਿਚ ਹੀ ਸਾਮਾਨ ਮਿਲਦਾ ਹੈ, ਜੋ ਤੈਰਦੇ ਸ਼ਿਕਾਰਿਆਂ ਵਿਚ ਵੇਚਿਆ ਜਾਂਦਾ ਹੈ।

ਡੱਲ ਝੀਲ ਵਿਚ ਲਗਭਗ 300 ਕੁਦਰਤੀ ਝਰਨੇ ਫੁੱਟਦੇ ਹਨ, ਜੋ ਆਪਣੇ ਆਪ ਜ਼ਮੀਨ ਵਿਚੋਂ ਫੁੱਟਦੇ ਹਨ। ਝੀਲ ਵਿਚ ਅਨੇਕਾਂ ਹੀ ਤਰਤੀਬਮਈ ਦਿਲਕਸ਼ ਫੁਆਰਿਆਂ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ, ਜੋ ਡੱਲ ਝੀਲ ਦੇ ਆਸ ਪਾਸ ਅਤੇ ਇਸ ਅੰਦਰ ਸੁੰਦਰ ਦ੍ਰਿਸ਼ਵਾਲੀਆਂ ਦਾ ਅਦਭੁੱਤ ਨਜ਼ਾਰਾ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਜੰਨਤ ਦੇ ਮਾਲਿਕ ਨੇ ਕਿਸੇ ਹਰਕਾਰੇ ਦੇ ਹੱਥ ਜੰਨਤ ਕਸ਼ਮੀਰ ਵਿਖੇ ਭੇਜ ਦਿੱਤੀ ਜਾਵੇ।

ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਸਥਾਨ ਵੇਖਣਯੋਗ ਹਨ ਖ਼ਾਸ ਕਰਕੇ, ਮੁਗਲ ਬਾਗ, ਚਸ਼ਮੇਸ਼ਾਹੀ ਬਾਗ, ਨਿਸ਼ਾਤ ਬਾਗ, ਸਾਲੀਮਾਰ ਬਾਗ ਅਤੇ 90 ਕਿਲੋਮੀਟਰ ਪਹਿਲਗਾਮ ਚੰਦਨਵਾੜੀ, ਗੁਲ ਮਰਗ, ਸੋਨ ਮਰਗ, ਅੱਲਾ ਪਤਰੀ ਬੇਤਾਬ ਵੈਲੀ ਪਹਾੜ, ਆੜ੍ਹ ਵੈਲੀ, ਟੂਲਿਪ ਬਾਗ ਅਤੇ ਕਈ ਵੈਲੀਆਂ ਵੇਖਣਯੋਗ ਹਨ।

ਇਸਦੇ ਆਸ-ਪਾਸ ਦੇ ਕੁਝ ਦੂਰੀ ਉਪਰ ਵੇਖਣ ਵਾਲੇ ਅਨੇਕਾਂ ਹੀ ਸਥਾਨ ਹਨ : ਹਜ਼ਰਤ ਮਸਜਿਦ, ਸ਼ੰਕਰਚਾਰਿਆ ਮੰਦਿਰ, ਹਰੀ ਪਰਬਤ ਕਿਲਾ, ਹਾਰਵਨ ਬਾਗ, ਪਰੀ ਮਹਿਲ, ਜਾਮਾ ਮਸਜਿਦ, ਹਨੂਮਾਨ ਮੰਦਿਰ, ਪਾਮਪਰ (ਕੇਸਰ ਵਾਲੀ ਜ਼ਮੀਨ), ਮਟਨ, ਜੇਸ਼ਠ ਮਾਤਾ ਮੰਦਿਰ, ਖੀਰ ਭਵਦੀ ਮੰਦਿਰ, ਅੱਛਾਬਲ, ਯੁਸਮਰਗ, ਤੰਗ ਮਰਗ, ਅਵਾਂਤਪੁਰ, ਨੂਨ-ਕੂਨ, ਸੋਨਾ ਮਾਰਗ ਦੇ ਇਲਾਵਾ ਅਨੇਕਾਂ ਧਾਰਮਿਕ ਸਥਾਨ ਵੇਖਣਯੋਗ ਹਨ।

ਕਸ਼ਮੀਰ ਵਿਖੇ ਇਕ ਬਹੁਤ ਵੱਡਾ ਗੁਰਦੁਆਰਾ ਹੈ ਬਰਜਲਾ ਬਾਗਾ, ਸ਼ਹੀਦ ਬੂੰਗਾ ਗੁਰਦੁਆਰਾ (ਹੋਲੀ ਸਿਟੀ ਰਾਮ ਤੀਰਥ ਰੋਡ) ਵਿਖੇ। ਇਸ ਗੁਰਦੁਆਰੇ ਵਿਚ ਯਾਤਰੀ ਸੈਲਾਨੀ ਤਿੰਨ ਦਿਨਾਂ ਤੱਕ ਮੁਫ਼ਤ ਰਹਿ ਸਕਦੇ ਹਨ। ਇਥੇ ਰਹਿਣ ਲਈ ਕਮਰੇ ਹਨ। ਰਹਿਣ ਦਾ ਪੂਰਾ ਪ੍ਰਬੰਧ ਹੈ। ਲੰਗਰ ਦੀ ਵਿਵਸਥਾ ਵੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਅਨੇਕਾਂ ਹੀ ਸਥਾਨ 'ਨਾਗ' ਦੇ ਨਾਮ ਨਾਲ ਪ੍ਰਸਿੱਧ ਹਨ, ਜਿਸ ਤਰ੍ਹਾਂ ਵੈਰੀ ਨਾਗ, ਅਨੰਤ ਨਾਗ ਆਦਿ। ਇਤਿਹਾਸ ਵਿਚ ਨਾਗਵੰਸ਼ੀਆਂ ਬਾਰੇ ਲਿਖਿਆ ਗਿਆ ਹੈ ਕਿ ਟਾਂਕ ਕਸ਼ਤਰੀਏ ਨਾਗਵੰਸ਼ੀ ਰਾਜਾ ਤਕਸ਼ਕ ਦੀ ਕੁਲ ਵਿਚੋਂ ਸੀ। ਨਾਗਵੰਸ਼ੀ ਜਾਤੀ ਨੇ ਈਸਾ ਪੂਰਵ ਛੇਵੀਂ ਸਤਾਬਦੀ ਵਿਚ ਭਾਰਤ ਉਪਰ ਹਮਲਾ ਕਰਕੇ ਕਬਜ਼ਾ ਕਰ ਲਿਆ ਸੀ। ਇਸ ਕੁਲ ਦੇ ਰਾਜਾ ਤਕਸ਼ਕ ਕਰਕੇ ਟਾਂਕ ਰਾਜ ਕੁਲ ਪ੍ਰਸਿੱਧ ਹੋਈ, ਜੋ ਰਾਜਸਥਾਨ ਦੇ 36 ਪ੍ਰਮਾਣਿਕ ਰਾਜ ਘਰਾਣਿਆਂ ਵਿਚੋਂ 23ਵੇਂ ਸਥਾਨ ਉਪਰ ਹੈ। ਸੂਰਜਵੰਸ਼ੀ ਰਾਜਾ ਰਾਮ ਚੰਦਰ ਨੇ ਪੰਜਵੀਂ ਜਗ੍ਹਾ ਤਕਸ਼ਕ ਨਾਮ ਦਾ ਰਾਜਾ ਹੋਇਆ ਹੈ, ਜਿਸ ਦੇ ਵੰਸ਼ ਨੇ ਅਯੋਧਿਆ, ਸੌਰਾਸ਼ਟਰ ਅਤੇ ਮੇਵਾੜ ਉਪਰ ਰਾਜ ਕੀਤਾ। ਟਾਂਕ ਕਸ਼ਤਰੀਏ ਦੀ ਮੂਹੀ ਨਾਗਵੰਸ਼ ਹੈ, ਜੋ ਕਸ਼ਯਪ ਰਿਸ਼ੀ ਦੇ ਪੁੱਤਰ ਸੂਰਜ ਤੋਂ ਸ਼ੁਰੂ ਹੋਇਆ। ਕਸ਼ਯਪ ਦੀਆਂ ਦੋ ਰਾਣੀਆਂ ਸਨ-ਕਦਰੂ ਅਤੇ ਵਿਨੀਤਾ। ਕਦਰੂ ਦੇ ਪੁੱਤਰ ਨੀਲ, ਪਦਮ ਅਤੇ ਸਾਂਖ ਸਨ। ਵਿਨੀਤਾ ਦੇ ਪੁੱਤਰ ਸੂਰਜ, ਧਰਮ ਰਾਜ, ਗਰੁੜ ਅਤੇ ਪੁੱਤਰੀ ਯਮੁਨਾ ਸੀ। ਕਸ਼ਯਪ ਦੇ ਬਾਅਦ ਸੂਰਜ ਗੱਦੀ ਉਪਰ ਬੈਠਾ। ਇਸਦੇ ਭਰਾ ਆਪਣੇ ਸੌਤੇਲੇ ਭਰਾਵਾਂ-ਨੀਲ, ਪਦਮ ਅਤੇ ਸਾਂਖ ਨੂੰ ਕਰੋਧੀ ਸੁਭਾਅ ਹੋਣ ਦੇ ਕਾਰਣ ਨਾਗ ਕਹਿਕੇ ਬੁਲਾਵਣ ਲੱਗੇ ਅਤੇ ਇਸਨੂੰ ਸਤੀ ਸਰਸ (ਕਸ਼ਮੀਰ) ਦਾ ਇਲਾਕਾ ਦੇ ਕੇ ਅਲੱਗ ਕਰ ਦਿੱਤਾ। ਅੱਜ ਵੀ ਕਸ਼ਮੀਰ ਦੇ ਚਸ਼ਮਿਆਂ ਦਾ ਨਾਮ ਇਨ੍ਹਾਂ ਦੇ ਨਾਂ ਉਪਰ ਪ੍ਰਸਿੱਧ ਹਨ, ਜਿਸ ਤਰ੍ਹਾਂ ਵੈਲੀ ਨਾਗ, ਅਨੰਤ ਨਾਗ ਆਦਿ।

ਭਾਰਤ ਦਾ ਤਾਜ ਕਿਹਾ ਜਾਣ ਵਾਲਾ ਕਸ਼ਮੀਰ ਰਾਜ ਆਪਣੇ ਗੌਰਵਪੂਰਨ ਇਤਿਹਾਸ ਅਤੇ ਕੁਦਰਤੀ ਖ਼ੂਬਸੂਰਤੀ ਨਾਲ ਖੈਰ ਖਵਾਹੀ ਦਿੰਦਾ ਹੋਇਆ ਵਿਸ਼ਵ ਭਰ ਵਿਚ ਸੈਲਾਨੀਆਂ ਦਾ ਪਸੰਦੀਦਾ ਗੁਲਫ਼ਾਮ ਸਥਾਨ ਹੈ। ਈਸਾ ਪੂਰਵ ਤੀਜੀ ਸ਼ਤਾਬਦੀ ਵਿਚ ਸਮਰਾਟ ਅਸ਼ੋਕ ਨੇ ਕਸ਼ਮੀਰ 'ਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਬਾਅਦ ਵਿਚ ਮਹਾਰਾਜਾ ਕਨਿਸ਼ਕ ਨੇ ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ। ਤੇਰਵੀਂ ਸ਼ਤਾਬਦੀ ਵਿਚ ਕਸ਼ਮੀਰ ਉਤੋਂ 'ਹੂਣੋਂ' ਦਾ ਅਧਿਕਾਰ ਰਿਹਾ। ਕਸ਼ਮੀਰ ਦੇ ਹਿੰਦੂ ਰਾਜਿਆਂ 'ਚ ਲਲਿਤਾ ਦਿਤਯ ਸਭ ਤੋਂ ਪ੍ਰਸਿੱਧ ਰਾਜਾ ਹੋਇਆ। ਇੱਥੇ ਇਸਲਾਮ ਦਾ ਆਗਮਨ 13ਵੀਂ ਅਤੇ 14ਵੀਂ ਸਦੀ 'ਚ ਹੋਇਆ ਅਤੇ 63 ਸਾਲਾਂ ਤੱਕ ਇਸ ਰਾਜ 'ਤੇ ਪਠਾਨਾਂ ਦਾ ਸ਼ਾਸ਼ਨ ਰਿਹਾ।

ਬਾਅਦ ਵਿਚ ਡੋਗਰਾ ਸ਼ਾਸਕ ਰਾਜਾ ਮਾਲਦੇਵ ਨੇ ਕਈ ਇਲਾਕੇ ਜਿੱਤ ਕੇ ਆਪਣੇ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ। ਇਸਦੇ ਬਾਅਦ ਪੰਜਾਬ ਦੇ ਸ਼ਾਸਕ ਰਾਜਾ ਰਣਜੀਤ ਸਿੰਘ ਨੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਦੇ ਬਾਅਦ ਮਹਾਰਾਜਾ ਹਰੀ ਸਿੰਘ ਨੇ 26 ਅਕਤੂਬਰ 1947 ਦੀ ਭਾਰਤੀ ਸੰਘ ਦੇ ਇਕ ਸਮੂਹ ਉਪਰ ਦਸਤਖ਼ਤ ਕੀਤੇ।

ਜੰਮੂ ਕਸ਼ਮੀਰ ਰਾਜ ਦੀ ਲਗਭਗ 80 ਪ੍ਰਤੀਸ਼ਤ ਜਨਸੰਖਿਆ ਖੇਤੀਬਾੜੀ/ਬਾਗਬਾਨੀ (ਕਾਸ਼ਤਕਾਰੀ) ਉਪਰ ਨਿਰਭਰ ਹੈ। ਇਥੇ ਬੋਲੀ ਜਾਣ ਵਾਲੀ ਪ੍ਰਮੁੱਖ ਭਾਸ਼ਾ ਉਰਦੂ ਹੈ ਅਤੇ ਕਸ਼ਮੀਰੀ, ਡੋਗਰੀ, ਹਿੰਦੀ, ਪੰਜਾਬੀ, ਲੱਦਾਖੀ ਆਦਿ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਲਗਭਗ 101387 ਵਰਗ ਕਿਲੋਮੀਟਰ ਖੇਤਰਫ਼ਲ 'ਚ ਫੈਲਿਆ ਇਹ ਰਾਜ ਸੈਲਾਨੀਆਂ ਦੀ ਦ੍ਰਿਸ਼ਟੀ ਵਿਚ ਬੇਹੱਦ ਮਹੱਤਵਪੂਰ, ਅਦਭੁਤ ਸਥਾਨ ਹੈ। ਇੱਥੇ ਮੁਗਲ ਬਾਦਸ਼ਾਹਾਂ ਦੁਆਰਾ ਨਿਰਮਿਤ ਬਾਗ਼ ਬਗੀਚੇ ਆਪਣੀ ਅਦਭੁੱਤ ਅਤਿ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹਨ। ਇਸ ਕਰਕੇ ਲੱਦਾਖ ਸਥਿਤ ਬੁੱਧ ਮੰਦਿਰ ਅਤੇ ਮਠ ਸਥਾਪਤ ਕਲਾ ਦੀ ਮਨੋਰਮ ਵੈਕੁੰਠ ਭਰੀ ਮਿਸਾਲ ਹੈ।

ਕੁਦਰਤੀ ਖ਼ੂਬਸੂਰਤੀ ਨਾਲ ਮਾਲਾਮਾਲ ਇਥੋਂ ਦੀਆਂ ਮਨੋਹਰ ਵਾਦੀਆਂ ਨੂੰ ਵੇਖਕੇ ਮੁਗਲ ਬਾਦਸ਼ਾਹ ਜਹਾਂਗੀਰ ਨੇ ਇਸੇ ਧਰਤੀ ਉਪਰ ਸਵਰਗ ਨਾਮ ਦਿੱਤਾ ਹੈ। ਦੁਧੀਆ ਦ੍ਰਿਸ਼ਾਵਲੀਆਂ, ਅਦਭੁੱਤ ਮਨਮੋਹਣੀਆਂ ਵਾਦੀਆਂ ਵਿਚ ਆ ਕੇ ਕਿਸੇ ਦਾ ਵੀ ਮਨ ਤਨ ਭਾਵਵਿਭੋਰ ਹੋਏ ਬਿਨਾਂ ਨਹੀਂ ਰਹਿੰਦਾ।

ਬਰਫ਼ ਨਾਲ ਲੱਥਪੱਥ ਪਹਾੜੀਆਂ, ਝਰਨੇ, ਹਰੇ ਭਰੇ ਬਾਗ਼, ਚਮਕਦੀਆਂ ਝੀਲਾਂ, ਚਿਨਾਰ ਦੇ ਰੁੱਖ ਅਤੇ ਅਨੇਕਾਂ ਪ੍ਰਕਾਰ ਦੇ ਫ਼ਲ, ਫੁੱਲ, ਚਾਰ ਸੌ ਸਾਲ ਪੁਰਾਣੇ ਰੁੱਖ, ਨਾਗਿਨ ਝੀਲ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ।

ਸੂਫੀ ਸੰਤਾਂ ਦੀਆਂ ਅਨੇਕਾਂ ਪਵਿੱਤਰ ਦਰਗਾਹਾਂ, ਜੈਣ ਓਲਦੀਨ ਸ਼ਾਹ ਜੈਰਤ (ਰਿਸ਼ੀ ਸੀ), ਮਹਿਜੂਰ ਦਾ ਕਬਰਿਸਤਾਨ, ਜਾਮੀਆ ਮਸਜਿਦ, ਹਜਰਤ ਬਲ, ਹਿੰਦੂਆਂ ਤੇ ਸਿੱਖਾਂ ਦੇ ਤੀਰਥ ਸਥਾਨ ਆਦਿ ਇਸ ਧਰਤੀ ਨੂੰ ਪਵਿੱਤਰਤਾ ਦਿੰਦੇ ਹੋਏ ਅਸ਼ੀਰਵਾਦ ਦੇ ਰਹੇ ਹਨ। ਸ੍ਰੀਨਗਰ ਸ਼ਹਿਰ ਜਿਹਲਮ ਨਦੀ ਦੇ ਦੋਵਾਂ ਕਿਨਾਰਿਆਂ ਉਪਰ ਵਸਿਆ ਹੋਇਆ ਹੈ।

ਕਸ਼ਮੀਰ (ਸ਼੍ਰੀਨਗਰ) ਨੂੰ ਵਿਸ਼ੇਸ ਤੌਰ 'ਤੇ ਫਲ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਇਸ ਧਰਤੀ ਉਪਰ ਕੁਦਰਤ ਦੀ ਏਨੀ ਬਖ਼ਸ਼ਿਸ਼ ਹੈ ਕਿ ਅਨੇਕਾਂ ਬਾਗ ਇਸ ਧਰਤੀ ਦੇ ਹਿੱਸੇ ਆਏ ਹਨ। ਖ਼ਾਸ ਕਰਕੇ ਸੇਬਾਂ ਦੇ ਕਈ ਕਈ ਮੀਲ ਲੰਬੇ ਬਾਗ਼ ਵਿਸ਼ੇਸ ਤੌਰ 'ਤੇ ਕਈ ਮੀਲ ਲੰਬੀ ਐਪਲ ਵੈਲੀ (ਸੇਬ ਵੈਲੀ) ਕਸਬਾ ਕਲਿਆਣ ਵਿਖੇ ਹੈ, ਜਿਥੇ ਸਾਰੀ ਧਰਤੀ ਬਾਗ਼ਾਂ ਨੇ ਜੰਨਤ ਬਣਾ ਰੱਖੀ ਹੈ। ਹੋਰ ਅਖਰੋਟ ਦੇ ਵੱਡੇ ਰੁੱਖ ਬਾਗ਼। ਹਰ ਤਰ੍ਹਾਂ ਦਾ ਫ਼ਰੂਟ ਹੁੰਦਾ ਹੈ।

ਖ਼ਾਸ ਕਰਕੇ ਪਾਮ ਕਸਬੇ ਵਿਖੇ ਕੇਸਰ ਦੀ ਖੇਤੀ ਹੁੰਦੀ ਹੈ। ਦੁਨੀਆਂ ਵਿਚ ਇਸ ਸਥਾਨ ਦੀ ਮਹੱਤਤਾ ਹੈ। ਇਹ ਕੇਸਰ ਦੇਸ਼-ਵਿਦੇਸ਼ ਤੱਕ ਜਾਂਦਾ ਹੈ। ਇਸ ਧਰਤੀ ਨੂੰ ਮਾਲਾਮਾਲ ਕੀਤਾ ਹੈ ਕੁਦਰਤ ਨੇ। ਸਾਰਾ ਇਲਾਕਾ ਬਿਲਕੁਲ ਪੱਧਰਾ ਹੈ।

ਕਸ਼ਮੀਰ ਜਿੱਥੇ ਆਪਣੀ ਅਦਭੁੱਤ ਸੁੰਦਰਤਾ ਨਾਲ ਮਾਲਾਮਾਲ ਹੈ। ਕਿਸੇ ਸਮੇਂ ਭਾਰਤ ਦਾ ਸਭ ਤੋਂ ਕਮਾਊ ਸ਼ਹਿਰ ਸੀ। ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਸੀ। ਇੱਥੇ ਅੱਜਕੱਲ੍ਹ ਲੋਕ ਮਾਹੌਲ ਨੂੰ ਵੇਖਦੇ ਹੋਏ ਡਰਦੇ ਹੀ ਨਈਂ ਜਾਂਦੇ। ਇੱਥੋਂ ਦੇ ਲੋਕਾਂ ਦਾ ਵਪਾਰ ਮੱਧਮ ਪੈ ਗਿਆ ਹੈ। ਖ਼ਾਸ ਕਰਕੇ ਡੱਲ ਝੀਲ ਦੇ ਸ਼ਿਕਾਰੇ, ਹਾਊਸ ਬੋਟ ਦੀ ਤਰਸਯੋਗ ਹਾਲਤ ਹੋ ਗਈ ਹੈ। ਫਾਈਵ ਸਟਾਰ ਵਰਗੇ ਹਾਊਸ ਬੋਟਸ ਦਾ ਮਾੜਾ ਹਾਲ ਹੈ। ਟਾਵੇਂ-ਟਾਵੇਂ ਲੋਕ ਹੀ ਇੱਥੇ ਆਉਂਦੇ ਹਨ। ਬੇਸ਼ੱਕ ਪ੍ਰਸ਼ਾਸਨ ਦੁਆਰਾ ਸੁਰੱਖਿਆ ਦੇ ਕੜੇ ਪ੍ਰਬੰਧ ਹਨ ਪਰ ਮਾਹੌਲ ਤੋਂ ਡਰਕੇ ਲੋਕ ਘੱਟ ਜਾਂਦੇ ਹਨ। ਆਮ ਜਨਤਾ ਜਾਂ ਸੈਲਾਨੀਆਂ ਦੀ ਪੂਰੀ ਇੱਜ਼ਤ ਹੁੰਦੀ ਹੈ। ਫਿਰ ਵੀ ਕਸ਼ਮੀਰ ਕਸ਼ਮੀਰ ਹੀ ਹੈ। ਇਕ ਅਦਭੁੱਤ ਧਰਤੀ ਦਾ ਵੈਕੁੰਠ।

# ਸ਼ੂਗਰ ਦੀ ਵਧ ਰਹੀ ਮਹਾਂਮਾਰੀ ਇਕ ਚਿੰਤਾ ਦਾ ਵਿਸ਼ਾ




-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਡਾਇਬੀਟੀਜ਼ ਇੱਕ ਪੁਰਾਣੀ ਬਿਮਾਰੀ ਹੈ, ਜੋ ਉਦੋਂ ਵਾਪਰਦੀ ਹੈ, ਜਦੋਂ ਕਿਸੇ ਵਿਅਕਤੀ ਦੇ ਖ਼ੂਨ ਵਿਚ ਗਲੂਕੋਜ਼ ਦਾ ਪੱਧਰ ਬਹੁਤ ਜ਼ਿਆਦਾ ਹੁੰਦਾ ਹੈ। ਸ਼ੂਗਰ ਦੀਆਂ ਮੁੱਖ ਤੌਰ 'ਤੇ ਦੋ ਕਿਸਮਾਂ ਹੁੰਦੀਆਂ ਹਨ: ਟਾਈਪ 1 ਅਤੇ ਟਾਈਪ 2 । ਪਹਿਲੀ ਉਦੋਂ ਹੁੰਦੀ ਹੈ, ਜਦੋਂ ਸਰੀਰ ਦੀ ਇਮਿਊਨ ਸਿਸਟਮ ਪੈਨਕ੍ਰੀਅਸ 'ਤੇ ਹਮਲਾ ਕਰਦੀ ਹੈ, ਨਤੀਜੇ ਵਜੋਂ ਇਨਸੁਲਿਨ ਦੀ ਘਾਟ ਹੁੰਦੀ ਹੈ। ਦੂਜੇ ਪਾਸੇ, ਟਾਈਪ 2 ਡਾਇਬਟੀਜ਼, ਇਨਸੁਲਿਨ ਪ੍ਰਤੀਰੋਧ ਦਾ ਨਤੀਜਾ ਹੈ, ਜਿਸ ਨਾਲ ਸੈੱਲ ਇਨਸੁਲਿਨ ਦੀ ਪ੍ਰਭਾਵੀ ਵਰਤੋਂ ਕਰਨ ਵਿਚ ਅਸਫਲ ਰਹਿੰਦੇ ਹਨ। ਇੰਟਰਨੈਸ਼ਨਲ ਡਾਇਬੀਟੀਜ਼ ਫੈਡਰੇਸ਼ਨ ਦੇ ਅਨੁਸਾਰ, ਡਾਇਬਟੀਜ਼ ਵਰਤਮਾਨ ਵਿਚ ਦੁਨੀਆਂ ਭਰ ਵਿਚ 463 ਮਿਲੀਅਨ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਹ ਅੰਕੜਾ 2045 ਤੱਕ 700 ਮਿਲੀਅਨ ਤੱਕ ਵਧਣ ਦਾ ਅਨੁਮਾਨ ਹੈ।

ਜਿਥੇ ਕਿ ਲੀਡ ਰਿਸਰਚ ਦੇ ਮੁੱਖ ਲੇਖਕ ਅਤੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਦੇ ਸਕੂਲ ਆਫ਼ ਮੈਡੀਸਨ ਵਿਖੇ ਹੈਲਥ ਮੈਟ੍ਰਿਕਸ ਅਤੇ ਮੁਲਾਂਕਣ ਲਈ ਇੰਸਟੀਚਿਊਟ ਦੇ ਵਿਗਿਆਨੀ ਡਾ. ਲਿਆਨ ਓਂਗ ਦੇ ਮੁਤਾਬਿਕ "ਜਿਸ ਤੇਜ਼ੀ ਨਾਲ ਡਾਇਬਟੀਜ਼ ਵਧ ਰਹੀ ਹੈ, ਉਹ ਨਾ ਸਿਰਫ਼ ਚਿੰਤਾਜਨਕ ਹੈ, ਸਗੋਂ ਵਿਸ਼ਵ ਦੀ ਹਰ ਸਿਹਤ ਪ੍ਰਣਾਲੀ ਲਈ ਚੁਣੌਤੀਪੂਰਨ ਵੀ ਹੈ, ਖਾਸ ਤੌਰ 'ਤੇ ਇਹ ਦੇਖਦੇ ਹੋਏ ਕਿ ਇਹ ਬਿਮਾਰੀ ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦੇ ਜ਼ੋਖ਼ਮ ਨੂੰ ਵੀ ਵਧਾ ਰਹੀਂ ਹੈ।

ਇਹ ਗਲੋਬਲ ਖੋਜ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੇ ਇੱਕ ਤਾਜ਼ਾ ਅਧਿਐਨ ਤੋਂ ਬਾਅਦ ਆਈ ਹੈ ਅਤੇ ਜਰਨਲ 'ਦਿ ਲੈਂਸੇਟ ਡਾਇਬਟੀਜ਼ ਐਂਡ ਐਂਡੋਕਰੀਨੋਲੋਜੀ' ਵਿਚ ਪ੍ਰਕਾਸ਼ਿਤ ਹੋਈ ਹੈ ਕਿ ਭਾਰਤ ਵਿਚ ਕੁੱਲ 101 ਮਿਲੀਅਨ ਲੋਕ ਸ਼ੂਗਰ ਤੋਂ ਪੀੜਤ ਹਨ, ਜਦੋਂਕਿ 136 ਮਿਲੀਅਨ ਪ੍ਰੀ-ਡਾਇਬਟੀਜ਼ ਹਨ।

ਕਈ ਸਮਾਜਿਕ-ਆਰਥਿਕ ਕਾਰਕਾਂ ਨੇ ਵਿਸ਼ਵ ਪੱਧਰ 'ਤੇ ਸ਼ੂਗਰ ਦੇ ਵਧਣ ਵਿਚ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚ ਸ਼ਹਿਰੀਕਰਨ, ਗੈਰ-ਸਿਹਤਮੰਦ ਆਹਾਰ, ਬਹੁਤ ਜ਼ਿਆਦਾ ਸ਼ਰਾਬ ਦਾ ਸੇਵਨ ਅਤੇ ਤੰਬਾਕੂ ਦੀ ਵਰਤੋਂ ਸ਼ਾਮਲ ਹੈ। ਤੇਜ਼ੀ ਨਾਲ ਵਿਕਾਸਸ਼ੀਲ ਅਰਥਵਿਵਸਥਾਵਾਂ ਵਾਲੇ ਦੇਸ਼ਾਂ ਵਿਚ ਡਾਇਬੀਟੀਜ਼ ਦੀਆਂ ਘਟਨਾਵਾਂ ਵਧੇਰੇ ਹਨ, ਜਿੱਥੇ ਲੋਕ ਵਧੇਰੇ ਪੱਛਮੀ ਜੀਵਨ ਸ਼ੈਲੀ ਨੂੰ ਅਪਣਾਉਂਦੇ ਹਨ, ਜਿਸ ਦੀ ਵਿਸ਼ੇਸ਼ਤਾ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਅਤੇ ਉੱਚ ਪੱਧਰੀ ਸਰੀਰਕ ਅਕਿਰਿਆਸ਼ੀਲਤਾ ਹੈ। ਇਸ ਤੋਂ ਇਲਾਵਾ, ਘੱਟ ਆਮਦਨੀ ਵਾਲੇ ਲੋਕ ਅਤੇ ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ਾਂ ਵਿਚ ਰਹਿੰਦੇ ਹਨ, ਸਿਹਤ ਸੰਭਾਲ ਸਹੂਲਤਾਂ ਤੱਕ ਸੀਮਤ ਪਹੁੰਚ, ਮਾੜੇ ਵਿਦਿਅਕ ਮੌਕਿਆਂ ਅਤੇ ਨਾਕਾਫ਼ੀ ਪੋਸ਼ਣ ਦੇ ਕਾਰਨ ਸ਼ੂਗਰ ਦੇ ਵਿਕਾਸ ਦੇ ਵਧੇਰੇ ਜ਼ੋਖਮ ਵਿਚ ਹਨ।

ਸ਼ੂਗਰ ਦੀ ਵਧ ਰਹੀ ਮਹਾਂਮਾਰੀ ਨਾਲ ਨਜਿੱਠਣ ਲਈ ਡਾਇਬੀਟੀਜ਼ ਬਾਰੇ ਜਨਤਕ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਇੱਕ ਜ਼ਰੂਰੀ ਤੱਤ ਹੈ। ਲੋਕਾਂ ਨੂੰ ਸ਼ੂਗਰ ਦੇ ਜ਼ੋਖ਼ਮ ਕਾਰਕਾਂ ਅਤੇ ਰੋਕਥਾਮ ਦੇ ਉਪਾਵਾਂ ਬਾਰੇ ਜਾਗਰੂਕ ਕਰਨ ਲਈ ਜਨਤਕ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਸਕਦੀਆਂ ਹਨ। ਅਜਿਹੀਆਂ ਮੁਹਿੰਮਾਂ ਵਿਚ ਪੋਸਟਰ, ਔਨਲਾਈਨ ਇਸ਼ਤਿਹਾਰ ਅਤੇ ਜਨਤਕ ਸੇਵਾ ਘੋਸ਼ਣਾਵਾਂ ਸ਼ਾਮਲ ਹੋ ਸਕਦੀਆਂ ਹਨ। ਭਾਈਚਾਰਕ ਸੰਸਥਾਵਾਂ ਜਿਵੇਂ ਕਿ ਸਕੂਲ, ਚਰਚ ਅਤੇ ਹੋਰ ਭਾਈਚਾਰਕ ਸਮੂਹਾਂ ਨੂੰ ਵੀ ਸ਼ੂਗਰ ਦੀ ਰੋਕਥਾਮ ਅਤੇ ਪ੍ਰਬੰਧਨ ਬਾਰੇ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ ਲਈ ਸ਼ਾਮਲ ਕੀਤਾ ਜਾ ਸਕਦਾ ਹੈ।

ਡਾਇਬਟੀਜ਼ ਨੂੰ ਘੱਟ ਕਰਨ ਦੇ ਉਦੇਸ਼ ਨਾਲ ਸਿਹਤ ਸੰਭਾਲ ਨੀਤੀਆਂ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ। ਉਦਾਹਰਨ ਲਈ, ਰਾਸ਼ਟਰੀ ਅਤੇ ਖੇਤਰੀ ਸਰਕਾਰਾਂ ਮਿੱਠੇ ਪੀਣ ਵਾਲੇ ਪਦਾਰਥਾਂ 'ਤੇ ਟੈਕਸ ਲਗਾ ਕੇ ਅਤੇ ਸਿਹਤਮੰਦ ਭੋਜਨ ਵਿਕਲਪਾਂ ਲਈ ਪ੍ਰੋਤਸਾਹਨ ਪ੍ਰਦਾਨ ਕਰਕੇ ਸਿਹਤਮੰਦ ਭੋਜਨ ਨੂੰ ਉਤਸ਼ਾਹਿਤ ਕਰ ਸਕਦੀਆਂ ਹਨ। ਇਸ ਤੋਂ ਇਲਾਵਾ, ਦੂਰ-ਦੁਰਾਡੇ ਦੇ ਖੇਤਰਾਂ ਸਮੇਤ ਹਰ ਕਿਸੇ ਨੂੰ ਸਿਹਤ ਸੰਭਾਲ ਪਹੁੰਚ ਪ੍ਰਦਾਨ ਕਰਨਾ ਮਹੱਤਵਪੂਰਨ ਹੈ। ਅਜਿਹੀ ਪਹੁੰਚ ਹੈਲਥਕੇਅਰ ਬੁਨਿਆਦੀ ਢਾਂਚੇ ਵਿਚ ਨਿਵੇਸ਼ ਕਰਕੇ, ਸਿਹਤ ਸੰਭਾਲ ਕਰਮਚਾਰੀਆਂ ਨੂੰ ਸਿਖਲਾਈ ਦੇ ਕੇ ਅਤੇ ਡਾਇਬੀਟੀਜ਼ ਸਕ੍ਰੀਨਿੰਗ ਸੇਵਾਵਾਂ ਨੂੰ ਵਧੇਰੇ ਆਸਾਨੀ ਨਾਲ ਉਪਲਬਧ ਕਰਾ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਰਕਾਰੀ ਨਿਯਮ ਡਾਇਬੀਟੀਜ਼ ਪ੍ਰਬੰਧਨ ਅਤੇ ਰੋਕਥਾਮ ਵਿਚ ਵੀ ਯੋਗਦਾਨ ਪਾ ਸਕਦੇ ਹਨ। ਉਦਾਹਰਨ ਲਈ, ਫੂਡ ਲੇਬਲਿੰਗ 'ਤੇ ਨਿਯਮ ਖਪਤਕਾਰਾਂ ਨੂੰ ਉਨ੍ਹਾਂ ਦੇ ਖੁਰਾਕ ਬਾਰੇ ਸੂਝਵਾਨ ਵਿਕਲਪ ਬਣਾਉਣ ਵਿਚ ਮਦਦ ਕਰ ਸਕਦੇ ਹਨ, ਖਾਸ ਤੌਰ 'ਤੇ ਉਨ੍ਹਾਂ ਸਥਾਨਾਂ ਵਿਚ ਜਿੱਥੇ ਡਾਇਬੀਟੀਜ਼ ਦਾ ਪ੍ਰਸਾਰ ਹੁੰਦਾ ਹੈ। ਸਰਕਾਰਾਂ ਸਿਹਤਮੰਦ ਵਿਕਲਪਾਂ ਨੂੰ ਉਤਸ਼ਾਹਿਤ ਕਰਨ ਲਈ, ਖਾਸ ਤੌਰ 'ਤੇ ਬੱਚਿਆਂ ਲਈ, ਗੈਰ-ਸਿਹਤਮੰਦ ਭੋਜਨ ਅਤੇ ਪੀਣ ਵਾਲੇ ਉਤਪਾਦਾਂ ਦੇ ਇਸ਼ਤਿਹਾਰਾਂ ਨੂੰ ਵੀ ਨਿਯੰਤ੍ਰਿਤ ਕਰ ਸਕਦੀਆਂ ਹਨ।

ਸਿੱਟੇ ਵਜੋਂ, ਜਨਤਕ ਜਾਗਰੂਕਤਾ ਮੁਹਿੰਮਾਂ, ਸਰਕਾਰੀ ਨਿਯਮ ਅਤੇ ਸਿਹਤ ਸੰਭਾਲ ਨੀਤੀ ਉਪਾਅ ਸਾਰੇ ਡਾਇਬੀਟੀਜ਼ ਨੂੰ ਰੋਕਣ ਅਤੇ ਪ੍ਰਬੰਧਨ ਵਿਚ ਮਹੱਤਵਪੂਰਨ ਕਦਮ ਚੁੱਕ ਸਕਦੇ ਹਨ। ਗਲੋਬਲ ਜਨਤਕ ਸਿਹਤ 'ਤੇ ਡਾਇਬੀਟੀਜ਼ ਮਹਾਮਾਰੀ ਦੇ ਪ੍ਰਭਾਵਾਂ, ਖਾਸ ਤੌਰ 'ਤੇ ਹਾਸ਼ੀਏ ਵਾਲੇ ਸਮੂਹਾਂ ਵਿਚ, ਇਸ ਨੂੰ ਜਨਤਕ ਸਿਹਤ ਦੀ ਤਰਜੀਹ ਬਣਾ ਦਿੱਤਾ ਹੈ। ਹਾਲਾਂਕਿ ਵਿਅਕਤੀਗਤ ਜ਼ਿੰਮੇਵਾਰੀ ਜ਼ਰੂਰੀ ਹੈ, ਪਰ ਵਿਸ਼ਵ ਪੱਧਰ 'ਤੇ ਡਾਇਬੀਟੀਜ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਅਤੇ ਰੋਕਣ ਲਈ ਸਹਾਇਕ ਨੀਤੀਆਂ, ਸਿੱਖਿਆ ਅਤੇ ਪ੍ਰੋਗਰਾਮਿੰਗ ਦਾ ਹੋਣਾ ਜ਼ਰੂਰੀ ਹੈ। ਆਖਰਕਾਰ, ਸ਼ੂਗਰ ਦੀ ਮਹਾਂਮਾਰੀ ਨੂੰ ਸੰਬੋਧਿਤ ਕਰਨ ਲਈ ਜਨਤਕ ਸਿਹਤ ਦੇ ਬਿਹਤਰ ਨਤੀਜਿਆਂ ਲਈ ਟੀਚਾ ਬਣਾਉਣ ਲਈ, ਹਰ ਪੱਧਰ 'ਤੇ ਵਿਅਕਤੀਆਂ, ਭਾਈਚਾਰਕ ਸੰਸਥਾਵਾਂ ਅਤੇ ਸਰਕਾਰੀ ਸੰਸਥਾਵਾਂ ਦੀ ਸਰਗਰਮ ਭਾਗੀਦਾਰੀ ਅਤੇ ਸਹਿਯੋਗ ਦੀ ਲੋੜ ਹੁੰਦੀ ਹੈ।

ਜੇਕਰ ਤੁਸੀਂ ਖੁਦ ਇਸ 'ਤੇ ਕਾਬੂ ਪਾ ਪੈਂਦੇ ਹੋ, ਤਾਂ ਇਸ ਤੋਂ ਵੱਡਾ ਕੋਈ ਹੋਰ ਇਲਾਜ਼ ਨਹੀਂ ਹੈ, ਜਿਸ ਲਈ ਤੁਹਾਨੂੰ ਟਾਈਪ 2 ਡਾਇਬਟੀਜ਼ ਲਈ ਆਪਣੀ ਜੀਵਨਸ਼ੈਲੀ ਵਿਚ ਸੁਧਾਰ ਕਰਨਾ ਪਏਗਾ। ਨਿਯਮਤ ਸਰੀਰਕ ਕਸਰਤ, ਖੇਡਾਂ ਆਦਿ ਗਤੀਵਿਧੀ ਵਿਚ ਰੁੱਝੇ ਰਹੋ ਅਤੇ ਇੱਕ ਸੰਤੁਲਿਤ ਅਤੇ ਪੌਸ਼ਟਿਕ ਖੁਰਾਕ ਦੀ ਪਾਲਣਾ ਕਰੋ। ਖੰਡ, ਕਾਰਬੋਹਾਈਡਰੇਟ ਅਤੇ ਅਲਕੋਹਲ ਦੇ ਸੇਵਨ ਨੂੰ ਘਟਾਓ। ਵਧੇਰੇ ਸੰਤੁਲਿਤ ਅਤੇ ਪੌਸ਼ਟਿਕ ਖੁਰਾਕ ਲਈ ਬੀਜਾਂ ਦੇ ਤੇਲ ਅਤੇ ਟ੍ਰਾਂਸ-ਫੈਟੀ ਐਸਿਡ ਦੀ ਖਪਤ ਨੂੰ ਘਟਾਉਣ 'ਤੇ ਵਿਚਾਰ ਕਰੋ। ਜੋ ਤੁਹਾਡੇ ਜਿਗਰ ਵਿਚ ਤੁਹਾਡੇ ਸਰੀਰ ਨੂੰ ਲੋੜੀਂਦੇ ਸਾਰੇ ਗਲਾਈਕੋਜ਼ਨ ਪੈਦਾ ਕਰਨ ਦੀ ਕਮਾਲ ਦੀ ਸਮਰੱਥਾ ਹੋਵੇਗੀ।

# ਬਚਾਅ ਜ਼ਰੂਰੀ ਹੈ ਸੱਟਾਂ ਤੋਂ

*"70% ਸੜਕ ਹਾਦਸੇ ਕੇਅਰਲੈਸ ਡਰਾਈਵਿੰਗ ਕਾਰਨ ਹੋ ਰਹੇ ਹਨ। ਛੇਤੀ ਠੀਕ ਨਾ ਹੋਣ ਵਾਲੀਆਂ ਸੱਟਾਂ ਬੇਕਸੂਰ ਲੋਕਾਂ ਨੂੰ ਲੰਬੇ ਸਮੇਂ ਤੱਕ ਮਾਨਸਿਕ-ਸਰੀਰਕ ਤੌਰ 'ਤੇ ਬਿਮਾਰ ਕਰ ਰਹੀਆਂ ਹਨ। 'ਕਰੇ ਕੋਈ ਤੇ ਭਰੇ ਕੋਈ' ਵਾਲੀ ਕਹਾਵਤ ਸਾਹਮਣੇ ਆ ਰਹੀ ਹੈ। ਇੰਸ਼ੌਰੈਂਸ ਕੰਪਨੀ ਦੇ ਕਈ ਅਡਜਸਟਰਾਂ ਦੇ ਗਲਤ ਫੈਸਲੇ ਬੇਕਸੂਰ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ।" -ਅਨਿਲ ਧੀਰ*

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)







ਵਿਸ਼ਵ ਭਰ ਵਿਚ 5 ਜੁਲਾਈ, 2023 ਨੂੰ ਨੈਸ਼ਨਲ ਇਨਜਰੀ (ਸੱਟ) ਬਚਾਅ ਦਿਵਸ ਮਨਾ ਕੇ ਹਰ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਕਈ ਮਿਲੀਅਨ ਕਰੀਬਨ 75% ਲੋਕ, ਰੋਕਥਾਮ ਵਾਲੀ ਸੱਟ ਨਾਲ ਕਿਸੇ ਬਿਮਾਰੀ ਨਾਲੋਂ ਜ਼ਿਆਦਾ ਮੌਤ ਦਾ ਸ਼ਿਕਾਰ ਹੋ ਰਹੇ ਹਨ। 10 ਤੋਂ 19 ਸਾਲ ਦੀ ਉਮਰ ਵਿਚ ਬੱਚਿਆਂ ਨੂੰ ਖੇਡਣ ਦੌਰਾਣ ਸਿਰ ਦੀਆਂ ਸੱਟਾਂ ਲੱਗਦੀਆਂ ਹਨ। ਨੌਜਵਾਨ ਡਰਾਈਵਰ ਲਾਪ੍ਰਵਾਹੀ ਨਾਲ ਡਰਾਈਵਿੰਗ ਕਰਕੇ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦਿਨ ਲੋਕਾਂ ਨੂੰ ਰੋਕਥਾਮ ਵਾਲੀਆਂ ਸੱਟਾਂ ਦੇ ਕਾਰਨ ਹੋਣ ਵਾਲੇ ਮਾੜੇ ਅਸਰ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਅਚਾਨਕ ਲੱਗ ਜਾਣ ਵਾਲੀਆਂ ਸੱਟਾਂ ਘਰ, ਆਫਿਸ, ਬੇਅਰਹਾਉਸ 'ਚ ਕੰਮ ਦੌਰਾਣ, ਸੈਰ ਕਰਦੇ ਹੋਏ, ਪਾਰਕ ਵਿਚ, ਡਰਾਈਵਿੰਗ ਦੌਰਾਨ ਅਪਾਹਜ਼, ਤਿਲਕਣ ਨਾਲ, ਖੇਡਾਂ ਖੇਡਦੇ ਹੋਏ, ਕਸਰਤ ਦੌਰਾਨ, ਵਗੈਰਾ ਤੋਂ ਖੁਦ ਨੂੰ ਬਚਾਇਆ ਜਾ ਸਕਦਾ ਹੈ, ਸਾਵਧਾਨੀ ਵਰਤ ਕੇ।

- ਜੇ ਘਰ ਵਿਚ ਛੋਟੇ ਬੱਚੇ ਹਨ ਤਾਂ ਘਰੇਲੂ ਕਲੀਨਰ ਜਿਵੇਂ ਲਾਂਡਰੀ-ਡਿਟਰਜੈਂਟ, ਬਲੀਚ, ਦਵਾਈਆਂ ਉਨਾਂ ਦੀ ਪਹੁੰਚ ਤੋਂ ਦੂਰ ਰੱਖੋ। ਬੱਚਿਆਂ ਨੂੰ ਉਮਰ ਦੇ ਮੁਤਾਬਿਕ ਸੇਫ ਖਿਡੌਣੇ ਦਿਓ, ਤਾਂਕਿ ਅਣਚਾਹੀ ਸੱਟ, ਦਮ ਘੁਟਣ ਦੀ ਘਟਨਾ ਤੋਂ ਬਚਾਇਆ ਜਾ ਸਕੇ।
- ਕਸਰਤ ਦੌਰਾਨ ਸੱਟ ਕਿਸੇ ਨੂੰ ਵੀ ਲੱਗ ਸਕਦੀ ਹੈ। ਤਜ਼ਰਬਾ ਘੱਟ ਹੋਣ ਵੇਲੇ ਵਰਕਆਊਟ ਦੀ ਸ਼ੁਰੂਆਤ ਟ੍ਰੇਨਰ ਦੀ ਨਿਗਰਾਨੀ ਹੇਠ ਕਰੋ, ਤਾਂਕਿ ਸੱਟ ਤੋਂ ਬਚਾਅ ਹੋ ਸਕੇ। ਹਰ ਵਰਕਆਊਟ ਦੀ ਸ਼ੁਰੂਆਤ ਵਾਰਮ-ਅਪ ਤੋਂ ਹੁੰਦੀ ਹੈ। ਕਿਉਂਕਿ ਵਾਰਮ-ਅਪ ਹੌਲੀ-ਹੌਲੀ ਦਿਲ ਦੀ ਧੜਕਨ ਵਧਾ ਕੇ ਸਰੀਰ ਦੇ ਜੋੜਾਂ ਤੇ ਮਾਸਪੇਸ਼ੀਆਂ ਦੀ ਕ੍ਰਿਆ ਠੀਕ ਕਰਦਾ ਹੈ। 45 ਸਾਲ ਤੋਂ ਵੱਧ ਉਮਰ ਵਾਲੇ ਬਿਮਾਰੀ ਦੀ ਹਾਲਤ ਵਿਚ ਮਾਹਿਰ ਦੀ ਸਲਾਹ ਨਾਲ ਵਰਕਆਊਟ ਕਰਨ। ਲੋੜ ਤੋਂ ਵੱਧ ਵਰਕਆਊਟ ਜੋੜਾਂ ਦੀ ਬਿਮਾਰੀ ਦੇ ਸਕਦਾ ਹੈ।
- ਵਜ਼ਨ ਘਟਾਉਣ ਲਈ ਕੋਈ ਵੀ ਗਤੀਵਿਧੀ ਜਾਂ ਕਸਰਤ ਦਾ ਪੱਧਰ ਹੌਲੀ-ਹੌਲੀ ਵਧਾਓ। ਲੋੜ ਤੋਂ ਵੱਧ ਗਤੀਵਿਧੀ ਸਰੀਰ ਨੂੰ ਥਕਾਵਟ ਤੇ ਕਮਜ਼ੋਰੀ ਦੇ ਸਕਦੀ ਹੈ। ਕਮਜ਼ੋਰੀ ਦੀ ਹਾਲਤ ਵਿਚ ਸੱਟ ਲੱਗਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਆਪਣੀਆਂ ਸੀਮਾਵਾਂ ਨੂੰ ਜਾਣਕੇ ਹੀ ਅੱਗੇ ਵਧੋ।
- ਰੋਜ਼ ਦੀਆਂ ਅਣਚਾਹੀ ਸੱਟਾਂ ਤੋਂ ਬਚਾਅ ਲਈ ਬੱਚਿਆਂ ਨੂੰ ਹੈਲਮੇਟ, ਸਾਈਕਲ, ਸਕੂਟਰ, ਸਕੇਟ ਬੋਰਡ ਦੇਣ ਤੋਂ ਪਹਿਲਾਂ ਸੁਰੱਖਿਆ ਦੇ ਲਿਹਾਜ਼ ਨਾਲ ਪੂਰੀ ਟ੍ਰੇਨਿੰਗ ਜ਼ਰੂਰ ਦਿਉ। ਮਾਂ-ਬਾਪ ਨੂੰ ਆਪਣੇ ਬੱਚਿਆਂ ਦੀ ਉਮਰ ਮੁਤਾਬਿਕ ਸੀਟ ਬੈਲਟ ਅਤੇ ਕਾਰ ਸੀਟਾਂ ਦੀ ਵਰਤੋਂ ਕਰਨੀ ਚਾਹੀਦੀ ਹੈ।
- ਬਜ਼ੁਰਗ ਜ਼ਿਆਦਾਤਰ ਸ਼ਾਵਰ ਲੈਣ ਵੇਲੇ, ਤਿਲਕਵੇਂ ਫਲੋਰ ਅਤੇ ਪੌੜੀਆਂ ਉਤਰਦੇ-ਚੜ੍ਹਦੇ ਹੋਏ ਅਣਚਾਹੀ ਸੱਟਾਂ ਦੇ ਸ਼ਿਕਾਰ ਹੋ ਜਾਂਦੇ ਹਨ। ਨਤੀਜੇ ਵਜੋਂ ਹਿੱਪ ਦਾ ਟੁੱਟ ਜਾਣਾ ਅਤੇ ਸਿਰ ਤੇ ਦਿਮਾਗ ਦੀਆਂ ਗੰਭੀਰ ਸੱਟਾਂ ਲੱਗ ਜਾਂਦੀਆਂ ਹਨ। ਬਜ਼ੁਰਗਾਂ ਨੂੰ ਘਰ ਅੰਦਰ ਸੱਟਾਂ ਤੋਂ ਬਚਾਉਣ ਲਈ ਟਾਇਲਟ ਸੀਟ ਦੇ ਨੇੜੇ ਅਤੇ ਸ਼ਾਵਰ ਲੈਣ ਵੇਲੇ ਪ੍ਰੋਪਰ ਰੇਲਿੰਗ ਸੁਪੋਰਟ ਲੱਗੀ ਹੋਣੀ ਚਾਹੀਦੀ ਹੈ। ਸੇਫਟੀ ਲਈ ਤਿਲਕਣ ਵਾਲੀ ਟਾਈਲਜ਼ ਨਾ ਲਗਵਾਓ।
- ਗਰਭਵਤੀ ਔਰਤਾਂ ਨੂੰ ਤੰਦਰੁਸਤ ਬੱਚੇ ਦੇ ਜਨਮ ਲਈ ਖੁਦ ਨੂੰ ਅਣਚਾਹੀ ਸੱਟਾਂ ਤੋਂ ਬਚਾਅ ਲਈ ਘਰ ਅੰਦਰ ਤੇ ਬਾਹਰ ਉਠਣ-ਬੈਠਣ, ਚੱਲਣ-ਫਿਰਨ ਅਤੇ ਡਰਾਈਵਿੰਗ ਦੌਰਾਨ ਆਪਣਾ ਖਾਸ ਖਿਆਲ ਰੱਖਣ।
- ਇਨਸਾਨ ਸਰੀਰ ਦੇ ਨਾਲ-ਨਾਲ ਲਗਾਤਾਰ ਕਲੇਸ਼ ਕਰਕੇ ਸਟ੍ਰੈਸ ਰਹਿਣਾ, ਲੋੜ ਤੋਂ ਵੱਧ ਗੁੱਸਾ, ਅੰਦਰੂਨੀ ਕਮਜ਼ੋਰੀ ਤੇ ਨਪੁੰਸਕਤਾ, ਕੋਈ ਸਦਮਾ, ਉਦਾਸੀ, ਫੋਬੀਆ, ਵਗੈਰਾ ਇੱਕ ਕਿਸਮ ਦੀ ਮਨੋਵਿਗਿਆਨਕ ਸੱਟ ਹੀ ਹੈ। ਮਾਨਸਿਕ ਸੱਟ ਦੇ ਮਾੜੇ ਅਸਰ ਨੂੰ ਘੱਟ ਜਾਂ ਖਤਮ ਕਰਨ ਵਿਚ ਪਰਿਵਾਰ ਦੇ ਮੈਂਬਰਾਂ, ਦੋਸਤ, ਸਹਿਕਰਮੀ ਅਤੇ ਪ੍ਰੋਫੇਸ਼ਨਲ ਮਦਦ ਕਰਦੇ ਹਨ।
- ਗਰਭਵਤੀ ਔਰਤਾਂ ਦੀ ਸੱਟ ਬੱਚੇ ਲਈ ਖਤਰਾ ਪੈਦਾ ਕਰ ਸਕਦੀਆਂ ਹਨ। ਭਵਿੱਖ ਵਿਚ ਆਮ ਸੱਟ ਦੇ ਮਾੜੇ ਅਸਰ ਤੋਂ ਬਚਣ ਲਈ ਲਾਪ੍ਰਵਾਹੀ ਨਾ ਕਰਕੇ ਤੁਰੰਤ ਹਸਪਤਾਲ ਜਾਂ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

**ਨੋਟ** : ਸੜਕ ਹਾਦਸੇ ਵਿਚ ਬੇਗੁਨਾਹ ਲੋਕ ਜ਼ਿਆਦਾ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਸੜਕ ਹਾਦਸੇ ਤੋਂ ਬਾਅਦ ਆਟੋ-ਇੰਸ਼ੌਰੈਂਸ ਕੰਪਨੀਆਂ ਅਤੇ ਵਕੀਲਾਂ ਦੀ ਗੇਮ ਸ਼ੁਰੂ ਹੁੰਦੀ ਹੈ। ਮਕਸਦ ਬੱਸ ਇੱਕ ਹੀ ਹੈ ਕਿ ਬੇਕਸੂਰ ਸੱਟਾਂ ਦੇ ਸ਼ਿਕਾਰ ਲੋਕਾਂ ਨੂੰ ਕੋਈ ਪੈਸਾ ਨਾ ਦੇਣਾ ਪੈ ਜਾਵੇ। ਕਸੂਰਵਾਰ ਵਿਅਕਤੀ ਵੱਡੇ ਵਕੀਲਾਂ ਦੀ ਸਲਾਹ ਨਾਲ ਸਾਫ ਬੱਚ ਜਾਂਦੇ ਹਨ। ਅੱਜ ਲੋੜ ਹੈ ਇਸ ਗੇਮ ਨੂੰ ਠੱਲ੍ਹ ਪਾਉਣ ਦੀ। ਹਰ ਪੱਧਰ 'ਤੇ ਲੋਕਾਂ ਨੂੰ ਅੱਗੇ ਆਉਣ ਤੇ ਜਾਗਰੂਕ ਕਰਨ ਦੀ।

**ਸਚ ਕਹ ਦੂੰ ਐ ਬਰਹਮਨ ਗਰ ਤੂ ਬੁਰਾ ਨਾ ਮਾਨੇ, ਤੇਰੇ ਸਨਮ ਕਦੋਂ ਕੇ ਬੁਤ ਹੋ ਗਏ ਪੁਰਾਨੇ**
**ਅਪਨੋਂ ਸੇ ਬੈਰ ਰਖਨਾ ਤੂਨੇ ਬੁਤੋਂ ਸੇ ਸੀਖਾ, ਜੰਗ ਓ ਜਦਲ ਸਿਖਾਯਾ ਵਾਈਜ਼ ਕੋ ਭੀ ਖੁਦਾ ਨੇ**

# ਕੁਦਰਤੀ ਅਤੇ ਮਨੁੱਖੀ ਕਹਿਰ ਨੇ ਵਸਦੇ ਰਸਦੇ ਘਰਾਂ 'ਚ ਤਬਾਹੀ ਲਿਆ ਦਿੱਤੀ

## ਭਾਰਤੀ ਘੱਟ ਗਿਣਤੀਆਂ ਖਿਲਾਫ ਵਧ ਰਹੀ ਬਿਪਰਵਾਦੀ ਗੁੰਡਾਗਰਦੀ ਰਾਜਧਾਨੀ ਦਿੱਲੀ 'ਚ ਪੀੜਤ ਸਿੱਖਾਂ ਦੀ ਕੋਈ ਨਹੀਂ ਸੁਣਦਾ

**ਕੁਲਵੰਤ ਸਿੰਘ ਢੇਸੀ**
**ਯੂ.ਕੇ.**
kulwantsinghdhesi@hotmail.com





### ਹੜ੍ਹਾਂ ਕਾਰਨ ਪੰਜਾਬ ਦੇ ਪਿੰਡ ਅਤੇ ਸ਼ਹਿਰ ਉਜੱੜ ਰਹੇ ਹਨ

ਇਸ ਵੇਲੇ ਸਾਰੀ ਦੁਨੀਆਂ ਦੇ ਪੰਜਾਬੀਆਂ ਦੀਆਂ ਨਜ਼ਰਾਂ ਪੰਜਾਬ ਵੱਲ ਲੱਗੀਆਂ ਹੋਈਆਂ ਹਨ। ਬੇਸ਼ੱਕ ਹੜ੍ਹ ਪਹਿਲਾਂ ਵੀ ਅਨੇਕਾਂ ਵਾਰ ਆਏ ਹਨ ਪਰ ਹੜ੍ਹਾਂ ਕਾਰਨ ਲੋਕਾਂ ਦੀ ਜੋ ਦੁਰਗਤ ਹੁਣ ਹੋ ਰਹੀ ਹੈ, ਏਨੀ ਪਹਿਲਾਂ ਸ਼ਾਇਦ ਕਦੀ ਨਹੀਂ ਸੀ ਹੋਈ। ਅਨੇਕਾਂ ਥਾਵਾਂ 'ਤੇ ਲੋਕ ਸੁੱਖ ਦੀ ਨੀਂਦਰ ਸੌਂ ਰਹੇ ਸਨ ਪਰ ਜਿਉਂ ਹੀ ਉਨ੍ਹਾਂ ਦੀ ਅੱਖ ਖੁੱਲ੍ਹੀ, ਉਨ੍ਹਾਂ ਦੇ ਘਰ ਪਾਣੀ ਵਿਚ ਡੁੱਬਦੇ ਜਾ ਰਹੇ ਸਨ। ਹੜ੍ਹ ਆਉਂਦਿਆਂ ਹੀ ਬਿਜਲੀ ਬੰਦ ਕਰ ਦਿੱਤੀ ਜਾਂਦੀ ਹੈ ਅਤੇ ਹਜ਼ਾਰਾਂ ਲੋਕ ਪੀਣ ਲਈ ਸਾਫ ਪਾਣੀ ਅਤੇ ਢਿੱਡ ਭਰਨ ਲਈ ਦੋ ਰੋਟੀਆਂ ਤੋਂ ਮਜਬੂਰ ਹੋ ਜਾਂਦੇ ਹਨ। ਇਸ ਦੇ ਨਾਲ ਹੀ ਪਾਣੀ ਵਿਚ ਜੰਗਲੀ ਜੀਵ ਵੀ ਰੁੜ੍ਹਦੇ ਨਜ਼ਰ ਆਏ। ਮਾਮਲਾ ਸਿਰਫ ਕੋਕਰੋਚ ਜਾਂ ਸੱਪਾਂ ਵਰਗੇ ਜੀਵਾਂ ਦਾ ਹੀ ਨਹੀਂ ਹੈ, ਸਗੋਂ ਇੱਕ ਸ਼ਹਿਰ ਵਿਚ ਤਾਂ ਪਾਣੀ ਦੇ ਵਹਾ ਵਿਚ ਮਗਰਮੱਛ ਵੀ ਨਜ਼ਰ ਆਇਆ। ਅਨੇਕਾਂ ਸੜਕਾਂ ਦੀ ਆਵਾਜਾਈ ਰੁੱਕ ਗਈ ਅਤੇ ਅਨੇਕਾਂ ਵਾਹਨ ਪਾਣੀ ਵਿਚ ਰੁੜ੍ਹਦੇ ਨਜ਼ਰ ਆਏ। ਹਾਲ ਦੀ ਘੜੀ ਇਹ ਕਿਆਸ ਕਰਨਾ ਮੁਸ਼ਕਲ ਹੈ ਕਿ ਮੌਜੂਦਾ ਹੜ੍ਹਾਂ ਕਾਰਨ ਜਾਨੀ ਅਤੇ ਮਾਲੀ ਤੌਰ 'ਤੇ ਪੰਜਾਬ ਦਾ ਕਿੰਨਾ ਕੁ ਨੁਕਸਾਨ ਹੋਵੇਗਾ। ਤਿੰਨ ਦਿਨ ਲਗਾਤਾਰ ਮੀਂਹ ਤੋਂ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਸੂਬੇ ਪ੍ਰਭਾਵਿਤ ਹੋਏ, ਜਦਕਿ ਦਿੱਲੀ ਵਿਚ ਸੋਮਵਾਰ ਬਾਅਦ ਦੁਪਹਿਰ ਵਰਖਾ ਸ਼ੁਰੂ ਹੋਈ। ਹਰ ਸਾਲ ਭਾਰਤ ਵਿਚ ਜੂਨ ਤੋਂ ਅਗਸਤ ਤੱਕ ਮੌਨਸੂਨ ਦਾ ਸਮਾਂ ਹੁੰਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਜੁਲਾਈ ਦੇ ਆਰੰਭ ਵਿਚ ਹੀ ਮੀਂਹ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ, ਤਾਂ ਅਗਲਾ ਡੇਢ ਮਹੀਨਾ ਲੋਕਾਂ ਦੇ ਕੀ ਹਾਲਾਤ ਹੋਣਗੇ।

ਨੰਗਲ ਡੈਮ ਤੋਂ ਇਸ ਵਾਰ ਪਿਛਲੇ ਸਾਲ ਨਾਲੋਂ ਵੱਧ ਪਾਣੀ ਛੱਡਿਆ ਗਿਆ, ਜਦਕਿ ਸਤਲੁਜ ਵਿਚ ਸਵਾ ਤਿੰਨ ਲੱਖ ਕਿਊਸਕ ਪਾਣੀ ਛੱਡਿਆ ਗਿਆ, ਜਦ ਕਿ ਪਿਛਲੇ ਸਾਲ ਇਸ ਦੀ ਮਿਕਦਾਰ 2.50 ਕਿਊਸਕ ਪਾਣੀ ਛੱਡਿਆ ਗਿਆ ਸੀ। ਪਾਣੀ ਦੀ ਮਾਰ ਨੂੰ ਦੇਖਦਿਆਂ ਲੋਕਾਂ ਨੇ ਉੱਚੀਆਂ ਥਾਵਾਂ ਵਲ ਚਾਲੇ ਪਾ ਦਿੱਤੇ। ਇਸੇ ਤਰ੍ਹਾਂ ਰਾਵੀ ਵਿਚ ਪ੍ਰਸ਼ਾਸਨ ਵਲੋਂ ਛੱਡੇ 2 ਲੱਖ ਕਿਊਸਕ ਪਾਣੀ ਕਾਰਨ ਗੁਰਦਾਸਪੁਰ ਦੇ ਇਲਾਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਏ। ਹੜ੍ਹਾਂ ਕਾਰਨ ਪੰਜਾਬ, ਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਰਾਜਾਂ ਨੂੰ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ। ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਵਿਚ ਸਕੂਲ ਕਾਲਜ ਬੰਦ ਕਰ ਦਿੱਤੇ ਗਏ ਹਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਵਿਦਿਆਰਥੀਆਂ ਦੇ ਹੋਣ ਵਾਲੇ ਇਮਤਿਹਾਨ ਰੱਦ ਕਰ ਦਿੱਤੇ ਗਏ ਹਨ।

ਸੋਮਵਾਰ 10 ਜੁਲਾਈ ਨੂੰ ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਵਲੋਂ ਹੜ੍ਹ ਮਾਰੂ ਇਲਾਕਿਆਂ ਦਾ ਤੂਫਾਨੀ ਦੌਰਾ ਕਰਕੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਮੁੱਖ ਮੰਤਰੀ ਨੇ ਲੋਕਾਂ ਨਾਲ ਮਿਲਦੇ ਕਿਹਾ ਕਿ ਉਹ ਹੋਰਾਂ ਵਾਂਗ ਹੈਲੀਕਾਪਟਰ ਨਾਲ ਹਵਾ ਵਿਚ ਗੇੜੇ ਨਹੀਂ ਲਾ ਰਹੇ, ਸਗੋਂ ਜ਼ਮੀਨੀ ਪੱਧਰ 'ਤੇ ਜਾ ਕੇ ਲੋਕਾਂ ਨੂੰ ਮਿਲ ਕੇ ਬਚਾਅ ਕਾਰਜਾਂ ਦਾ ਜਾਇਜ਼ਾ ਲੈ ਰਿਹਾ ਹੈ।

ਹੜ ਪ੍ਰਭਾਵਤ ਸੂਬਿਆਂ ਵਿਚ ਸਰਕਾਰਾਂ ਨੇ ਰਾਹਤ ਅਤੇ ਬਚਾਅ ਕਾਰਜਾਂ ਲਈ ਐੱਨ.ਡੀ.ਆਰ.ਐੱਫ. (National disaster response force) ਟੀਮਾਂ ਲਾਈਆਂ ਹੋਈਆਂ ਹਨ। ਪੰਜਾਬ ਵਿਚ 15, ਉੱਤਰਾਖੰਡ ਵਿਚ 12 ਅਤੇ ਹਿਮਾਚਲ ਪ੍ਰਦੇਸ਼ ਵਿਚ 11 ਟੀਮਾਂ ਸਰਗਰਮ ਹਨ। ਪੰਜਾਬ ਵਿਚ ਸਰਕਾਰ ਨੇ ਹਾਲ ਦੀ ਘੜੀ ਫੌਜ ਨੂੰ ਨਹੀਂ ਬੁਲਾਇਆ ਕਿਉਂਕਿ ਨੰਗਲ ਅਤੇ ਸਤਲੁਜ ਦੇ ਡੈਮਾਂ ਦਾ ਪਾਣੀ ਫਿਲਹਾਲ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਹੈ। ਪੰਜਾਬ ਵਿਚ ਰਾਜਪੁਰਾ ਦੇ 30 ਪਿੰਡਾਂ ਵਿਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ, ਜਦ ਕਿ ਫਿਲੌਰ ਵਿਚ ਪਾਣੀ ਦੀ ਲਪੇਟ ਵਿਚ ਪੁਲਿਸ ਅਕੈਡਮੀ ਦੀਆਂ ਗੱਡੀਆਂ ਵੀ ਆ ਗਈਆਂ। ਪੰਜਾਬ ਦੇ ਪੰਜ ਜ਼ਿਲ੍ਹਿਆਂ ਵਿਚ ਸਕੂਲ ਕਾਲਜ ਬੰਦ ਕਰ ਦਿੱਤੇ ਗਏ ਹਨ। ਮੁਹਾਲੀ ਵਿਚ ਰਾਹਤ ਕਾਰਜਾਂ ਲਈ ਫੌਜ ਦੀ ਮਦਦ ਮੰਗੀ ਗਈ ਹੈ। ਅਨੰਦਪੁਰ ਸਹਿਬ ਦੇ ਇਲਾਕੇ ਵੀ ਚਰਨ ਗੰਗਾ ਨਦੀ ਦਾ ਬੰਨ੍ਹ ਟੁੱਟਣ ਕਾਰਨ ਪਾਣੀ ਵਿਚ ਡੁੱਬ ਰਹੇ ਹਨ।

ਹੜ੍ਹਾਂ ਕਾਰਨ ਪ੍ਰਭਾਵਿਤ ਰਾਜਾਂ ਵਿਚ ਝੋਨੇ ਦੀ ਲੱਖਾਂ ਏਕੜ ਫਸਲ ਬਰਬਾਦ ਹੋ ਚੁੱਕੀ ਹੈ। ਪੰਜਾਬ ਦੇ ਅਨੇਕਾਂ ਇਲਾਕਿਆਂ ਵਿਚ ਕਿਸਾਨ ਪਿਛਲੇ ਸਾਲ ਦੇ ਫਸਲੀ ਮੁਆਵਜ਼ੇ ਲਈ ਵਿਲਕ ਰਹੇ ਸਨ, ਜਦਕਿ ਹੁਣ ਨਵੀਂ ਬਿਪਤਾ ਆਣ ਪਈ ਹੈ। ਨੀਵੇਂ ਇਲਾਕਿਆਂ ਵਿਚ ਖੜ੍ਹੇ ਪਾਣੀ ਕਾਰਨ ਬਿਮਾਰੀ ਫੈਲਣ ਦਾ ਅਲੱਗ ਖਤਰਾ ਪੈਦਾ ਹੋ ਗਿਆ ਹੈ। ਹੜ੍ਹਾਂ ਕਾਰਨ ਹੁਣ ਤਕ ਹਿਮਾਚਲ ਪ੍ਰਦੇਸ਼ ਵਿਚ 14 ਮੌਤਾਂ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ, ਜਦਕਿ ਹੜ੍ਹਾਂ ਰਾਹੀਂ ਪੰਜਾਬ ਅਤੇ ਗੁਆਂਢੀ ਜ਼ਿਲ੍ਹਿਆਂ ਵਿਚ ਹੋਈ ਤਬਾਹੀ ਦੇ ਅਨੁਮਾਨ ਚਿੰਤਾਜਨਕ ਆਉਣ ਦੀ ਸੰਭਾਵਨਾ ਹੈ। ਜਮਨਾ ਨਦੀ ਵਿਚ ਪਾਣੀ ਦੇ ਵਹਾ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਘੱਗਰ ਦਰਿਆ ਵਿਚ ਪਾਣੀ ਦੇ ਕਹਿਰ ਕਾਰਨ ਅੰਬਾਲਾ ਸ਼ਹਿਰ ਪਣੀ ਦੀ ਲਪੇਟ ਵਿਚ ਹੈ, ਜਿਥੇ ਕਿ ਕੱਪੜਾ ਮਾਰਕਿਟ ਪਾਣੀ ਵਿਚ ਡੁੱਬ ਗਈ ਹੈ। ਰਾਜਧਾਨੀ ਦਿੱਲੀ, ਗੁਰੂ ਗ੍ਰਾਮ ਅਤੇ ਨੋਇਡਾ ਵਿਚ ਵੀ ਸਕੂਲ ਬੰਦ ਕਰ ਦਿੱਤੇ ਗਏ ਹਨ। ਬਚਾਅ ਕਾਰਜਾਂ ਦੀ ਸਾਰਥਿਕਤਾ ਲਈ ਸਰਕਾਰਾਂ ਵਲੋਂ ਹੈਲਪ ਲਾਈਨ ਨੰਬਰ ਵੀ ਜਾਰੀ ਕੀਤੇ ਗਏ ਹਨ। 20,000 ਕਰੋੜ ਦੀ ਲਾਗਤ ਵਾਲੀ ਦਿੱਲੀ ਦੀ ਬਹੁ ਚਰਚਿਤ ਸੈਂਟਰਲ ਵਿਸਟਾ ਪ੍ਰੋਜੈਕਟ ਦੇ ਇਲਾਕੇ ਵੀ ਪਾਣੀ ਵਿਚ ਡੁੱਬ ਗਏ ਹਨ। ਸੁੰਦਰੀਕਰਨ ਅਤੇ ਨਵੀਨੀਕਰਨ ਦੇ ਦਾਅਵਿਆਂ ਵਾਲੀ ਇਸ ਪ੍ਰੋਜੈਕਟ ਵਿਚ ਰਾਸ਼ਟਰਪਤੀ ਭਵਨ, ਲੋਕ ਸਭਾ, ਰਾਜ ਸਭਾ, ਨੋਰਥ ਅਤੇ ਸਾਊਥ ਬਲੌਕ ਤੋਂ ਇਲਾਵਾਂ ਅਨੇਕਾਂ ਅਹਿਮ ਸੰਸਥਾਵਾਂ ਹਨ।

ਇਨ੍ਹਾਂ ਹੜ੍ਹਾਂ ਕਾਰਨ ਇਹ ਮੁੱਦਾ ਹੁਣ ਫੇਰ ਭਖਿਆ ਹੈ ਕਿ ਹਿਮਾਚਲ ਤੋਂ ਆਉਣ ਵਾਲੇ ਪਾਣੀ ਨੂੰ ਹਿਮਾਚਲ ਤੋਂ ਹਰਿਆਣੇ ਅਤੇ ਦਿੱਲੀ ਵਲ ਭੇਜਣ ਦੀਆਂ ਪ੍ਰਾਜੈਕਟਾਂ 'ਤੇ ਕੰਮ ਕਰਕੇ ਪੰਜਾਬ ਨੂੰ ਬੰਜਰ ਕਰਨ ਦੇ ਮਨਸੂਬਿਆਂ ਨੂੰ ਸਰਕਾਰਾਂ ਅੰਜਾਮ ਤਾਂ ਦੇ ਰਹੀਆਂ ਹਨ ਪਰ ਜਦੋਂ ਉਪਰਲੇ ਇਲਾਕਿਆਂ ਵਿਚ ਮੌਨਸੂਨ ਦਾ ਜ਼ੋਰ ਹੁੰਦਾ ਹੈ, ਤਾਂ ਉਸ ਕਾਰਨ ਹੜ੍ਹਾਂ ਦੀ ਮਾਰ ਪੰਜਾਬ ਨੂੰ ਝੱਲਣੀ ਪੈਂਦੀ ਹੈ। ਕੇਂਦਰ ਅਤੇ ਗੁਆਂਢੀ ਰਾਜਾਂ ਵਲੋਂ ਪੰਜਾਬ ਨਾਲ ਕੀਤੇ ਇਸ ਧੱਕੇ ਕਾਰਨ ਲੋਕਾਂ ਦੇ ਮਨਾਂ ਵਿਚ ਵੱਡਾ ਰੋਹ ਅਤੇ ਰੋਸ ਹੈ, ਜੋ ਕਿਸੇ ਦਿਨ ਪੰਜਾਬ ਨੂੰ ਭਾਰਤ ਨਾਲੋਂ ਵੱਖ ਕਰ ਦੇਵੇਗਾ।

### ਹੜ੍ਹਾਂ ਦੀ ਤਬਾਹੀ ਦੇ ਕੀ ਕਾਰਨ ਹਨ?

ਆਮ ਤੌਰ 'ਤੇ ਹਰ ਸਾਲ ਹੜ੍ਹਾਂ ਕਾਰਨ ਹੋ ਰਹੀ ਤਬਾਹੀ ਦਾ ਕਾਰਨ ਮੌਸਮੀ ਮੌਨਸੂਨ ਨੂੰ ਕਿਹਾ ਜਾਂਦਾ ਹੈ ਪਰ ਹੁਣ ਮਾਹਰਾਂ ਦਾ ਕਹਿਣਾ ਹੈ ਕਿ ਇਸ ਤਬਾਹੀ ਦਾ ਕਾਰਨ ਆਲਮੀ ਪੱਧਰ 'ਤੇ ਆ ਰਹੀਆਂ ਵਾਤਾਵਰਣ ਤਬਦੀਲੀਆਂ ਹਨ ਕਿਉਂਕਿ ਇਸ ਵਾਰ ਤਾਂ ਓਨੀ ਗਰਮੀ ਵੀ ਨਹੀਂ ਪਈ। ਇਸ ਵਾਰ ਦੀ ਵਾਤਾਵਰਣ ਦੀ ਤਬਦੀਲੀ ਨੂੰ ਮਾਹਰਾਂ ਨੇ ਪੱਛਮੀ ਗੜਬੜੀ (Western Disturbances) ਦਾ ਨਾਮ ਦਿੱਤਾ ਹੈ, ਜਿਨ੍ਹਾਂ ਨੇ ਕਿ ਮੈਡੀਡੇਰੀਅਨ ਸਮੁੰਦਰ ਤੋਂ ਪਾਕਿਸਤਾਨ ਰਾਹੀਂ ਹੁੰਦੇ ਹੋਏ ਭਾਰਤ ਦੇ ਕਈ ਇਲਾਕਿਆਂ ਨੂੰ ਪ੍ਰਭਾਵਿਤ ਕੀਤਾ ਹੈ। ਜ਼ੀਰਕਪੁਰ, ਡੇਰਾ ਬੱਸੀ ਜਾਂ ਹੋਰ ਅਬਾਦੀਆਂ ਵਿਚ ਪਾਣੀ ਭਰਨ ਦਾ ਦੂਜਾ ਵੱਡਾ ਕਾਰਨ ਇਹ ਹੈ ਕਿ ਜਿਸ ਤੇਜ਼ੀ ਨਾਲ ਸ਼ਹਿਰਾਂ ਦਾ ਨਿਰਮਾਣ ਹੋ ਰਿਹਾ ਹੈ, ਉਹ ਯੋਜਨਾ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ; ਖਾਸ ਤੌਰ 'ਤੇ ਇਨ੍ਹਾਂ ਅਬਾਦੀਆਂ ਦਾ ਡਰੇਨੇਜ਼ ਸਿਸਟਮ ਨਿਰਮਾਣ ਦੇ ਹਿਸਾਬ ਨਾਲ ਬਹੁਤ ਸੀਮਤ ਹੈ। ਮੌਜੂਦਾ ਤਬਾਹੀ 'ਚ ਕੁਦਰਤੀ ਕਰੋਪ ਨਾਲੋਂ ਬੰਦੇ ਦੀ ਖੁਦਗਰਜ਼ੀ ਵਧੇਰੇ ਜ਼ਿੰਮੇਵਾਰ ਹੈ।

### ਗੁੰਡਾਗਰਦੀ ਕਾਰਨ ਦਿੱਲੀ ਦੀਆਂ ਲੂੰ ਕੰਡੇ ਖੜ੍ਹੇ ਕਰਨ ਦੀਆਂ ਘਟਨਾਵਾਂ

ਉੱਤਮ ਨਗਰ ਦਿੱਲੀ ਦੀ ਘਟਨਾ- ਭਾਰਤ ਵਿਚ ਘੱਟ ਗਿਣਤੀਆਂ ਖਿਲਾਫ ਗੁੰਡਾ ਰਾਜ ਨੇ ਅੱਤ ਚੁੱਕ ਲਈ ਹੈ। ਇਹ ਘਟਨਾ ਉੱਤਮ ਨਗਰ ਸਕੂਲ ਰੋਡ ਸ਼ੂ ਮਾਰਕਿਟ ਦੀ ਹੈ, ਜਿਥੇ ਸ: ਸਤਵੰਤ ਸਿੰਘ 'ਤੇ ਹਮਲਾ ਕੀਤਾ ਜਾਂਦਾ ਹੈ, ਜੋ ਕਿ ਹੁਣ ਚੱਲਣ-ਫਿਰਨ ਦੀ ਹਾਲਤ ਵਿਚ ਨਹੀਂ ਹੈ। ਹਮਲਾਵਰਾਂ ਨੇ 72 ਸਾਲ ਦੇ ਬਜ਼ੁਰਗ ਸ: ਸਤਵੰਤ ਸਿੰਘ ਦੀ ਕੁੱਟ-ਕੁੱਟ ਕੇ ਕਰਕੇ ਗੀੜ੍ਹ ਦੀ ਹੱਡੀ ਤੋੜ ਦਿੱਤੀ। ਹੁਣ ਸਤਵੰਤ ਸਿੰਘ ਦਾ ਅਪ੍ਰੇਸ਼ਨ ਹੋਵੇਗਾ, ਜਿਸ ਦਾ ਅੰਦਾਜ਼ਨ ਖਰਚਾ 10 ਲੱਖ ਦੱਸਿਆ ਜਾ ਰਿਹਾ ਹੈ। ਇਸ ਬਜ਼ੁਰਗ ਦੇ ਗੁਆਂਢੀ ਰੌਸ਼ਨ ਲਾਲ ਦੇ 4 ਮੁੰਡਿਆਂ ਨੇ ਪੀ.ਸੀ.ਆਰ. ਦੇ ਸਾਹਮਣੇ ਇਸ ਬਜ਼ੁਰਗ 'ਤੇ ਹਮਲਾ ਕਰਕੇ ਕੁੱਟਮਾਰ ਕੀਤੀ ਸੀ। ਪੁਲਿਸ ਨੇ ਇਸ ਕੇਸ ਨੂੰ ਅਣਸੁਣਿਆਂ ਕਰਕੇ ਕੇਸ ਬੰਦ ਕਰ ਦਿੱਤਾ ਹੈ। ਪੀ.ਸੀ.ਆਰ. ਦੇ ਸਾਹਮਣੇ ਬਦਮਾਸ਼ਾਂ ਨੇ ਸਤਵੰਤ ਸਿੰਘ ਦੀ ਬੇਟੀ ਅਤੇ ਪਤਨੀ ਦੀ ਵੀ ਕੁੱਟਮਾਰ ਕੀਤੀ, ਜਿਸ ਦੀ ਕਿ ਵੀਡੀਓ ਜਨਤਕ ਹੋ ਚੁੱਕੀ ਹੈ ਅਤੇ ਇਸ ਦੀ ਕਵਰੇਜ ਪੀ.ਟੀ.ਸੀ. 'ਤੇ ਵੀ ਹੋ ਚੁੱਕੀ ਹੈ। ਇਹ ਸਿੱਖ ਪਰਿਵਾਰ 70 ਸਾਲ ਤੋਂ ਇਸ ਇਲਾਕੇ ਵਿਚ ਰਹਿ ਰਿਹਾ ਹੈ। ਰੌਸ਼ਨ ਲਾਲ ਅਤੇ ਉਸ ਦਾ ਪਰਿਵਾਰ ਪਿਛਲੇ 4 ਸਾਲ ਤੋਂ ਇਥੇ ਆਇਆ ਅਤੇ ਉਨ੍ਹਾਂ ਨੇ ਸ: ਸਤਵੰਤ ਸਿੰਘ ਦੇ ਪਰਿਵਾਰ ਨੂੰ ਖਦੇੜਨਾ ਸ਼ੁਰੂ ਕਰ ਦਿੱਤਾ, ਤਾਂ ਕਿ ਉਨ੍ਹਾਂ ਦੇ ਮਕਾਨ 'ਤੇ ਕਬਜ਼ਾ ਕਰ ਸਕਣ। ਜਦੋਂ ਪਰਿਵਾਰ 'ਤੇ ਹਮਲਾ ਹੋਇਆ ਤਾਂ ਉਥੇ 100 ਲੋਕਾਂ ਦੀ ਤਮਾਸ਼ਬੀਨ ਭੀੜ ਇਕੱਠੀ ਹੋ ਚੁੱਕੀ ਸੀ ਪਰ ਕੇਵਲ ਇੱਕ ਵਿਅਕਤੀ ਨੇ ਬੜੀ ਮੁਸ਼ਕਲ ਨਾਲ ਸਤਵੰਤ ਸਿੰਘ ਨੂੰ ਬਚਾਇਆ। ਜਿਸ ਵੇਲੇ ਸ: ਸਤਵੰਤ ਸਿੰਘ ਦੀ ਬੇਟੀ ਨੇ ਸਬੰਧਤ ਥਾਣੇ ਦੇ ਐੱਸ.ਐੱਚ.ਓ. ਕੋਲ ਸ਼ਿਕਾਇਤ ਕੀਤੀ, ਤਾਂ ਐੱਸ.ਐੱਚ.ਓ. ਦਾ ਸਵਾਲ ਸੀ ਕਿ, 'ਆਪ ਨੇ ਪੀ.ਸੀ.ਆਰ.' (Police Control Room Officer) ਕਿਉਂ ਬੁਲਾਈ? ਡੀ.ਸੀ.ਪੀ. (Deputy Commissioner of Police) ਹਰਸ਼ਵਰਧਨ ਪਰਿਵਾਰ ਨੂੰ ਇਹ ਕਹਿੰਦਾ ਰਿਹਾ ਕਿ ਕੁਝ ਵੱਡਾ ਵਾਕਿਆ ਹੋਣ ਦਿਓ, ਫੇਰ ਹੀ ਕੇਸ ਦਰਜ ਹੋਵੇਗਾ। ਜਦੋਂ ਹਮਲਾ ਹੋ ਗਿਆ ਅਤੇ ਸ: ਸਤਵੰਤ ਸਿੰਘ ਹਸਪਤਾਲ ਵਿਚ ਦਾਖਲ ਸਨ, ਤਾਂ ਉਸ ਦੀ ਡਾਕਟਰੀ ਰਿਪੋਰਟ ਇੱਕ ਪੁਲਿਸ ਅਧਿਕਾਰੀ ਨੇ ਪਾੜ ਦਿੱਤੀ। ਬਦਮਾਸ਼ੀਆਂ ਕਰਨ ਵਾਲੇ ਲੋਕਾਂ ਦੇ ਖਿਲਾਫ ਇਸ ਇਲਾਕੇ ਵਿਚ 14 ਕੇਸ ਹਨ। ਅਦਾਲਤ ਵਿਚ ਕੇਸ ਤੋਂ ਬਾਅਦ ਇਸ ਪਰਿਵਾਰ ਦੇ ਦੱਲੇ ਜ਼ਮਾਨਤ 'ਤੇ ਬਾਹਰ ਹਨ ਅਤੇ ਇਹ ਕੁਝ ਹੁੰਦੇ ਹੋਏ ਵੀ ਇਨ੍ਹਾਂ ਨੇ ਸਿੱਖ ਬਜ਼ੁਰਗ 'ਤੇ ਹਮਲਾ ਕੀਤਾ। ਅਜੈ ਜੈਨ ਨਾਮ ਦਾ ਲੜਕਾ ਧਮਕੀਆਂ ਦਿੰਦਾ ਕਹਿੰਦਾ ਹੈ ਕਿ ਤੁਸੀਂ ਭਾਵੇਂ 10 ਕੇਸ ਹੋਰ ਕਰਵਾ ਦਿਓ, ਤਾਂ ਕਿ ਸਾਡਾ ਨਾਮ ਗਿੰਨੀਜ਼ ਬੁੱਕ ਵਿਚ ਆਵੇ, ਜਦਕਿ ਰਵੀ ਜੈਨ ਕਹਿੰਦਾ ਹੈ ਕਿ ਅਸੀਂ ਰੋਜ਼ਾਨਾ ਤੁਹਾਡਾ ਇਹ ਹੀ ਹਾਲ ਕਰਾਂਗੇ। ਪਰਵੀਨ ਅਤੇ ਰਿੰਕੂ ਧਮਕੀਆਂ ਦਿੰਦੇ ਹਨ ਕਿ ਅਸੀਂ ਤਾਂ ਤੁਹਾਨੂੰ ਜਾਨੋਂ ਮਾਰ ਦਿਆਂਗੇ। ਪਿਛਲੇ 4 ਸਾਲ ਤੋਂ ਸਿੱਖ ਪਰਿਵਾਰ ਇਨ੍ਹਾਂ ਬਦਮਾਸ਼ਾਂ ਤੋਂ ਪੀੜਤ ਹੈ। ਬਦਮਾਸ਼ਾਂ ਨੇ ਆਪਣੇ ਪਰਿਵਾਰ ਦੀਆਂ ਕੁੜੀਆਂ ਨੂੰ ਵੀ ਤਿਆਰ ਕੀਤਾ ਹੋਇਆ ਹੈ, ਤਾਂ ਕਿ ਸ: ਸਤਵੰਤ ਸਿੰਘ ਦੇ ਇੱਕੋ ਇੱਕ ਬੇਟੇ ਨੂੰ ਫਸਾਇਆ ਜਾਵੇ। ਇਹ ਹੀ ਕਾਰਨ ਹੈ ਕਿ ਸ: ਸਤਵੰਤ ਸਿੰਘ ਨੇ ਆਪਣੇ ਬੇਟੇ ਨੂੰ ਲਾਂਭੇ ਕੀਤਾ ਹੋਇਆ ਹੈ ਅਤੇ ਔਕੜ ਭਰੇ ਹਾਲਾਤਾਂ ਦਾ ਸਾਹਮਣਾ ਸ: ਸਤਵੰਤ ਸਿੰਘ ਦੀ ਬੇਟੀ ਹੀ ਕਰ ਰਹੀ ਹੈ। ਪਰਿਵਾਰ ਨੇ ਜਦੋਂ ਇਸ ਇਲਾਕੇ ਦੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਮੀਤਾ ਨਾਮ ਦੇ ਵਿਅਕਤੀ ਨੂੰ ਫੋਨ ਕੀਤਾ, ਤਾਂ ਉਸ ਨੇ ਫੋਨ ਦਾ ਜਵਾਬ ਹੀ ਨਾ ਦਿੱਤਾ। ਪਰਿਵਾਰ ਨੇ ਮਨਜਿੰਦਰ ਸਿੰਘ ਸਿਰਸਾ ਨਾਲ ਵੀ ਤਾਲਮੇਲ ਕੀਤਾ ਪਰ ਉਸ ਵਲੋਂ ਵੀ ਕੋਈ ਸਹਿਯੋਗ ਨਾ ਦਿੱਤਾ ਗਿਆ। ਪਰਿਵਾਰ ਦੀ ਮੰਗ ਹੈ ਕਿ ਪੁਲਿਸ ਰੌਸ਼ਨ ਲਾਲ ਦੇ ਚਾਰ ਮੁੰਡਿਆਂ ਖਿਲਾਫ ਐੱਫ.ਆਈ.ਆਰ. ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰੇ ਅਤੇ ਇਸ ਮੁਸ਼ਕਲ ਦੀ ਘੜੀ ਵਿਚ ਸਿੱਖ ਭਾਈਚਾਰਾ ਇਸ ਪੀੜਤ ਪਰਿਵਾਰ ਦੇ ਨਾਲ ਖੜ੍ਹੇ। ਇਸ ਇਲਾਕੇ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਨੂੰ ਵੀ ਪਰਿਵਾਰ ਨੇ ਪਹੁੰਚ ਕੀਤੀ ਪਰ ਗੁੰਡਿਆਂ ਖਿਲਾਫ ਸਭ ਧਿਰਾਂ ਖਾਮੋਸ਼ ਹਨ।

ਇਸੇ ਤਰ੍ਹਾਂ ਦੀ ਘਟਨਾ ਦਿੱਲੀ ਦੇ ਰਮੇਸ਼ ਨਗਰ ਇਲਾਕੇ ਦੀ ਹੈ। ਉਥੋਂ ਦੇ ਪਰਿਵਾਰ ਨੂੰ ਇਨਸਾਫ ਲਈ ਹਾਈਕੋਰਟ ਦਾ ਦਰ ਖੜਕਾਉਣਾ ਪਿਆ।

### ਉੱਤਰ ਪ੍ਰਦੇਸ਼ ਦੇ ਲਖੀਮਪੁਰ ਵਿਚ ਕਿਸਾਨ ਪਰਿਵਾਰਾਂ ਨੂੰ ਇਨਸਾਫ ਦੀ ਉਡੀਕ

3 ਅਕਤੂਬਰ 2021 ਨੂੰ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਲਖੀਮਪੁਰ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰ ਟੇਨੀ ਦੇ ਬੇਟੇ ਅਸ਼ੀਸ਼ ਮਿਸ਼ਰ ਨੇ ਜੀਪ ਕਿਸਾਨਾਂ 'ਤੇ ਚਾੜ੍ਹ ਦਿੱਤੀ ਸੀ, ਜਿਥੇ ਕਿ ਚਾਰ ਕਿਸਾਨ ਅਤੇ ਇੱਕ ਪਤਰਕਾਰ ਅਤੇ 4 ਹੋਰ ਮੌਤਾਂ ਹੋਈਆਂ ਅਤੇ 10 ਲੋਕ ਜ਼ਖਮੀ ਹੋਏ ਸਨ। ਸ਼ੁਰੂਆਤੀ ਜਾਂਚ ਵਿਚ ਐੱਸ.ਆਈ.ਟੀ. ਦੀ ਪੜਤਾਲ ਨੇ ਕਿਹਾ ਸੀ ਕਿ ਇਹ ਹਮਲਾ ਯੋਜਨਾਬੱਧ ਤਰੀਕੇ ਨਾਲ ਹੋਇਆ ਸੀ। ਇਸ ਮਾਮਲੇ ਦੇ 208 ਗਵਾਹ ਸਨ ਪਰ ਸੈਸ਼ਨ ਜੱਜ ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਇਸ ਕੇਸ ਦੀ ਜਾਂਚ ਵਿਚ 5 ਸਾਲ ਲੱਗ ਸਕਦੇ ਹਨ। ਇਸ ਕੇਸ ਦੇ ਕੁਝ ਗਵਾਹਾਂ ਨੂੰ ਇਨ੍ਹਾਂ ਰਾਜਸੀ ਦੱਲਿਆਂ ਦੇ ਬਦਮਾਸ਼ਾਂ ਨੇ ਜਨਤਾ ਵਿਚ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਖਬਰਾਂ ਵੀ ਸੁਰਖੀਆਂ ਬਣੀਆਂ ਸਨ।

### ਮੱਧ ਪ੍ਰਦੇਸ਼ ਵਿਚ ਕਬਾਇਲੀ ਨੌਜਵਾਨ 'ਤੇ ਪਿਸ਼ਾਬ ਕਰਨ ਦੀ ਘਟਨਾ

ਮੱਧ ਪ੍ਰਦੇਸ਼ ਦੇ ਸਿਧੀ ਇਲਾਕੇ ਦਾ ਕਿਦਾਰ ਨਾਥ ਨਾਮ ਦਾ ਐੱਮ.ਐੱਲ.ਏ. ਦੇ ਪ੍ਰਤੀਨਿਧੀ ਵਲੋਂ ਇੱਕ ਦਿਮਾਗੀ ਤੌਰ 'ਤੇ ਅਪਾਹਜ ਵਿਅਕਤੀ ਦੇ ਮੂੰਹ 'ਤੇ ਪਿਸ਼ਾਬ ਕਰਨ ਦੀਆਂ ਤਸਵੀਰਾਂ ਦੇ ਵਾਇਰਲ ਹੁੰਦਿਆਂ ਹੀ ਦੇਸ਼ ਭਰ ਵਿਚ ਤਹਿਲਕਾ ਮਚ ਗਿਆ ਹੈ। ਮੁਜ਼ਰਮ ਦਾ ਨਾਮ ਪ੍ਰਵੇਸ਼ ਸ਼ੁਕਲਾ ਹੈ। ਜਦੋਂ ਇਹ ਗੱਲ ਭਾਰਤ ਵਿਚ ਫੈਲ ਗਈ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਜਨਤਾ ਨੂੰ ਵਿਸ਼ਵਾਸ ਦਿਵਾਇਆ ਕਿ ਮੱਧ ਪ੍ਰਦੇਸ਼ ਮੁਜਰਮ ਪ੍ਰਵੇਸ਼ ਸ਼ੁਕਲਾ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰੇਗੀ। ਇਸ ਸਿਰਫਿਰੇ ਦੇ ਖਿਲਾਫ ਐੱਸ.ਸੀ./ਐੱਸ.ਟੀ. ਐਕਟ ਦੇ ਹਵਾਲੇ ਨਾਲ ਇੰਡੀਅਨ ਪੀਨਲ ਕੋਡ ਦੀ ਧਾਰਾ 294 ਅਤੇ 295 ਲਗਾਈਆਂ ਗਈਆਂ ਹਨ ਅਤੇ ਇਨ੍ਹਾਂ ਦੇ ਨਾਲ-ਨਾਲ ਐੱਨ.ਐੱਸ.ਏ. ਭਾਵ ਕਿ ਨੈਸ਼ਨਲ ਸਕਿਓਰਿਟੀ ਐਕਟ ਵੀ ਲਾਇਆ ਗਿਆ ਹੈ। ਸਰਕਾਰ ਨੇ ਸਖਤ ਕਦਮ ਲੈਂਦਿਆਂ ਮੁਜ਼ਰਮ ਦੇ ਨਾਜਾਇਜ਼ ਥਾਂ 'ਤੇ ਬਣੇ ਘਰ 'ਤੇ ਬੁਲਡੋਜ਼ਰ ਚਲਾ ਦਿੱਤਾ ਗਿਆ ਹੈ। ਜਿਸ ਕਿਦਾਰ ਨਾਥ ਨਾਮ ਦੇ ਐੱਮ.ਐੱਲ.ਏ. ਦਾ ਇਹ ਦੋਸ਼ੀ ਪ੍ਰਤੀਨਿਧੀ ਹੈ, ਉਸ ਦੇ ਸਬੰਧ ਵਿਚ ਭਾਜਪਾ ਦੇ ਇਸ ਐੱਮ.ਐੱਲ.ਏ. ਨੇ ਮੁਕਰਨ ਦੀ ਕੋਸ਼ਿਸ਼ ਕੀਤੀ ਪਰ ਵਿਰੋਧੀ ਕਾਂਗਰਸ ਨੇ ਤਤਕਾਲ ਤਸਵੀਰਾਂ ਸਹਿਤ ਉਹ ਸਾਰੇ ਸਬੂਤ ਛਾਇਆ ਕਰ ਦਿੱਤੇ, ਜਿਨ੍ਹਾਂ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਹ ਮੁਜ਼ਰਮ ਵਾਕਿਆ ਹੀ ਭਾਜਪਾ ਦਾ ਪ੍ਰਤੀਨਿਧੀ ਹੈ।

ਇਸ ਦੇ ਨਾਲ ਹੀ ਉਸ ਕਬਾਇਲੀ ਨੌਜਵਾਨ ਤੋਂ ਦੋਸ਼ੀ ਧਿਰ ਵਲੋਂ ਇੱਕ ਹਲਫਨਾਮਾ ਲਿਖਾ ਲਿਆ ਜਾਂਦਾ ਹੈ ਕਿ ਪ੍ਰਵੇਸ਼ ਸ਼ੁਕਲਾ ਸਮਾਜ ਵਿਚ ਬਹੁਤ ਹੀ ਸਤਿਕਾਰਯੋਗ ਅਤੇ ਕੱਦਾਵਰ ਵਿਅਕਤੀ ਹਨ, ਜਿਨ੍ਹਾਂ ਨੇ ਮੇਰੇ ਨਾਲ ਕੋਈ ਵੀ ਬਦਸਲੂਕੀ ਨਹੀਂ ਕੀਤੀ। ਜੋ ਗੱਲਾਂ ਸੋਸ਼ਲ ਮੀਡੀਏ ਵਿਚ ਫੈਲਾਈਆਂ ਜਾ ਰਹੀਆਂ ਹਨ, ਇਹ ਤਾਂ ਉਸ ਦੇ ਸਿਆਸੀ ਵੱਕਾਰ ਨੂੰ ਖਤਮ ਕਰਨ ਲਈ ਕੀਤਾ ਜਾ ਰਿਹਾ ਹੈ। ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਪ੍ਰਵੇਸ਼ ਸ਼ੁਕਲਾ ਦੇ ਖਿਲਾਫ ਕੋਈ ਵੀ ਅਪਰਾਧਿਕ ਮਾਮਲਾ ਦਰਜ ਨਾ ਕੀਤਾ ਜਾਵੇ ਕਿਉਂਕਿ ਉਸ ਨੇ ਮੇਰੇ ਨਾਲ ਕੋਈ ਵੀ ਬਦਸਲੂਕੀ ਨਹੀਂ ਕੀਤੀ। ਪੀੜਤ ਨੌਜਵਾਨ ਦੀ ਦਿਮਾਗੀ ਹਾਲਤ ਵੀ ਹਲਕੀ ਦੱਸੀ ਜਾ ਰਹੀ ਹੈ।


ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਮੰਨੂ ਸਿਮਰਤੀ ਦੰਡਾਵਲੀ ਵਿਚ ਸਜ਼ਾਯਾਫਤਾ ਲੋਕਾਂ ਦੇ ਸਿਰ ਪਿਸ਼ਾਬ ਨਾਲ ਮੁੰਨਣ ਦੀਆਂ ਧਾਰਾਵਾਂ ਬਕਾਇਦਾ ਅੰਕਤ ਹਨ। ਮੰਨੂ ਸਿਮਰਤੀ ਦੇ ਅਧਿਆਇ 8 ਦੇ ਸ਼ਲੋਕ 375 ਅਤੇ 384 ਵਿਚ ਗਧੇ ਦੇ ਪਿਸ਼ਾਬ ਨਾਲ ਸਿਰ ਮੁੰਨਣ ਦੀਆਂ ਸਜ਼ਾਵਾਂ ਦਾ ਜ਼ਿਕਰ ਹੈ। ਹੁਣੇ-ਹੁਣੇ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਜਾਤ-ਪਾਤ ਦੇ ਆਧਾਰ 'ਤੇ ਹੋ ਰਹੇ ਪੱਖਪਾਤ ਖਿਲਾਫ ਜੋ ਬਿੱਲ ਪਾਸ ਹੋ ਰਿਹਾ ਹੈ, ਉਸ ਦਾ ਕੱਟੜ ਵਿਰੋਧ ਮੰਨੂਵਾਦੀ ਇਸ ਆਧਾਰ 'ਤੇ ਕਰ ਰਹੇ ਹਨ ਕਿ ਜਾਤ-ਪਾਤ ਦੇ ਆਧਾਰ 'ਤੇ ਪੱਖਪਾਤ ਦੇ ਵਿਰੋਧ ਵਿਚ ਜੋ ਬਿੱਲ ਪਾਸ ਹੋ ਰਿਹਾ ਹੈ, ਉਹ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਹੈ। ਇਸ ਦਾ ਸਿੱਧਾ-ਸਿੱਧਾ ਅਰਥ ਹੈ ਕਿ ਮੰਨੂਵਾਦੀ ਗ੍ਰੰਥਾਂ ਦੇ ਆਧਾਰ 'ਤੇ ਮੰਨੂਵਾਦੀਆਂ ਨੂੰ ਦਲਿਤ ਆਖੇ ਜਾਂਦੇ ਲੋਕਾਂ ਨਾਲ ਛੂਤ-ਛਾਤ ਤੇ ਪੱਖਪਾਤ ਕਰਨ ਦਾ ਕਾਨੂੰਨੀ ਅਧਿਕਾਰ ਹੋਣਾ ਚਾਹੀਦਾ ਹੈ।

ਕੈਲੀਫੋਰਨੀਆ ਵਿਚ 22 ਮਾਰਚ 2023 ਨੂੰ ਇੱਕ ਅਫਗਾਨੀ ਮੂਲ ਦੀ ਆਇਸ਼ਾ ਵਹਾਬ ਨਾਮ ਦੀ ਸੈਨੇਟਰ ਵਲੋਂ ਬਿੱਲ ਨੰਬਰ SBD03 ਲਿਆਂਦਾ ਗਿਆ, ਜੋ ਕਿ ਜਾਤ-ਪਾਤ 'ਤੇ ਆਧਾਰਿਤ ਪੱਖਪਾਤ ਦੇ ਵਿਰੋਧ ਵਿਚ ਹੈ। ਹੁਣ ਤੱਕ ਪੱਖਪਾਤ ਸਬੰਧੀ ਅਮਰੀਕੀ ਕਾਨੂੰਨਾਂ ਵਿਚ ਰੰਗ, ਨਸਲ, ਲਿੰਗ, ਐਥਨੇਸਿਟੀ ਜਾਂ ਕੌਮ 'ਤੇ ਆਧਾਰਿਤ ਪੱਖਪਾਤ ਨੂੰ ਕਾਨੂੰਨੀ ਜੁਰਮ ਮੰਨਿਆ ਗਿਆ ਹੈ ਪਰ ਇਸ ਵਿਚ ਜਾਤ-ਪਾਤ ਦੇ ਆਧਾਰ 'ਤੇ ਕੀਤਾ ਗਿਆ ਪੱਖਪਾਤ ਸ਼ਾਮਲ ਨਹੀਂ ਹੈ। ਆਇਸ਼ਾ ਵਹਾਬ ਨੇ ਇਹ ਬਿੱਲ ਭਾਵੇਂ ਅਸਲਾਮੋਫੋਬੀਆ ਦੇ ਮੁੱਦੇ ਨੂੰ ਮੁੱਖ ਰੱਖ ਕੇ ਲਿਆਂਦਾ ਗਿਆ ਸੀ ਪਰ ਇਹ ਭਾਰਤ ਦੇ ਜਾਤ-ਪਾਤ ਆਧਾਰਿਤ ਪੱਖਪਾਤੀ ਰਵੱਈਏ 'ਤੇ ਵੀ ਕਰਾਰੀ ਸੱਟ ਸਾਬਤ ਹੋਵੇਗਾ ਕਿਉਂਕਿ ਅਮਰੀਕਾ ਵਿਚ 4 ਵਿਚੋਂ 1 ਦਲਿਤ ਨੂੰ ਆਪਣੇ ਜੀਵਨ ਵਿਚ ਕਿਤੇ ਨਾ ਕਿਤੇ ਜਾਤੀ ਆਧਾਰ 'ਤੇ ਬੋਲਚਾਲ ਜਾਂ ਜਿਸਮਾਨੀ ਹਮਲੇ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦਕਿ ਕੰਮਾਂ ਕਾਰਾਂ ਵਿਚ ਤਾਂ 3 ਵਿਚੋਂ 1 ਦਲਿਤ ਨੂੰ ਜਾਤੀ ਆਧਾਰ 'ਤੇ ਪੱਖਪਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਸਿਆਟਲ ਅਮਰੀਕਾ ਦਾ ਪਹਿਲਾ ਸ਼ਹਿਰ ਹੋਵੇਗਾ, ਜਿਥੇ ਇਹ ਮੱਦ ਐਂਟੀ-ਡਿਸਕਰਿਮੀਨੇਸ਼ਨ ਕਾਨੂੰਨ ਵਿਚ ਸ਼ਾਮਲ ਹੋਵੇਗੀ।

ਮੱਧ ਪ੍ਰਦੇਸ਼ ਦਾ ਸਿਧੀ ਜ਼ਿਲ੍ਹੇ ਵਿਚ ਸਭ ਤੋਂ ਵੱਧ ਆਦੀਵਾਸੀ ਰਹਿੰਦੇ ਹਨ। ਇਥੇ 21% ਵੋਟ ਐੱਸ.ਟੀ. ਭਾਵ ਕਿ ਆਦਿਵਾਸੀਆਂ ਦੀ ਹੈ। ਮੱਧ ਪ੍ਰਦੇਸ਼ ਵਿਚ ਐੱਸ.ਟੀ. ਦੀ ਵੋਟ ਵੀ ਜਨਰਲ ਕੈਟੇਗਰੀ ਤੋਂ ਵੱਧ ਹੈ। ਯੂਨੀਫਾਈਡ ਸਿਵਲ ਕੋਡ (ਯੂ.ਸੀ.ਸੀ.) ਇਨ੍ਹਾਂ ਦੱਬੀਆਂ-ਕੁਚਲੀਆਂ ਜਮਾਤਾਂ 'ਤੇ ਅਸਰ ਅੰਦਾਜ਼ ਹੋਣ ਵਾਲਾ ਹੈ। ਮੱਧ ਪ੍ਰਦੇਸ਼ ਵਿਚ ਐੱਸ.ਸੀ., ਬੀ.ਸੀ. ਅਤੇ ਐੱਸ.ਟੀ. ਸਮਾਜ ਬਹੁਗਿਣਤੀ ਵਿਚ ਹੈ। ਜੇਕਰ ਮੱਧ ਪ੍ਰਦੇਸ਼ ਦੇ ਦੱਬੇ-ਕੁਚਲੇ ਸਮਾਜ ਇੱਕਮੁੱਠ ਹੋ ਕੇ ਆਪਣੇ ਪ੍ਰਤੀਨਿਧੀਆਂ ਨੂੰ ਚੋਣਾਂ 'ਚ ਕਾਮਯਾਬ ਕਰ ਦਿੰਦੇ ਹਨ, ਤਾਂ ਉਹ ਇਨ੍ਹਾਂ ਸਿਰਫਿਰੇ ਲੋਕਾਂ ਨੂੰ ਰਾਜਨੀਤੀ ਵਿਚੋਂ ਪਛਾੜ ਸਕਦੇ ਹਨ।

ਪਿਸ਼ਾਬ ਵਾਲੀ ਘਟਨਾ ਤੋਂ ਦੋ ਦਿਨ ਪਹਿਲਾਂ ਮੱਧ ਪ੍ਰਦੇਸ਼ ਦੇ ਛਤਰਪੁਰ ਇਲਾਕੇ ਵਿਚ ਇੱਕ ਘਟਨਾ ਵਾਪਰਦੀ ਹੈ। ਇਹ ਬੁੰਦੇਲਖੰਡ ਦਾ ਇਲਾਕਾ ਹੈ। ਇਥੇ ਜੁਝਾਰ ਨਗਰ ਥਾਣੇ ਦੇ ਪਿੰਡ ਭਰਤਪੁਰ ਵਿਚ ਇੱਕ ਐੱਸ.ਸੀ. ਸਮਾਜ ਦਾ ਨੌਜਵਾਨ ਮੋਟਰਸਾਈਕਲ 'ਤੇ ਆਪਣੀ ਪਤਨੀ ਅਤੇ ਇੱਕ ਸਾਲ ਦੀ ਬੇਟੀ ਨਾਲ ਕਿਸੇ ਸਮਾਗਮ ਵਿਚ ਜਾ ਰਿਹਾ ਸੀ। ਜਿਉਂ ਹੀ ਉਹ ਸਵਰਨ ਜਾਤੀ ਦੇ ਘਰ ਅੱਗਿਓਂ ਗੁਜ਼ਰਦਾ ਹੈ। ਇਥੇ ਸਵਰਨ ਜਾਤੀ ਦੇ ਭੂਤਰੇ ਹੋਏ ਬੰਦੇ ਉਸ ਨੌਜਵਾਨ ਦਾ ਪਿੱਛਾ ਕਰਕੇ ਤੀਵੀਂ ਆਦਮੀ ਨੂੰ ਘੇਰ ਕੇ ਕੁੱਟਦੇ ਹਨ ਅਤੇ ਇੱਕ ਸਾਲ ਦੀ ਬੱਚੀ ਨੂੰ ਉਨ੍ਹਾਂ ਤੋਂ ਖੋਹ ਕੇ ਪਰ੍ਹੇ ਸੁੱਟ ਦਿੰਦੇ ਹਨ। ਕੁੱਟਮਾਰ ਕਰਦੇ ਹੋਏ ਇਹ ਸਿਰਫਿਰੇ ਇਹ ਚਿਤਾਵਨੀ ਦਿੰਦੇ ਹਨ ਕਿ ਉਸ ਨੌਜਵਾਨ ਦੀ ਹਿੰਮਤ ਕਿਵੇਂ ਹੋਈ ਕਿ ਉਹ ਉਨ੍ਹਾਂ ਦੇ ਘਰ ਅੱਗੋਂ ਨਵੇਂ ਕੱਪੜੇ ਪਾ ਕੇ ਆਪਣੀ ਘਰ ਵਾਲੀ ਨਾਲ ਮੋਟਰ ਸਾਈਕਲ 'ਤੇ ਗੁਜ਼ਰੇ। ਉਹ ਉਸ ਨੌਜਵਾਨ ਨੂੰ ਉਸ ਦੀ ਅਛੂਤ ਔਕਾਤ ਦਾ ਅਹਿਸਾਸ ਕਰਵਾਉਂਦੇ ਹੋਏ ਕਹਿੰਦੇ ਹਨ ਕਿ ਤੈਨੂੰ ਤਾਂ ਸਾਡੇ ਘਰਾਂ ਅੱਗੋਂ ਨੰਗੇ ਪੈਰੀਂ ਨਿਕਲਣਾ ਚਾਹੀਦਾ ਸੀ। ਇਨ੍ਹਾਂ ਸਿਰਫਿਰਿਆਂ ਖਿਲਾਫ ਇਹ ਸਤਰਾਂ ਲਿਖਣ ਤੱਕ ਕੋਈ ਵੀ ਐੱਫ.ਆਈ.ਆਰ. ਦਰਜ ਨਹੀਂ ਕੀਤੀ ਗਈ। ਕਿਹਾ ਜਾਂਦਾ ਹੈ ਕਿ ਚਾਲੂ ਸਾਲ ਵਿਚ ਦਲਿਤ ਸਮਾਜ ਦੇ ਸ਼ੋਸ਼ਣ ਦੇ 33,000 ਕੇਸ ਮੱਧ ਪ੍ਰਦੇਸ਼ ਵਿਚ ਦਰਜ ਕੀਤੇ ਗਏ ਹਨ।

# ਟੈਸਲਾ ਕਾਰਾਂ ਨੂੰ ਹੀ ਅੱਗਾਂ ਕਿਉਂ ਲੱਗਦੀਆਂ ਨੇ..?



ਪੱਤਰਕਾਰ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ
(Punjab Mail USA)







ਟੈਸਲਾ ਕਾਰ ਜਿਹੜੀ ਕਿ ਇੱਕ ਬੈਟਰੀਆਂ 'ਤੇ ਚੱਲਣ ਵਾਲੀ ਬੜੀ ਹਰਮਨਪਿਆਰੀ ਕਾਰ ਹੈ। ਪਰ ਜਿਸ ਤਰੀਕੇ ਨਾਲ ਪਿਛਲੇ ਕੁਝ ਸਮੇਂ ਦੌਰਾਨ ਇਹ ਕਾਰਾਂ ਅੱਗ ਦੇ ਗੋਲੇ ਬਣ ਰਹੀਆਂ ਹਨ, ਇਹ ਸਾਰੇ ਇਲੈਕਟ੍ਰਕ ਕਾਰ ਲਵਰਜ਼ ਲਈ ਇੱਕ ਚਿੰਤਾ ਦਾ ਵਿਸ਼ਾ ਜ਼ੂਰ ਬਣਿਆ ਹੋਇਆ ਹੈ। ਪਿਛਲੇ ਦਿਨੀਂ ਬੇਏਰੀਏ ਦੇ ਸ਼ਹਿਰ ਸੈਂਟਾਕਲਾਰਾ ਵਿਖੇ ਇੱਕ ਸੜਕ 'ਤੇ ਜਾ ਰਹੀ ਟੈਸਲਾ ਕਾਰ ਨੂੰ ਅਚਾਨਕ ਅੱਗ ਲੱਗ ਗਈ, ਜਿਸ ਵਿਚੋਂ ਬਾਰਾਂ ਸਾਲ ਦੀ ਬੱਚੀ ਤੇ ਉਸਦੀ ਮਾਤਾ ਮਸਾਂ ਹੀ ਬਚਕੇ ਬਾਹਰ ਨਿਕਲੀਆਂ। ਜਾਣਕਾਰੀ ਮੁਤਾਬਕ ਜਦੋਂ ਕਾਰ ਸੜਕ 'ਤੇ ਜਾ ਰਹੀ ਸੀ, ਤਾਂ ਅਚਾਨਕ ਕਾਰ ਵਿਚੋਂ ਅਜੀਬ ਜਿਹੀ ਆਵਾਜ਼ ਆਉਣ ਲੱਗੀ ਅਤੇ ਕਾਰ ਵਿਚੋਂ ਇੱਕ ਵੱਖਰੀ ਜਿਹੀ ਸਮੈੱਲ ਆਉਣ ਲੱਗੀ। ਮਾਂਵਾਂ-ਧੀਆਂ ਨੇ ਗੱਡੀ ਰੋਕੀ ਅਤੇ ਗੱਡੀ ਵਿਚੋਂ ਬਾਹਰ ਉੱਤਰਕੇ ਗੱਡੀ ਚੈੱਕ ਕਰਨ ਲਗੀਆਂ, ਜਲਦੀ ਹੀ ਗੱਡੀ ਨੂੰ ਅੱਗ ਲੱਗ ਗਈ ਅਤੇ ਸਕਿੰਟਾਂ ਵਿਚ ਟੈਸਲਾ ਕਾਰ ਸੜਕੇ ਸਵਾਹ ਹੋ ਗਈ। ਇਸੇ ਤਰ੍ਹਾਂ ਦੀ ਇੱਕ ਘਟਨਾ ਸੈਕਰਮੈਂਟੋ ਦੇ ਭੈਣ-ਭਰਾ ਨਾਲ ਹਾਈਵੇਅ 99 'ਤੇ ਵਾਪਰੀ, ਤੇ ਉਹ ਵੀ ਵਾਲ-ਵਾਲ ਬਚ ਗਏ, ਉਸ ਕਾਰ ਦੀਆਂ ਬੈਟਰੀਆਂ ਵਿਚ ਪੈਂਦੇ ਧਮਾਕਿਆਂ ਅਤੇ ਅੱਗ ਦੀਆਂ ਲਪਟਾਂ ਵਿਚ ਘਿਰੀ ਕਾਰ ਦੀ ਵੀਡੀਓ ਸੋਸ਼ਲ ਮੀਡੀਏ 'ਤੇ ਬੜੀ ਵਾਇਰਲ ਹੋਈ ਸੀ। ਇਸੇ ਤਰੀਕੇ ਪਿੱਛੇ ਜਿਹੇ ਇੱਕ ਘਟਨਾ ਟੈਕਸਾਸ ਦੇ ਆਸਟਿਨ ਸ਼ਹਿਰ ਵਿਚ ਵਾਪਰੀ ਜਿੱਥੇ ਇੱਕ ਟੈਸਲਾ ਕਾਰ ਇੱਕ ਖੰਭੇ ਨਾਲ ਟਕਰਾਉਣ ਤੋਂ ਬਾਅਦ ਸੜ ਕੇ ਸਵਾਹ ਹੋ ਗਈ, ਲਕਲੀ ਟੀਨਏਜਰ ਬੁਆਏ ਬਚ ਗਿਆ ਸੀ। ਇਸ ਕਾਰ ਦੀ ਅੱਗ ਬਚਾਉਣ ਲਈ ਚਾਰ ਫਾਇਰ ਇੰਜਣਾਂ ਨੇ ਤਕਰੀਬਨ 45 ਮਿੰਟ ਜੱਦੋ-ਜਹਿਦ ਕੀਤੀ। ਪਰ ਟੈਸਲਾ ਕਾਰਾਂ ਨੂੰ ਅੱਗ ਲੱਗਣ ਦਾ ਕਿੱਸਾ ਇਥੇ ਖਤਮ ਨਹੀਂ ਹੋਇਆ, ਕੁਝ ਦਿਨ ਪਹਿਲਾ ਕੈਲੀਫੋਰਨੀਆ ਦੇ ਟਰੇਸੀ ਸ਼ਹਿਰ ਵਿਚ ਇੱਕ ਟੈਸਲਾ ਕਾਰ ਦੁਰਘਟਨਾ ਉਪਰੰਤ ਅੱਗ ਫੜ ਗਈ, ਅਤੇ ਇਸ ਵਿਚ ਸਵਾਰ ਅਰਵਿੰਦ ਰਾਮ ਅਤੇ ਅਮਰੀਕ ਸਿੰਘ ਪਹਿਲਾਂ ਵਾਲੇ ਪੀੜਤਾਂ ਜਿੰਨੇ ਲੱਕੀ ਨਹੀਂ ਸਨ, ਅਤੇ ਟੈਸਲਾ ਕਾਰ ਦੀ ਅੱਗ ਵਿਚ ਸੜ ਕੇ ਦੋਵੇਂ ਨੌਜਵਾਨ ਮੌਤ ਦੇ ਮੂੰਹ ਜਾ ਪਏ। ਸਵ. ਅਮਰੀਕ ਸਿੰਘ ਜਿਹੜਾ ਕਿ ਪੰਜਾਬ ਦੇ ਜ਼ਿਲ੍ਹੇ ਮੁਕਤਸਰ ਸਹਿਬ ਦੇ ਪਿੰਡ ਵਾਂਦਰ ਜਟਾਣਾ ਨੂੰ ਬਲੌਂਗ ਕਰਦਾ ਸੀ। ਇਹ ਪੈਂਤੀ ਸਾਲਾ ਚੋਬਰ ਮਾਪਿਆ ਦਾ ਹੋਣਹਾਰ ਇਕਲੌਤਾ ਪੁੱਤ ਸੀ ਤੇ ਕਿੱਤੇ ਦੇ ਤੌਰ 'ਤੇ ਇੰਜਨੀਅਰ ਸੀ। ਪੰਜਾਬ ਤੋਂ ਇਸ ਨੌਜਵਾਨ ਨੇ ਭਾਈ ਮਹਾਂ ਸਿੰਘ ਕਾਲਜ ਮੁਕਤਸਰ ਸਹਿਬ ਤੋਂ ਇੰਜੀਨੀਅਰਿੰਗ ਕੀਤੀ ਹੋਈ ਸੀ, ਅਤੇ ਅਮਰੀਕਾ ਵਿਚ ਨਾਮੀ ਬੈਂਕ ਵੈਲਸਫਾਰਗੋ ਵਿਚ ਬਤੌਰ ਸੀਨੀਅਰ ਵੈੱਬ-ਡਵੈਲਪਰ ਸੇਵਾਵਾਂ ਨਿਭਾ ਰਿਹਾ ਸੀ। ਇਹ ਨੌਜਵਾਨ ਸਿਟੀ ਆਫ ਟਰੇਸੀ ਦੀ ਰਾਜਨੀਤੀ ਵਿਚ ਵੀ ਕਾਫੀ ਸਰਗਰਮ ਰਹਿੰਦਾ ਸੀ। ਹੱਸਮੁੱਖ ਸੁਭਾਅ ਦਾ ਮਾਲਕ ਸਵ. ਅਮਰੀਕ ਸਿੰਘ ਹਰ ਵਕਤ ਨਿਸ਼ਕਾਮ ਸੇਵਾ ਜ਼ਰੀਏ ਭਾਈਚਾਰੇ ਦੇ ਕੰਮ ਆਉਣ ਨੂੰ ਤੱਤਪਰ ਰਹਿੰਦਾ ਸੀ। ਰੀਅਲ ਸਟੇਟ ਦਾ ਲਾਇਸੰਸ ਹੋਣ ਦੇ ਬਾਵਜੂਦ ਇਹ ਧੰਦਾ ਉਸਨੇ ਇਸ ਲਈ ਨਹੀਂ ਅਪਣਾਇਆ ਕਿ ਕੱਲ੍ਹ ਨੂੰ ਕੋਈ ਉਸਨੂੰ ਇਹ ਨਾ ਕਹਿ ਸਕੇ ਕਿ ਇਸ ਧੰਦੇ ਦਾ ਲਾਹਾ ਇਸਨੇ ਆਪਣੇ ਰਾਜਨੀਤਿਕ ਜੀਵਨ ਨੂੰ ਸਫਲ ਬਣਾਉਣ ਲਈ ਲਿਆ। ਇਸ ਨੌਜਵਾਨ ਦਾ ਸੁਪਨਾ ਸੀ ਕਿ ਟਰੇਸੀ ਸ਼ਹਿਰ ਵਿਚ ਕੈਲ ਸਟੇਟ ਯੂਨੀਵਰਸਿਟੀ ਆਵੇ, ਤਾਂ ਜੋ ਟਰੇਸੀ ਸ਼ਹਿਰ ਅਤੇ ਆਸ-ਪਾਸ ਦੇ ਬੱਚਿਆਂ ਨੂੰ ਹਾਇਰ ਐਜੂਕੇਸ਼ਨ ਲਈ ਦੂਰ-ਦੁਰਾਡੇ ਨਾ ਜਾਣਾ ਪਵੇ। ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਜਦੋਂ ਇਹ ਆਪਣੇ ਦੋਸਤ ਅਰਵਿੰਦ ਰਾਮ ਨਾਲ ਉਸਦੀ ਨਵੀਂ ਖ਼ਰੀਦੀ ਟੈਸਲਾ ਕਾਰ ਵਿਚ ਜਾ ਰਿਹਾ ਸੀ, ਤਾਂ ਇੱਕ ਦੁਰਘਟਨਾ ਤੋਂ ਬਾਅਦ ਕਾਰ ਨੂੰ ਅੱਗ ਲੱਗ ਗਈ ਅਤੇ ਸਕਿੰਟਾਂ ਵਿਚ ਹੀ ਕਾਰ ਸੜਕੇ ਸਵਾਹ ਹੋ ਗਈ ਅਤੇ ਦੋਵੇਂ ਨੌਜਵਾਨ ਕਾਰ ਦੇ ਵਿਚੇ ਸੜ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ।

ਟੈਸਲਾ ਕਾਰ ਬੈਟਰੀਆਂ 'ਤੇ ਚੱਲਦੀ ਹੈ, ਇਸ ਦੇ ਬੈਟਰੀ ਸਿਸਟਮ ਨੂੰ ਸਮਝਣਾ ਹੋਵੇ, ਤਾਂ ਇਉਂ ਕਹਿ ਲਓ ਇੱਕ ਇਲੈਕਟ੍ਰਿਕ ਵਾਹਨ, ਬੈਟਰੀ ਪੈਕ ਹਜ਼ਾਰਾਂ ਛੋਟੇ ਲਿਥੀਅਮ-ਆਇਨ ਸੈੱਲਾਂ ਦਾ ਬਣਿਆ ਹੁੰਦਾ ਹੈ। ਇੱਕ ਸਿੰਗਲ ਸੈੱਲ ਇੱਕ ਥੈਲੀ ਜਾਂ ਸਿਲੰਡਰ ਵਰਗਾ ਦਿਖਾਈ ਦਿੰਦਾ ਹੈ, ਅਤੇ ਉਹ ਰਸਾਇਣਕ ਹਿੱਸਿਆਂ ਨਾਲ ਭਰਿਆ ਹੁੰਦਾ ਹੈ, ਜੋ ਬੈਟਰੀ ਨੂੰ ਊਰਜਾ ਸਟੋਰ ਕਰਨ ਦੇ ਯੋਗ ਬਣਾਉਂਦੇ ਹਨ। ਇੱਕ ਐਨੋਡ, ਇੱਕ ਕੈਥੋਡ, ਅਤੇ ਇੱਕ ਤਰਲ ਇਲੈਕਟ੍ਰੋਲਾਈਟ ਸੈੱਲਾਂ ਨੂੰ ਇੱਕ ਬੈਟਰੀ ਪੈਕ ਵਿਚ ਇਕੱਠਾ ਕੀਤਾ ਜਾਂਦਾ ਹੈ, ਜੋ ਕਿ ਬਹੁਤ ਮਜ਼ਬੂਤ ਸਮੱਗਰੀ, ਜਿਵੇਂ ਕਿ ਟਾਈਟੇਨੀਅਮ ਵਿਚ ਘਿਰਿਆ ਹੁੰਦਾ ਹੈ, ਅਤੇ ਉਸ ਬੈਟਰੀ ਪੈਕ ਨੂੰ ਆਮ ਤੌਰ 'ਤੇ ਵਾਹਨ ਦੇ ਅੰਡਰਕੈਰੇਜ ਨਾਲ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਦੀ ਬਣਤਰ ਬੈਟਰੀ ਨੂੰ ਐਕਸੈਸ ਕਰਨਾ ਲਗਭਗ ਅਸੰਭਵ ਕਰ ਦਿੰਦੀ ਹੈ, ਅਤੇ ਇਸ ਦੀ ਬਣਤਰ ਬੜੀ ਮਜ਼ਬੂਤ ਬਣਾਈ ਜਾਂਦੀ ਹੈ, ਤਾਂ ਜੋ ਭਿਆਨਕ ਐਕਸੀਡੈਂਟਾ ਦੌਰਾਨ ਵੀ ਬੈਟਰੀਆਂ ਸੁਰੱਖਿਅਤ ਰਹਿਣ, ਪਰ ਐਨੀ ਮਜ਼ਬੂਤੀ ਦੇ ਬਾਵਜੂਦ ਵਾਰ-ਵਾਰ ਅੱਗ ਲੱਗਣ ਦੀਆਂ ਘਟਨਾਵਾਂ ਟੈਸਲਾ ਦੇ ਡਿਜ਼ਾਈਨ 'ਤੇ ਸਵਾਲੀਆ ਚਿੰਨ ਜ਼ਰੂਰ ਲਾਉਂਦੀਆਂ ਨੇ..? ਟਰੇਸੀ ਵਾਲੇ ਐਕਸੀਡੈਂਟ ਦੌਰਾਨ ਜਿੱਥੇ ਮਾਪਿਆਂ ਨੇ ਆਪਣੇ ਲਾਡਲੇ ਬੇਟੇ ਅਮਰੀਕ ਸਿੰਘ ਨੂੰ ਖੋਇਆ, ਉਥੇ ਕਮਿਊਨਿਟੀ ਇੱਕ ਚੰਗੀ ਸੋਚ ਰੱਖਣ ਵਾਲੇ ਲੀਡਰ ਤੋਂ ਸੱਖਣੀ ਹੋ ਗਈ। ਪ੍ਰਮਾਤਮਾ ਸਵ. ਅਮਰੀਕ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

# ਇਹ ਮੁਹੱਬਤ ਕੀ ਹੈ



-ਰਮਿੰਦਰ ਰੰਮੀ
(Punjab Mail USA)



ਸੱਚਮੁੱਚ ਇਹ ਸਾਬਤ ਕਰਨਾ ਬਹੁਤ ਮੁਸ਼ਕਲ ਹੈ ਕਿ ਮੁਹੱਬਤ ਕੀ ਹੁੰਦੀ ਹੈ। ਇਕ ਲੜਕੇ ਲੜਕੀ ਦੇ ਆਪਸੀ ਪਿਆਰ ਨੂੰ ਅਸੀਂ ਮੁਹੱਬਤ ਕਹਿ ਦਿੰਦੇ ਹਾਂ, ਜਦਕਿ ਮੁਹੱਬਤ ਦੇ ਬਹੁਤ ਰਿਸ਼ਤੇ ਹੁੰਦੇ ਨੇ, ਮਾਂ-ਪਿਉ, ਭੈਣ-ਭਰਾ, ਪਤੀ-ਪਤਨੀ, ਸਹੇਲੀਆਂ, ਦੋਸਤ, ਅਧਿਆਪਕ ਤੇ ਵਿਦਿਆਰਥੀ। ਹੋਰ ਵੀ ਬਹੁਤ ਰਿਸ਼ਤੇ ਨੇ ਮੁਹੱਬਤ ਦੇ, ਜਾਨਵਰਾਂ ਤੇ ਪਸ਼ੂ-ਪੰਛੀਆਂ ਵਿਚ ਵੀ ਮੁਹੱਬਤ ਹੁੰਦੀ ਹੈ।

ਜੂਡਿਥ ਵਿਉਰਸਟ ਦੇ ਅਨੁਸਾਰ, "ਮੁਹੱਬਤ ਜ਼ਿੰਦਗੀ ਦਾ ਇਕ ਸੰਘਰਸ਼ ਹੈ। ਪਰ ਇਹ ਲੜਾਈ ਹੋਰ ਲੜਾਈਆਂ ਨਾਲ਼ੋਂ ਵਧੀਆ ਅਤੇ ਉਸਾਰੂ ਹੈ।"

ਮੁਹੱਬਤ ਇਕ ਸ਼ਕਤੀ ਦਾ ਸੋਮਾ ਹੈ। ਕਹਿੰਦੇ ਨੇ, ਮੁਹੱਬਤ ਇਕ ਉਹ ਭਾਸ਼ਾ ਹੈ, ਜਿਸ ਨੂੰ ਗੂੰਗੇ ਤੇ ਬੋਲੇ ਵੀ ਬਾਖ਼ੂਬੀ ਪੜ੍ਹ ਤੇ ਸਮਝ ਜਾਂਦੇ ਹਨ। ਪਸ਼ੂ-ਪੰਛੀ ਤੇ ਜਾਨਵਰ ਵੀ ਮੁਹੱਬਤ ਦੀ ਭਾਸ਼ਾ ਸਮਝਦੇ ਹਨ।

ਇਹ ਮੁਹੱਬਤ ਹੈ, ਜੋ ਚੋਰਾਂ ਨੂੰ ਸਾਧ ਬਣਾ ਦਿੰਦੀ ਹੈ। ਇਹ ਮੁਹੱਬਤ ਸੀ, ਜਿਸ ਦੀ ਖਾਤਿਰ ਰਾਂਝੇ ਨੂੰ ਮਹੀਂਵਾਲ ਬਨਣਾ ਪਿਆ। ਸੱਸੀ ਪੁੰਨੂੰ ਨੂੰ ਪੁਕਾਰਦੀ ਹੋਈ ਥੱਲਾਂ ਵਿਚ ਉਸ ਪਿੱਛੇ ਗਈ। ਸੋਹਣੀ ਕੱਚੇ ਘੜ੍ਹੇ 'ਤੇ ਤੈਰ ਕੇ ਅੱਧੀ ਰਾਤ ਨੂੰ ਮਹੀਂਵਾਲ ਨੂੰ ਮਿਲਣ ਲਈ ਜਾਂਦੀ ਹੈ। ਸ਼ੀਰੀ ਦੀ ਖਾਤਿਰ ਫ਼ਰਿਆਦ ਨੂੰ ਨਹਿਰ ਪੁੱਟਣੀ ਪਈ ਤੇ ਹੀਰ ਨੂੰ ਵੀ ਆਖਿਰ ਜ਼ਹਿਰ ਦਾ ਪਿਆਲਾ ਪੀਣਾ ਪਿਆ।

ਕਹਿੰਦੇ ਨੇ ਭਗਤ ਤੁਲਸੀ ਦਾਸ ਦਾ ਆਪਣੀ ਪਤਨੀ ਨਾਲ ਕਾਫ਼ੀ ਪਿਆਰ ਸੀ। ਇਕ ਵਾਰ ਉਹ ਆਪਣੇ ਪੇਕੇ ਜਾਂਦੀ ਹੈ ਤੇ ਬਾਦ ਵਿਚ ਉਦਾਸ ਹੋ ਕੇ ਭਗਤ ਤੁਲਸੀ ਦਾਸ ਪਤਨੀ ਦੇ ਪਿਆਰ ਵਿਚ, ਉਸ ਦੀ ਯਾਦ ਵਿਚ, ਉਹ ਅੱਧੀ ਰਾਤ ਨੂੰ ਚੋਰੀ ਉਸ ਨੂੰ ਮਿਲਣ ਪਹੁੰਚ ਜਾਂਦਾ ਹੈ। ਅੱਗੋਂ ਉਸ ਦੀ ਪਤਨੀ ਉਸਨੂੰ ਬਹੁਤ ਫਿਟਕਾਰ ਲਾਉਂਦੀ ਹੈ ਤੇ ਕਹਿੰਦੀ ਹੈ ਕਿ ਅਗਰ ਤੂੰ ਐਨਾ ਪਿਆਰ ਪ੍ਰਮਾਤਮਾ ਨੂੰ ਕਰਦਾ ਤੇ ਤੈਨੂੰ ਉਸਦੀ ਪ੍ਰਾਪਤੀ ਹੋ ਜਾਣੀ ਸੀ। ਸੱਚਮੁੱਚ ਉਹ ਵੈਰਾਗ ਵਿਚ ਆ ਜਾਂਦਾ ਹੈ ਤੇ ਰੱਬ ਦੀ ਭਗਤੀ ਵਿਚ ਲੱਗ ਜਾਂਦਾ ਹੈ ਤੇ ਫਿਰ ਭਗਤ ਤੁਲਸੀ ਦਾਸ ਬਣ ਜਾਂਦਾ ਹੈ।

ਅੱਜਕੱਲ੍ਹ ਸੱਚੀ ਮੁਹੱਬਤ ਨਹੀਂ ਰਹਿ ਗਈ, ਸਿਰਫ ਕਿਤਾਬਾਂ, ਕਿੱਸੇ-ਕਹਾਣੀਆਂ ਤੇ ਫਿਲਮਾਂ ਵਿਚ ਹੀ ਰਹਿ ਗਈ ਹੈ। ਰੂਹਾਂ ਦੀ ਮੁਹੱਬਤ ਨਹੀਂ, ਸਿਰਫ ਜਿਸਮਾਂ ਦੀ ਮੁਹੱਬਤ ਰਹਿ ਗਈ ਹੈ। ਅੱਜਕੱਲ੍ਹ ਕਾਫ਼ੀ ਲੜਕੇ ਆਪਣੀ ਝੂਠੀ ਮੁਹੱਬਤ ਵਿਚ ਲੜਕੀਆਂ ਨੂੰ ਫਸਾ ਲੈਂਦੇ ਹਨ ਤੇ ਇਸਤੇਮਾਲ ਕਰਕੇ ਛੱਡ ਦਿੰਦੇ ਨੇ ਤੇ ਬਹੁਤ ਲੜਕੀਆਂ ਸਦਮੇ ਤੇ ਬਦਨਾਮੀ ਦੇ ਡਰ ਤੋਂ ਜਾਨ ਦੇ ਦਿੰਦੀਆਂ ਹਨ। ਉਹ ਮੁਹੱਬਤ ਨਹੀਂ ਕਰਦੇ, ਸਿਰਫ਼ ਫਲਰਟ ਕਰਦੇ ਹਨ। ਕੀ ਇਹ ਮੁਹੱਬਤ ਹੈ? ਨਹੀਂ, ਇਹ ਮੁਹੱਬਤ ਨਹੀਂ ਹੈ। ਤੁਸੀਂ ਲੜਕੀ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹੋ।

ਮੁਹੱਬਤ ਅਹਿਸਾਸ ਦਾ ਨਾਮ ਹੈ, ਜੋ ਕਿ ਬਿਨਾਂ ਦੇਖੇ, ਬਿਨਾਂ ਮਿਲੇ ਕਦੀ ਵੀ ਕਿਸੇ ਵੀ ਉਮਰ ਵਿਚ ਹੋ ਜਾਂਦੀ ਹੈ। ਮੁਹੱਬਤ ਵਿਚ ਇਨਸਾਨ ਆਪਾ ਭੁੱਲ ਜਾਂਦਾ ਹੈ। ਜਾਤ-ਪਾਤ, ਰੰਗ-ਰੂਪ ਕੋਈ ਮਾਅਨੇ ਨਹੀਂ ਰੱਖਦੀ। ਮੁਹੱਬਤ ਬੇਬਾਕ ਤੇ ਬੇਖ਼ੌਫ਼ ਹੁੰਦੀ ਹੈ। ਇਹ ਇੱਕ ਜੁਆਲਾਮੁਖੀ ਵਾਂਗ ਹੁੰਦੀ ਹੈ। ਮੁਹੱਬਤ ਇਨਸਾਨ ਨੂੰ ਪਾਗਲ, ਝੱਲਾ ਤੇ ਰਮਲਾ-ਕਮਲ਼ਾ ਬਣਾ ਦਿੰਦੀ ਹੈ। ਮੁਹੱਬਤ ਵਿਚ ਇਨਸਾਨ ਨੂੰ ਜ਼ਿੰਦਾ ਲਾਸ਼ ਬਣਕੇ ਰਹਿਣਾ ਪੈਂਦਾ ਹੈ।

ਮੁਹੱਬਤ ਸਰਹੱਦਾਂ ਦੀਆਂ ਦੀਵਾਰਾਂ ਜਾਂ ਮਜ਼੍ਹਬਾਂ ਦੀਆਂ ਲਕੀਰਾਂ ਨਹੀਂ ਦੇਖਦੀ। ਮੁਹੱਬਤ ਪਾਉਣ ਦਾ ਨਾਮ ਨਹੀਂ,

ਮੁਹੱਬਤ ਦੇਣ ਦਾ ਨਾਮ ਹੈ। ਮੁਹੱਬਤ ਵਿਚ ਕਦੀ ਕਿਸੇ ਲਈ ਨਫ਼ਰਤ ਨਹੀਂ ਹੁੰਦੀ। ਮੁਹੱਬਤ ਇਕ ਮਿੱਠਾ ਜ਼ਹਿਰ ਹੈ, ਜਿਸ ਵਿਚ ਇਨਸਾਨ ਆਪਣੇ ਪਿਆਰੇ ਦੀ ਯਾਦ ਵਿਚ ਹਰ ਪੱਲ, ਹਰ ਘੜੀ ਤਿਲ-ਤਿਲ ਕਰ ਮਰਦਾ ਹੈ। ਮੁਹੱਬਤ ਵਿਚ ਦਰਦ, ਹੌਕੇ, ਜੁਦਾਈ, ਤੜਪ, ਲਗਨ, ਚਾਹਤ, ਬੇਬਸੀ, ਇਹੀ ਸਭ ਸਹਿਣਾ ਪੈਂਦਾ ਹੈ। ਆਪਣੇ ਪਿਆਰੇ ਨੂੰ ਯਾਦ ਕਰ ਉਸ ਬਾਰੇ ਸੋਚਣਾ, ਮੁਸਕਰਾਉਣਾ, ਹੰਝੂ ਵਹਾਉਣੇ ਤੇ ਹੌਕੇ ਭਰ ਸੋ ਜਾਣਾ। ਮੁਹੱਬਤ ਕਰਨੀ ਕੋਈ ਗੁਨਾਹ ਨਹੀਂ, ਕੋਈ ਪਾਪ ਨਹੀਂ, ਬਸ਼ਰਤੇ ਮੁੱਹਬਤ ਰੂਹ ਤੋਂ ਹੋਵੇ। ਮੁਹੱਬਤ ਤੇ ਪੂਜਾ ਹੈ, ਇਬਾਦਤ ਹੈ, ਇੱਕ ਸਾਧਨਾ ਹੈ ਤੇ ਅਰਾਧਨਾ ਹੈ। ਮੁਹੱਬਤ ਵਿਚ ਇਨਸਾਨ ਅਪਣੀ ਹੀ ਦੁਨੀਆਂ ਵਿਚ ਮਸਤ ਰਹਿੰਦਾ ਹੈ।

ਮੁਹੱਬਤ ਤੇ ਹਰ ਸਾਹ, ਹਰ ਰੋਮ-ਰੋਮ ਤੇ ਹਰ ਜ਼ਰੇ-ਜ਼ਰੇ ਵਿਚ ਮਹਿਸੂਸ ਹੁੰਦੀ ਹੈ। ਮੁਹੱਬਤ ਵਿਚ ਕੋਈ ਪਰਦੇਦਾਰੀ ਨਹੀਂ ਹੁੰਦੀ, ਮੁਹੱਬਤ ਕਸਮਾਂ ਵਾਦਿਆਂ ਦੀ ਮੁਥਾਜ ਨਹੀਂ ਹੁੰਦੀ। ਮੁਹੱਬਤ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਇਕ ਦੂਸਰੇ 'ਤੇ ਵਿਸ਼ਵਾਸ ਹੋਏ। ਮੁਹੱਬਤ ਨੂੰ ਸਬੂਤਾਂ ਦੀ ਲੋੜ ਨਹੀਂ ਹੁੰਦੀ। ਬਿਨਾ ਬੋਲੇ, ਬਿਨਾ ਕਹੇ, ਬਿਨਾ ਮੁਹੱਬਤ ਦਾ ਇਜ਼ਹਾਰ ਕੀਤੇ, ਇਕ ਦੂਸਰੇ ਨੂੰ ਸਮਝਣਾ, ਇਹੀ ਖ਼ੂਬਸੂਰਤੀ ਹੁੰਦੀ ਹੈ ਇਸ ਰਿਸ਼ਤੇ ਦੀ।

ਮੁਹੱਬਤ ਵਿਚ ਇਕ ਦੂਸਰੇ ਲਈ ਪਿਆਰ ਸਤਿਕਾਰ ਹੋਣਾ ਚਾਹੀਦਾ ਹੈ, ਕਿਸੇ ਤੀਸਰੇ ਦੇ ਦਖਲ ਨਾਲ ਦਰਾਰ ਨਹੀਂ ਆਉਣੀ ਚਾਹੀਦੀ। ਮੁਹੱਬਤ ਉਹ ਜੋ ਆਪਣੇ ਪਿਆਰੇ ਦੀ ਕਦੀ ਕਿਸੇ ਤੋਂ ਬੁਰਾਈ ਨਾ ਸੁਣ ਸਕੇ। ਉਹ ਮੁਹੱਬਤ ਕੀ ਜਿੱਥੇ ਤੁਹਾਨੂੰ ਉਸਦੀ ਪ੍ਰੀਖਿਆ ਦੇਣੀ ਪਏ। ਅਗਰ ਕਿਸੇ ਨੂੰ ਮੁਹੱਬਤ ਕਰਦੇ ਹੋ, ਤਾਂ ਨਿਭਾਉਣ ਦਾ ਦਮ ਵੀ ਰੱਖੋ। ਜੋ ਤੁਹਾਡੇ 'ਤੇ ਵਿਸ਼ਵਾਸ ਕਰਕੇ ਤੁਹਾਨੂੰ ਮੁਹੱਬਤ ਕਰਦੀ ਹੈ, ਉਸਦੀ ਚਾਹਤ ਦੀ ਕਦਰ ਕਰੋ। ਮੁਹੱਬਤ ਲਫ਼ਜ਼ਾਂ ਦੀ ਮੁਹਤਾਜ ਨਹੀਂ ਹੁੰਦੀ। ਖ਼ਾਮੋਸ਼ੀ ਦਾ ਵੀ ਆਪਣਾ ਰੁੱਤਬਾ ਹੁੰਦਾ ਹੈ। ਉਸ ਖ਼ਾਮੋਸ਼ੀ ਵਿਚ ਕਿੰਨੀ ਮੁਹੱਬਤ ਛਿਪੀ ਹੈ, ਕਦੀ ਤੁਸੀਂ ਉਸਨੂੰ ਪੜ੍ਹ ਕੇ ਦੇਖੋ। ਮੁਹੱਬਤ ਕੀ ਹੁੰਦੀ ਹੈ। ਹਾਂ ਇਹ ਮੁੱਹਬਤ ਹੈ, ਇਹ ਸਰਦਾਰ ਗੁਰਬਖਸ਼ ਸਿੰਘ ਜੀ ਪ੍ਰੀਤਲੜੀ ਜੀ ਨੇ ਇਕ ਜਗ੍ਹਾ ਲਿਖਿਆ ਹੈ ਕਿ ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ।

ਕਈ ਕਹਿੰਦੇ ਨੇ ਕਿ ਮੁਹੱਬਤ ਪਹਿਲੀ ਨਜ਼ਰ ਵਿਚ ਹੋ ਜਾਂਦੀ ਹੈ, ਨਹੀਂ ਇਹ ਜ਼ਰੂਰੀ ਨਹੀਂ ਹੈ। ਅੱਜਕੱਲ੍ਹ ਤੇ ਬਿਨਾ ਦੇਖੇ ਬਿਨਾ ਮਿਲੇ ਵੀ ਮੁੱਹਬਤ ਹੋ ਜਾਂਦੀ ਹੈ। ਕਿਸੇ ਨੂੰ ਆਪਣੀਆਂ ਯਾਦਾਂ ਵਿਚ ਮਹਿਸੂਸ ਕਰਨਾ, ਹਰ ਸਾਹ ਵਿਚ ਮਹਿਸੂਸ ਕਰਨਾ, ਮਿਲਣਾ ਚਾਅ ਕੇ ਵੀ ਮਿਲ ਨਹੀਂ ਸਕਣਾ। ਇਕ ਲਗਨ, ਇਕ ਦਰਦ, ਇਕ ਤੜਪ, ਇਹ ਰੂਹ ਦੇ ਰਿਸ਼ਤੇ ਹੁੰਦੇ ਨੇ ਬਹੁਤ ਪਾਕਿ ਤੇ ਪਵਿੱਤਰ। ਮੁਹੱਬਤ ਦੇਣ ਦਾ ਨਾਮ ਹੈ, ਕੁਰਬਾਨੀ ਦਾ ਨਾਮ ਹੈ। ਇਸੇ ਲਈ ਕਹਿੰਦੇ ਹਨ ਕਿ ਮੁਹੱਬਤ ਸਦੀਆਂ ਤੋਂ ਕੁਰਬਾਨੀ ਮੰਗਦੀ ਆਈ ਹੈ।

ਮੁਹੱਬਤ 'ਤੇ ਕਦੀ ਵੀ ਕਿਸੇ ਨਾਲ, ਕਿਸੇ ਵੀ ਉਮਰ ਵਿਚ ਹੋ ਸਕਦੀ ਹੈ। ਚਾਹੇ ਸ਼ਾਦੀ ਤੋਂ ਪਹਿਲਾਂ ਜਾਂ ਸ਼ਾਦੀ ਦੇ ਬਾਅਦ। ਇਸ ਵਿਚ ਉਮਰ ਦਾ ਕੋਈ ਬੰਧਨ ਨਹੀਂ ਹੁੰਦਾ। ਹਾਂ ਕਈ ਵਾਰ ਬੇਬਸੀ ਜ਼ਰੂਰ ਹੁੰਦੀ ਹੈ, ਜਦ ਇਨਸਾਨ ਕਿਸੇ ਨੂੰ ਮਿਲਣਾ ਚਾਅ ਕੇ ਵੀ ਮਿਲ ਨਾ ਸਕੇ। ਫਿਰ ਸਾਨੂੰ ਇਕਾਂਤ ਅੱਛਾ ਲੱਗਦਾ ਹੈ। ਫਿਰ ਸੰਗੀਤ ਤੇ ਕੀਰਤਨ ਸੁਣਨ ਨੂੰ ਮਨ ਕਰਦਾ ਹੈ। ਇਨਸਾਨ ਉਸ ਸੰਗੀਤ ਵਿਚ ਐਨਾ ਲੀਨ ਹੋ ਜਾਂਦਾ ਹੈ ਕਿ ਮਨ ਵੈਰਾਗ ਵਿਚ ਆ ਜਾਂਦਾ ਹੈ ਤੇ ਫਿਰ ਰੋਣ 'ਤੇ ਦਿਲ ਕਰਦਾ ਹੈ।

ਸਾਨੂੰ ਸਿਲੇਬਸ ਵਿਚ ਹੀਰ-ਰਾਂਝਾ, ਸੋਹਣੀ-ਮਹੀਂਵਾਲ ਜਿਹੇ ਕਿੱਸੇ ਕਹਾਣੀਆਂ ਪੜ੍ਹਾਏ ਜਾਂਦੇ ਸੀ, ਕੀ ਅੱਜਕੱਲ੍ਹ ਕੋਈ ਲੜਕਾ-ਲੜਕੀ ਸ਼ਾਦੀ ਦੇ ਬਾਦ ਇਸ ਤਰ੍ਹਾਂ ਕਰ ਸਕਦਾ ਹੈ। ਸ਼ਾਇਦ ਨਹੀਂ, ਅਗਰ ਕੋਈ ਐਸੀ ਹਰਕਤ ਕਰਦਾ ਹੈ ਜਾਂ ਕਿਸੇ ਨਾਲ ਗੱਲ ਵੀ ਕਰੇ ਤੇ ਬਦਚਲਣ ਅਵਾਰਾ ਕਹਿ ਕੇ ਘਰ ਤੋਂ ਬਾਹਰ ਨਿਕਾਲ ਦਿੱਤਾ ਜਾਂਦਾ ਹੈ। ਕਈ ਘੂਰਦੀਆਂ ਨਿਗਾਹਾਂ ਤੁਹਾਡਾ ਪਿੱਛਾ ਕਰਨਗੀਆਂ। ਕਈ ਤਰ੍ਹਾਂ ਦੇ ਤਾਹਨੇ-ਮਿਹਨੇ ਸੁਣਨ ਨੂੰ ਮਿਲਦੇ ਹਨ।

ਕਹਿੰਦੇ ਨੇ ਇਹ ਮੁਹੱਬਤ ਹੀ ਸੀ, ਜਿਸ ਦੀ ਖਾਤਿਰ ਸ਼ਾਹਜਹਾਂ ਨੇ ਤਾਜ ਮੱਹਲ ਬਣਾਇਆ, ਵਰਨਾ ਇਕ ਲਾਸ਼ ਦੀ ਖਾਤਿਰ ਕੋਈ ਇਸ ਤਰ੍ਹਾ ਨਹੀਂ ਕਰਦਾ।

ਇਕ ਵਾਰ ਕ੍ਰਿਸ਼ਨ ਜੀ ਨੂੰ ਰਾਧਾ ਜੀ ਨੇ ਪੁੱਛਿਆ ਸੀ ਕਿ ਅਗਰ ਤੁਹਾਨੂੰ ਮੇਰੇ ਨਾਲ ਮੁਹੱਬਤ ਸੀ ਤੇ ਤੁਸੀਂ ਮੇਰੇ ਨਾਲ ਸ਼ਾਦੀ ਕਿਉਂ ਨਹੀਂ ਕੀਤੀ। ਕ੍ਰਿਸ਼ਨ ਜੀ ਨੇ ਹੱਸ ਕੇ ਕਿਹਾ ਸੀ ਕਿ ਅਸੀਂ ਦੋ ਨਹੀਂ ਹਾਂ, ਮੇਰਾ ਵਾਸ ਤੇਰੀ ਆਤਮਾ ਵਿਚ ਤੇ ਤੇਰਾ ਵਾਸ ਮੇਰੀ ਆਤਮਾ ਵਿਚ ਹੈ। ਅਸੀਂ ਅਲੱਗ ਨਹੀਂ ਇਕ ਹਾਂ। ਇਹ ਮੁਹੱਬਤ ਹੈ।

ਕਈ ਲੋਕ ਸਵਾਲ ਕਰਦੇ ਨੇ ਕਿ ਮੁਹੱਬਤ ਤੇ ਪਸੰਦ ਵਿਚ ਕੀ ਫਰਕ ਹੈ। ਇਸ ਵਿਚ ਕੋਈ ਖ਼ਾਸ ਫਰਕ ਨਹੀਂ ਹੈ, ਪਸੰਦ ਵਿਚ ਸੰਬੰਧ ਰਸਮੀ ਹੁੰਦੇ ਨੇ ਤੇ ਮੁਹੱਬਤ ਵਿਚ ਗ਼ੈਰ ਰਸਮੀ।

ਅਸਲੀ ਮੁਹੱਬਤ ਤੇ ਰੂਹ ਦਾ ਰਿਸ਼ਤਾ ਹੁੰਦਾ ਹੈ, ਜੋ ਇਨਸਾਨ ਨੂੰ ਇਬਾਬਤ ਤੱਕ ਲੈ ਜਾਂਦਾ ਹੈ। ਮਹਿਸੂਸ ਕੀਤੀ ਜਾਂਦੀ ਹੈ ਮੁਹੱਬਤ। ਇਸ ਵਿਚ ਪਾਕੀਜ਼ਦੀ ਹੈ, ਸਮਝਣ ਵਾਲੀ ਪਾਰਖੂ ਨਜ਼ਰ ਚਾਹੀਦੀ ਹੈ। ਮੁਹੱਬਤ ਕਰਨੀ ਕੋਈ ਪਾਪ ਜਾਂ ਗੁਨਾਹ ਨਹੀਂ ਹੈ, ਬਸ਼ਰਤੇ ਕਿ ਇਹ ਰੂਹ ਤੋਂ ਹੋਣੀ ਚਾਹੀਦੀ ਹੈ।

(ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭਿ ਪਾਇਓ॥)

ਇਹ ਮੁੱਹਬਤ ਕੀ ਹੈ, ਕਿਸੇ ਨੂੰ ਸੋਚਣਾ, ਫਿਰ ਮੁਸਕਰਾਉਣਾ, ਤੇ ਫਿਰ ਹੰਝੂ ਵਹਾਉਣੇ ਤੇ ਫਿਰ ਉਸਦੀ ਯਾਦ ਵਿਚ ਸੌ ਜਾਣਾ। ਉਸ ਮੁਹੱਬਤ ਵਿਚ ਕਿੰਨੀ ਬੇਬਸੀ, ਲਾਚਾਰੀ, ਤੜਪ ਤੇ ਬਿਰਹੋਂ ਹੁੰਦਾ ਹੈ। ਇਹੀ ਤੇ ਮੁਹੱਬਤ ਹੁੰਦੀ ਹੈ।

ਮੁਹੱਬਤ ਤੇ ਰੱਬ ਨਾਲ ਵੀ ਇਨਸਾਨ ਦੀ ਅਥਾਹ ਹੁੰਦੀ ਹੈ। ਮੁਹੱਬਤ ਦੀ ਇੰਤਹਾ ਕੋਈ ਨਹੀਂ ਪਾ ਸਕਦਾ। ਗੁਰਬਾਣੀ ਵਿਚ ਵੀ ਦਰਜ ਹੈ ..

(ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ।
ਧ੍ਰਿਗੁ ਜੀਵਣੁ ਸੰਸਾਰਿ
ਤਾ ਕੈ ਪਾਛੈ ਜੀਵਣਾ॥)

## ਧੀਆਂ ਬੇ-ਲਿਬਾਸ

ਉਨ੍ਹਾਂ ਗੀਤਕਾਰਾਂ ਨੂੰ ਹੈ ਅਰਦਾਸ
ਕਰਦੇ ਜਿਹੜੇ ਧੀਆਂ ਨੂੰ ਬੇ-ਲਿਬਾਸ
ਸਿਰ ਤੋਂ ਪੈਰਾਂ ਤੱਕ ਉਹ ਨਾਪਣ
ਲਿਖਾਰੀ ਨਹੀਂ ਪਟਵਾਰੀ ਜਿਵੇਂ ਉਹ ਜਾਪਣ
ਸੁਣ ਕੇ ਅੱਜ ਦੇ ਗੀਤ ਮਨ ਹੁੰਦਾ ਉਦਾਸ
ਕਰਦੇ ਜਿਹੜੇ ਧੀਆਂ ਨੂੰ ਬੇ-ਲਿਬਾਸ

ਅੱਖਾਂ, ਨੱਕ, ਬੁੱਲ੍ਹ ਨਾਲ ਲਿਖਦੇ ਪਰਾਂਦੇ
ਬੱਲੇ ਤੱਕ ਜਾਂਦਿਆਂ ਪੂਰੇ ਸਰੀਰ ਦੇ ਅੰਗ ਨੇ
ਗਿਣਾਉਂਦੇ
ਕੀ ਚਾਹੁੰਦੇ ਲਿਖਣਾ ਖੁਦ ਨੂੰ ਨਹੀਂ ਅਹਿਸਾਸ
ਦਿਲ ਦੁਖਦਾ ਬੜਾ ਕਿਉਂ ਧੀਆਂ ਕਰਦੇ ਬੇ-ਲਿਬਾਸ

ਧੀਆਂ-ਭੈਣਾਂ ਵੀ ਨੇ ਉਨ੍ਹਾਂ ਦੇ ਘਰ ਵਿਚ
ਲਿਖਦੇ ਕਿਉਂ ਨਹੀਂ ਉਨ੍ਹਾਂ ਦੇ ਜੱਸ ਵਿਚ
ਉਹ ਕੋਈ ਤਾਂ ਲਾਓ ਇਨ੍ਹਾਂ ਦੀ ਕਲਾਸ
ਕਰਦੇ ਜਿਹੜੇ ਨੇ ਇਹ ਧੀਆਂ ਬੇ-ਲਿਬਾਸ

'ਰੰਧਾਵਾ' ਹਟਦੇ ਨਹੀਂ ਤਾਂ ਹੱਟਜਾ ਇਨ੍ਹਾਂ ਨੂੰ ਸੁਣਨਾ
ਕਹਿ ਦੇ ਸਮਾਜ ਨੂੰ ਨਹੀਂ ਅਸੀਂ ਇਨ੍ਹਾਂ ਨੂੰ ਚੁਣਨਾ
'ਗੁਰਜਤਿੰਦਰ' ਨੂੰ ਤਾਂ ਚਿਰ ਤੋਂ ਹੈ ਇਹ ਅਹਿਸਾਸ
ਹੋਣ ਨਹੀਂ ਦੇਣਾ ਕਿਸੇ ਨੂੰ ਬੇ-ਲਿਬਾਸ।



-ਗੁਰਜਤਿੰਦਰ ਸਿੰਘ ਰੰਧਾਵਾ,
ਸੈਕਰਾਮੈਂਟੋ
916-320-9444
(Punjab Mail USA)

## ਨਾਕਾਮੀਆਂ

ਕੰਧਾਂ ਉੱਤੇ ਲਿਖਿਆ, ਪੜ੍ਹਿਆ ਨਾ ਗਿਆ,
ਹੱਡ ਬੀਤੀ ਦਾ ਦੁੱਖ ਵੀ, ਜਰਿਆ ਨਾ ਗਿਆ।

ਸੁਪਨੇ ਸੀ ਬੜੇ, ਪਰ ਸਾਕਾਰ ਨਾ ਹੋਏ,
ਤਾਬੀਰ ਦਾ ਦਰਸ ਵੀ, ਕਰਿਆ ਨਾ ਗਿਆ।

ਨਾ ਅੱਖਰ ਹੀ ਜੁੜੇ, ਨਾ ਬੰਦ ਹੀ ਬਣੇ,
ਪਿਆਰ ਦਾ ਕੋਈ ਗੀਤ, ਘੜਿਆ ਨਾ ਗਿਆ।

ਨਾ ਬਣੀ ਤਹਿਰੀਰ, ਕੋਈ ਮਨ ਭਾਉਂਦੀ,
ਬਹਿਰ ਦਾ ਲੜ ਕੋਈ, ਫੜਿਆ ਨਾ ਗਿਆ।

ਲਹਿਰਾਂ 'ਤੇ ਛੱਲਾਂ ਦੇ, ਬੜੇ ਝੱਲੇ ਦੁਫੇੜੇ,
'ਤੇ ਕਿਨਾਰੇ ਤਰਫ਼ ਕਦੀ, ਤਰਿਆ ਨਾ ਗਿਆ।

ਸ਼ਿਕਸ਼ਤਾਂ ਦੀਆਂ ਕੰਧਾਂ, ਦਰ ਕੰਧਾਂ ਹੀ ਮਿਲੀਆਂ,
ਮੰਜ਼ਿਲ 'ਤੇ ਪੈਰ ਕਦੀ, ਧਰਿਆ ਨਾ ਗਿਆ।

ਕਈ ਤਰੀਕੇ 'ਤੇ ਹਰਬੇ, ਲੱਖ ਵਰਤ ਕੇ ਦੇਖੇ,
ਕਾਮਯਾਬੀ ਦਾ ਕੋਈ ਪੌਡਾ, ਚੜ੍ਹਿਆ ਨਾ ਗਿਆ।

ਤੀਲੇ 'ਤੇ ਡੱਕੇ ਕਈ, ਰੱਖ ਬੁਣ ਕੇ ਤੱਕੇ,
ਸਿਰ ਢਕਣ ਲਈ ਆਲ੍ਹਣਾ, ਸਰਿਆ ਨਾ ਗਿਆ।

ਚੜ੍ਹਦੀਆਂ 'ਤੇ ਢਹਿੰਦੀਆਂ, ਸੋਚਾਂ ਦੇ ਸਹਾਰੇ,
ਰਿਸ਼ਤਾ ਸਫਲਤਾਵਾਂ ਨਾਲ, ਵਰਿਆ ਨਾ ਗਿਆ।

ਕੰਧਾਂ ਉੱਤੇ ਲਿਖਿਆ, ਪੜ੍ਹਿਆ ਨਾ ਗਿਆ,
ਹੱਡ ਬੀਤੀ ਦਾ ਦੁੱਖ ਵੀ, ਜਰਿਆ ਨਾ ਗਿਆ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)

## ਸਾਉਣ ਦੀ ਉਡੀਕ

ਚੜ੍ਹ ਪਿਆ ਹਾੜ੍ਹ ਨੇੜੇ ਆ ਗਿਆ ਸਾਉਣ ਨੀ।
ਸਾੜੇ ਹੋਏ ਧੁੱਪਾਂ ਦੇ ਬੂਟਿਆਂ ਨੂੰ ਨਹਾਉਣ ਨੀ।
ਚੱਲੇਗਾ ਦੱਖਣ ਬੱਝਵਾਂ ਕਈ ਕਈ ਦਿਨ ਹੁਣ।
ਪੱਛੋਂ ਵਲੋਂ ਕਾਲੀ ਘਟਾ ਉੱਠ ਲਾਊ ਰੁਣ ਝੁਣ।

ਸੜੀ ਹੋਈ ਧਰਤੀ ਚੂਸੇਗੀ ਪਾਣੀ ਸਰਿੰਜ ਭਰ।
ਛੱਡੂਗੀ ਹਵਾੜ੍ਹ ਜਿਉਂ ਜਲੀ ਹੋਈ ਝਿਗ ਪਰ।
ਰੜੇ ਭਿੱਜ ਜਾਣਗੇ ਗਰੀਬਾਂ ਦੇ ਕੱਪੜੇ 'ਤੇ ਚੁੱਲ੍ਹੇ।
ਚਾਰੋਂ ਪਾਸੇ ਠੰਢ ਹੋਊ ਆਉਣਗੇ ਹਵਾ ਦੇ ਬੁੱਲ੍ਹੇ।

ਜਲ ਥਲ ਇੱਕ ਹੋਊ ਬੋਲਣਗੇ ਡੱਡੂ ਤੇ ਬੀਂਡੇ।
ਬੂਟਿਆਂ ਉੱਤੇ ਜਵਾਨੀ ਹਰੇ ਹੋਣ ਸੁੱਕੇ ਝੀਂਡੇ।
ਸੱਪ ਸਪੋਲੀਏ ਠੂੰਹੇਂ ਤੇ ਗੰਡੋਏ ਟਹਿਲਣਗੇ।
ਬਿਜਲੀ ਚਮਕੂ ਤਾਂ ਬਾਗਾਂ 'ਚ ਮੋਰ ਬੋਲਣਗੇ।

ਨਵੀਂ ਉਮੀਦ ਹੁਣ ਚੇਹਰਿਆਂ 'ਤੇ ਜਾਗੇਗੀ।
ਕਾਮੇ ਕਿਸਾਨਾਂ ਦੀ ਭੀੜ ਖੇਤਾਂ ਵੱਲ ਭਾਗੇਗੀ।
ਰੱਖ ਦੇਣਗੇ ਜ਼ਮੀਨ ਨੂੰ ਆਟੇ ਵਾਂਗੂੰ ਗੁੰਨ੍ਹ ਕੇ।
ਲੱਗੇਗੀ ਪਨੀਰੀ ਧਰਤੀ ਵਿਚ ਤੁੰਨ੍ਹ ਤੁੰਨ੍ਹ ਕੇ।

ਚਰ੍ਹੀ ਮੂੰਗੀ ਬਾਜਰਾ ਮੱਕੀ ਵੀ ਬਿਜਾਣੀ ਹੈ।
ਕਮਾਦੀਆਂ ਉੱਤੇ ਭੀ ਚੜ੍ਹ ਜਵਾਨੀ ਆਣੀ ਹੈ।
ਚੱਲਣਗੇ ਇੰਜਣ ਦਿਨ ਰਾਤ ਹੋਊ ਧੁੱਕ ਧੁੱਕ।
ਡੀਜ਼ਲ ਦੀ ਕਮੀ ਹੋਊ ਪਾਣੀ ਭੀ ਜਾਊ ਮੁੱਕ।

ਇੰਝ ਹੀ ਸਾਉਣ ਭਾਦੋਂ ਦੇ ਮਹੀਨੇ ਲੰਘਣਗੇ।
ਰਾਤਾਂ ਨੂੰ ਮੰਜਿਆਂ 'ਤੇ ਮੱਛਰ ਹੋਰੀਂ ਡੰਗਣਗੇ।
ਫ਼ਸਲਾਂ ਦੇ ਚੱਕਰ ਦਾ ਰੌਲਾ ਪਾ ਕੇ ਥੱਕ ਗਏ।
ਪਰ ਅਸੀਂ ਬਣ ਢੀਠ ਟੀਂਡੇ ਵਾਂਗੂੰ ਪੱਕ ਗਏ।



ਸੇਵਾ ਸਿੰਘ 'ਨੂਰਪੁਰੀ'
(Punjab Mail USA)

## ਗੱਲ ਕਿਸਾਨਾ ਉਏ

ਲੱਗਦਾ ਮੇਲਾ ਹਰੇਕ ਛਿਮਾਹੀ ਯੂਨੀਵਰਸਿਟੀ ਵਿਚ,
ਆਉਂਦੇ ਨੇ ਜੱਟ ਚਾਈਂ ਚਾਈਂ ਯੂਨੀਵਰਸਿਟੀ ਵਿਚ,
ਮੇਲੇ ਵਿਚ ਤੈਨੂੰ ਦੱਸਣੀ ਕੰਮ ਦੀ ਗੱਲ ਕਿਸਾਨਾ ਉਏ।
ਖ਼ੁਦਕੁਸ਼ੀ ਨਹੀਂ ਕਿਸੇ ਮਸਲੇ ਦਾ ਹੱਲ ਕਿਸਾਨਾ ਉਏ।
ਚਾਦਰ ਦੇਖ ਕੇ ਜਿਹੜੇ ਆਪਣੇ ਪੈਰ ਪਸਾਰਦੇ ਨੇ,
ਜ਼ਿੰਦਗੀ ਦੀ ਉਹ ਜੰਗ ਕਦੇ ਵੀ ਨਹੀਂ ਹਾਰਦੇ ਨੇ,
ਬੜੇ ਕੀਮਤੀ ਜੀਵਨ ਦੇ ਇਹ ਪੱਲ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... .....।
ਦੱਬ ਕੇ ਵਾਹੁਣ ਦੀ ਨੀਤੀ ਹੁਣ ਹੋ ਗਈ ਪੁਰਾਣੀ ਹੈ,
ਖੇਤੀ ਅਕਲਾਂ ਸੇਤੀ ਦੀ ਚੱਲ ਪਈ ਕਹਾਣੀ ਹੈ।
ਇਸ ਕਹਾਣੀ ਦੇ ਪਾਤਰ ਮਾਰਨ ਮੱਲ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... .....।
ਢੰਗ-ਤਰੀਕੇ ਬਦਲ ਗਏ ਨੇ ਅੱਜਕੱਲ੍ਹ ਦੀ ਵਾਹੀ ਦੇ,
ਇਨ੍ਹਾਂ ਤੋਂ ਬਿੰਨ ਬਰਕਤ ਨਹੀਂ ਹੈ ਵਿਚ ਕਮਾਈ ਦੇ,
ਬਿਨਾ ਕਮਾਈ ਬਣਦੀ ਨਾ ਕੋਈ ਭੱਲ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... .....।
ਲਾਹੇਵੰਦ ਬਣਾਉਣਾ ਜੇਕਰ ਹਾੜ੍ਹੀ ਸਾਉਣੀ ਨੂੰ,
ਹਿੰਮਤ ਕਰਕੇ ਪਊ ਹੋਕਣਾ ਕਿਸੇ ਅਣਹੋਣੀ ਨੂੰ,
ਦੁੱਖ਼ ਤਕਲੀਫ਼ਾਂ ਹੁੰਦੀਆਂ ਕਈ ਅਟੱਲ ਕਿਸਾਨਾਂ ਉਏ।
ਖ਼ੁਦਕੁਸ਼ੀ.... .... .... .... .... .... .....।
ਉੱਤਮ ਜੂਨ ਮਨੁੱਖ ਦੀ ਹੁੰਦੀ ਲੱਖ ਚੁਰਾਸੀ 'ਚੋਂ,
ਖ਼ੁਸ਼ੀਆਂ ਦਾ ਸਿਰਨਾਵਾਂ ਲੱਭਣਾ ਪਊ ਉਦਾਸੀ 'ਚੋਂ,
ਅੱਜ ਨਹੀਂ ਤਾਂ ਲੱਭਣਾ ਪਊਗਾ ਕੱਲ੍ਹ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... .....।
ਸਾਦੇ ਵਿਆਹ ਤੇ ਸਾਦੇ ਭੋਗ ਦੀ ਆਵਾਜ਼ ਬੁਲੰਦ ਹੋਈ,
ਸੁਣੀ ਜਿਨ੍ਹਾਂ ਕੰਨ ਲਾ ਕੇ ਹੈ ਬੜੀ ਫ਼ਾਇਦੇਮੰਦ ਹੋਈ,
ਫਜ਼ੂਲ ਖਰਚ ਨੂੰ ਪਾਉਣ ਲੱਗੀ ਇਹ ਠੱਲ੍ਹ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... .....।
ਬਿੰਨ ਆਈ ਤੋਂ ਮਰਨਾ ਇਹ ਹੈ ਕਾਰ ਬੁਜ਼ਦਿਲਾਂ ਦੀ,
'ਚੋਹਲਾ' ਲੱਗਦੀ ਬੇੜੀ ਨਾ ਕਦੇ ਪਾਰ ਬੁਜ਼ਦਿਲਾਂ ਦੀ,
'ਬੱਗੇ' ਕੋਲੋਂ ਸਿੱਖ ਲੈ ਜੀਣ ਦਾ ਵਲ ਕਿਸਾਨਾ ਉਏ।
ਖ਼ੁਦਕੁਸ਼ੀ ਨਹੀਂ ਕਿਸੇ ਮਸਲੇ ਦਾ ਹੱਲ ਕਿਸਾਨਾ ਉਏ।

-ਰਮੇਸ਼ ਬੱਗਾ ਚੋਹਲਾ, ਲੁਧਿਆਣਾ
ਮੋਬ : 94631-32719
(Punjab Mail USA)

## ਕਰਮ

ਬੰਦਿਆ ਕਰਮ ਕਮਾਣਾ ਸਿੱਖ।
ਹੱਕ ਆਪਣੇ ਦਾ ਖਾਣਾ ਸਿੱਖ।

ਦੁੱਖਾਂ ਨੂੰ ਨਿੱਤ ਵੱਢੀ ਨਾ ਜਾਹ,
ਨਵੇਂ ਰੁੱਖ ਵੀ ਲਾਣਾ ਸਿੱਖ।

ਸੁੱਖਾਂ ਨੂੰ ਹਰ ਵੇਲੇ ਨਾ ਰੋ,
ਦੁੱਖ ਵੀ ਕਦੇ ਹੰਢਾਣਾ ਸਿੱਖ।

ਆਪਣਿਆਂ ਲਈ ਹਰ ਕੋਈ ਕਰਦਾ,
ਦੂਜਿਆਂ ਦੇ ਕੰਮ ਆਣਾ ਸਿੱਖ।

ਹਾਏ-ਹਾਏ ਨਾ ਜਾਹ ਕਰੀ ਹਮੇਸ਼ਾ,
ਰੱਬ ਦਾ ਮੰਨਣਾ ਭਾਣਾ ਸਿੱਖ।

ਆਕੜ ਦੇ ਵਿਚ ਕੁੱਝ ਨ੍ਹੀਂ ਰੱਖਿਆ,
ਰੁੱਸਿਆਂ ਤਾਂਈਂ ਮਨਾਣਾ ਸਿੱਖ।

ਜੋ ਜੀਅ ਕੀਤਾ ਖਾਈ ਨਾ ਜਾਹ,
ਪੌਸ਼ਟਿਕ ਭੋਜਨ ਖਾਣਾ ਸਿੱਖ।

ਦੁਨੀਆਂ ਲਈ ਨਾ ਕਰੀਂ ਦਿਖਾਵਾ,
ਆਪਣੀ ਸੁਰਤ ਟਿਕਾਣਾ ਸਿੱਖ।

'ਨਾਗਰਾ' ਸਾਨੂੰ ਦੇਅ ਨਾ ਮੱਤਾਂ,
ਖ਼ੁਦ ਵੀ ਪੁੰਨ ਕਮਾਣਾ ਸਿੱਖ।



ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀ', ਯੂਬਾ ਸਿਟੀ
ਫੋਨ: +1-360-448-1989
(Punjab Mail USA)

## ਅੱਲ੍ਹਾ ਰਾਮ ਵਾਹਿਗੁਰੂ...

ਅੱਲ੍ਹਾ ਰਾਮ ਵਾਹਿਗੁਰੂ ਈਸਾ, ਸਭ ਨੂੰ ਇਹ ਸਮਝਾਂਦਾ ਹੈ।
ਬੁਰੇ ਕੰਮਾ ਤੋਂ ਬਚ ਜਾ ਬੰਦਿਆ, ਜੇ ਕਰ ਬਚਿਆ ਜਾਂਦਾ ਹੈ।
ਆਇਆ ਦੇਖ ਜ਼ਮਾਨਾ ਕੈਸਾ, ਨਾ ਕੋਈ ਬਚਿਆ ਐਸਾ ਵੈਸਾ।
ਜੱਗ ਦੀ ਕੀਮਤ ਰਹਿ ਗਿਆ ਪੈਸਾ, ਜੋ ਨਾ ਸਾਥ ਨਿਭਾਂਦਾ ਹੈ।
ਬੁਰੇ ਕੰਮਾਂ ਤੋਂ ਬਚ ਜਾ ਬੰਦਿਆ, ਜੇ ਕਰ ਬਚਿਆ ਜਾਂਦਾ ਹੈ।
ਭੁੱਲ ਗਏ ਸਭ ਰਿਸ਼ਤੇ ਨਾਤੇ, ਰਹਿ ਗਏ ਖਾਂਦੇ ਬੈਂਕ ਦੇ ਖਾਤੇ।
ਮਿਲਣਾ ਜੋ ਕੁਝ ਲਿਖਿਆ ਮਾਥੇ, ਪਰ ਇਹ ਨਹੀਂ ਸੁਖਾਂਦਾ ਹੈ।
ਬੁਰੇ ਕੰਮਾਂ ਤੋਂ ਬਚ ਜਾ ਬੰਦਿਆ, ਜੇ ਕਰ ਬਚਿਆ ਜਾਂਦਾ ਹੈ।



-ਸਤਨਾਮ ਸਿੰਘ ਦਰਦੀ ਚਾਨੀਆਂ-
ਜਲੰਧਰ
92569-73526
(Punjab Mail USA)

## "ਸਾਵਣ ਆਇਆ ਸਾਵਣ ਆਇਆ"

ਸਾਵਣ ਆਇਆ ਸਾਵਣ ਆਇਆ
ਮੌਨਸੂਨ ਵੀ ਨਾਲ ਲਿਆਇਆ

ਮਸਤੀ ਖੂਬ ਮਨਾਈਏ ਬੱਚਿਉ।
ਮੀਂਹ ਦੇ ਵਿਚ ਨਹਾਈਏ ਬੱਚਿਉ।

ਗਰਮੀ ਤੋਂ ਕੁੱਝ ਮਿਲੀ ਹੈ ਰਾਹਤ
ਸਾਵਣ ਦਾ ਸਭ ਕਰੋ ਸਵਾਗਤ

ਗੀਤ ਪਿਆਰ ਦੇ ਗਾਈਏ ਬੱਚਿਉ।
ਮੀਂਹ ਦੇ ਵਿਚ ਨਹਾਈਏ ਬੱਚਿਉ।

ਸੌਣ ਮਹੀਨੇ ਲੱਗਦੀਆਂ ਤੀਆਂ
ਗਿੱਧਾ ਪਾਵਣ ਭੈਣਾਂ ਧੀਆਂ

ਪਿੱਪਲੀਂ ਪੀਂਘਾਂ ਪਾਈਏ ਬੱਚਿਉ।
ਮੀਂਹ ਦੇ ਵਿਚ ਨਹਾਈਏ ਬੱਚਿਉ।

ਚੌਗਿਰਦੇ ਨੂੰ ਸੁੰਦਰ ਬਣਾਉਣਾ
ਸਭ ਨੇ ਇੱਕ ਇੱਕ ਬੂਟਾ ਲਾਉਣਾ

ਅੰਬ ਜਾਮਣਾ ਖਾਈਏ ਬੱਚਿਉ।
ਮੀਂਹ ਦੇ ਵਿਚ ਨਹਾਈਏ ਬੱਚਿਉ।


ਕਿਸ਼ਤੀਆਂ ਕਾਗਜ਼ ਦੀਆਂ ਬਣਾਕੇ
ਤੈਰ ਦੇਈਏ ਪਾਣੀ ਵਿਚ ਜਾਕੇ

ਮੋਬਾਇਲ ਘੱਟ ਚਲਾਈਏ ਬੱਚਿਉ।
ਮੀਂਹ ਦੇ ਵਿਚ ਨਹਾਈਏ ਬੱਚਿਉ।

ਮਾਸਟਰਾਂ ਦਾ ਸਤਿਕਾਰ ਹੈ ਕਰਨਾ
"ਮਲਕੀਤ ਗਿੱਲ" ਮਨ ਲਾਕੇ ਪੜ੍ਹਨਾ
ਸਕੂਲ ਸਮੇਂ ਸਿਰ ਜਾਈਏ ਬੱਚਿਉ।
ਮੀਂਹ ਦੇ ਵਿਚ ਨਹਾਈਏ ਬੱਚਿਉ।



ਮਲਕੀਤ ਸਿੰਘ ਗਿੱਲ
(ਭੱਠਲਾਂ)
79865-28225
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567